


ਅਜਮੇਰ ਸਿੰਘ ਔਲਖ

# ਬਗਾਨੇ ਬੋਹੜ ਦੀ ਛਾਂ



Pb
891.422
Au 51 B

ਇਸ ਕਲਮ ਤੋਂ ਹੋਰ ਰਚਨਾਵਾਂ:

ਪੂਰੇ ਨਾਟਕ:

ਭੱਜੀਆਂ ਬਾਹਾਂ
ਸੱਤ ਬਗਾਨੇ
ਕਿਹਰ ਸਿੰਘ ਦੀ ਮੌਤ
ਸਲਵਾਨ
ਇੱਕ ਸੀ ਦਰਿਆ
ਝਨਾਂ ਦੇ ਪਾਣੀ
ਨਿੱਕੇ ਸੂਰਜਾਂ ਦੀ ਲੜਾਈ
ਨਿਉਂ-ਜੜ੍ਹ
ਅਵੇਸਲੇ ਯੁੱਧਾਂ ਦੀ ਨਾਇਕਾ

ਲਘੂ ਤੇ ਇਕਾਂਗੀ ਨਾਟਕ:

ਅਰਬਦ ਨਰਬਦ ਧੁੰਧੂਕਾਰਾ
ਬਗਾਨੇ ਬੋਹੜ ਦੀ ਛਾਂ
ਅੰਨ੍ਹੇ ਨਿਸ਼ਾਨਚੀ
ਮੇਰੇ ਚੋਣਵੇਂ ਇਕਾਂਗੀ
ਗਾਨੀ
ਇਸ਼ਕ ਬਾਝ ਨਮਾਜ ਦਾ ਹੱਜ ਨਾਹੀ

# ਬਗਾਨੇ ਬੋਹੜ ਦੀ ਛਾਂ

(ਨਾਟਕ)

ਅਜਮੇਰ ਸਿੰਘ ਔਲਖ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

***Begane Bohar Di Sha'n***

*Play by:*
**Ajmer Singh Aulakh ©**
LOK KALA MANCH
MANSA

*Published by :*
**Chetna Parkashan**
Punjabi Bhawan, Ludhiana Ph. 0161-2413613, 2404928
Sub Off. : Qila Road, Opp. Bus Stand, Kotkapura. Ph. : 01635-222651
*Website : www.chetnaparkashan.com*
*E-mail : chetnaparkashan@sify.com, chetnaparkashan@gmail.com*

**ISBN 978-81-7883-576-1**

Acc. No. 131748
Date 16/05/2011

ਸੰਸਕਰਣ 2009

ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ। ਫ਼ੋਨ 2413613, 2404928

ਛਾਪਕ ਆਰ. ਕੇ. ਆਫ਼ਸੈੱਟ, ਦਿੱਲੀ।

ਮੁੱਲ **75 ਰੁਪਏ**

Library IIAS, Shimla
Pb 891.422 Au 51 B
00131748

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means electronic, mechanical, photo copying, recording or otherwise, without the prior written permission of both the copyright owner and the publisher of this book.*

**ਸਮਰਪਣ**

ਸੁਪਨਦੀਪ ਨੂੰ

# ਤਰਤੀਬ


| | | |
|---|---|---|
| ਐਵੇਂ ਦੋ ਕੁ ਗੱਲਾਂ | ........................................ | 7 |
| ਬਗਾਨੇ ਬੋਹੜ ਦੀ ਛਾਂ | ........................................ | 9 |
| ਸੁੱਕੀ ਕੁੱਖ | ........................................ | 37 |
| ਇਕ ਰਮਾਇਣ ਹੋਰ | ........................................ | 67 |
| ਭੱਠ ਖੇੜਿਆਂ ਦਾ ਰਹਿਣਾ | ........................................ | 86 |

# ਐਵੇਂ ਦੋ ਕੁ ਗੱਲਾਂ

ਪਿਆਰੇ ਪਾਠਕੋ ! ਰੰਗ ਪ੍ਰੇਮੀਓ ਤੇ ਆਲੋਚਕੋ ! ਐਵੇਂ ਦੋ ਕੁ ਸਰਸਰੀ ਜਿਹੀਆਂ ਗੱਲਾਂ ਤੁਹਾਡੇ ਨਾਲ਼ ਕਰਨਾ ਚਾਹੁੰਦਾ ਹਾਂ। ਇਹ ਗੱਲਾਂ ਨਾ ਹੀ ਮੇਰੇ ਨਾਟਕਾਂ ਦੇ ਵਿਸ਼ੇ-ਵਸਤੂ ਬਾਰੇ ਹਨ ਅਤੇ ਨਾ ਹੀ ਤਕਨੀਕ ਬਾਰੇ ਨਾ ਹੀ ਨਾਟਕ-ਸਿਧਾਂਤ ਬਾਰੇ ਭਾਸ਼ਣ ਝਾੜ ਕੇ ਆਪਣੇ ਆਪ ਨੂੰ 'ਵਿਦਵਾਨ' ਸਮਝਣ ਦਾ ਭੁਲੇਖਾ ਖਾਣ ਦੀ ਮੇਰੀ ਕੋਈ ਇੱਛਾ ਹੈ। ਮੈਨੂੰ ਪਤਾ ਹੈ ਅਜਿਹੀਆਂ ਗੱਲਾਂ ਸੁਣ ਕੇ ਪਿੱਛੋਂ ਤੁਹਾਨੂੰ 'ਮੁਸਕੜੀਏਂ' ਹੱਸਣ ਦੀ 'ਭੈੜੀ' ਬਾਣ ਹੈ।

ਸਭ ਤੋਂ ਪਹਿਲਾਂ ਤੁਹਾਡਾ ਸਭ ਦਾ ਧੰਨਵਾਦ ਹਾਜ਼ਰ ਹੈ ਜਿਨ੍ਹਾਂ ਨੇ ਮੇਰੇ ਨਾਟਕਾਂ, ਉਨ੍ਹਾਂ ਦੀ ਪੇਸ਼ਕਾਰੀ ਦੀ ਰੱਜ ਕੇ ਸ਼ਲਾਘਾ ਵੀ ਕੀਤੀ ਹੈ ਤੇ ਉਸਾਰੂ ਆਲੋਚਨਾ ਵੀ। ਇਸ ਤਰ੍ਹਾਂ ਮੇਰਾ ਤੁਹਾਡੇ ਸਾਰਿਆਂ ਨਾਲ਼ ਇਕ ਸਦੀਵੀ ਤੇ ਅਟੁੱਟ ਰਿਸ਼ਤਾ ਜੁੜ ਗਿਆ ਹੈ। ਤੁਸੀਂ ਮੇਰੀ ਪਹਿਲੀ ਨਾਟਕ ਪੁਸਤਕ ਨੂੰ ਹੀ ਮਾਰਕੀਟ ਵਿਚੋਂ 'ਗਾਇਬ' ਕਰ ਦਿੱਤਾ ਹੈ। ਇਕ ਨਵੇਂ 'ਲੇਖਕ' ਲਈ ਇਸ ਤੋਂ ਵੱਧ ਧਰਵਾਸ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ ? 'ਸਾਹਿਤ ਸਮੀਖਿਆ ਬੋਰਡ' ਤੇ 'ਪੰਜਾਬ ਸਾਹਿਤ ਅਕਾਦਮੀ' ਵਲੋਂ ਜੋ 'ਅਰਬਦ ਨਰਬਦ ਧੁੰਧੂਕਾਰਾ' ਨੂੰ ਸਨਮਾਨਿਆ ਗਿਆ ਹੈ, ਉਹ ਤੁਹਾਡੇ ਮੋਹ-ਪਿਆਰ ਦਾ ਹੀ ਦਿੱਤਾ ਸਨਮਾਨ ਹੈ।

ਮੈਂ ਆਪਣੀ ਇਸ ਹੱਥਲੀ ਪੁਸਤਕ ਦਾ ਨਾਂ 'ਬਗਾਨੇ ਬੋਹੜ ਦੀ ਛਾਂ' ਰੱਖਿਆ ਹੈ। ਇਹ ਨਾਟਕ 'ਅਰਬਦ ਨਰਬਦ ਧੁੰਧੂਕਾਰਾ' ਪੁਸਤਕ ਵਿਚ 'ਬਗਾਨੇ ਰੁੱਖ ਦੀ ਛਾਂ' ਹੇਠ ਛਪਿਆ ਸੀ। ਪਰ ਇਹ ਨਾਟਕ ਜਦੋਂ ਕਦੋਂ ਵੀ, ਜਿਥੇ ਕਿਤੇ ਵੀ ਤੇ ਜਿਸ ਕਿਸੇ ਨੇ ਵੀ ਖੇਡਿਆ, ਤਾਂ 'ਬਗਾਨੇ ਬੋਹੜ ਦੀ ਛਾਂ' ਨਾਂ ਹੇਠ ਹੀ ਖੇਡਿਆ। ਹੋਰ ਤਾਂ ਹੋਰ ਮੇਰੀ ਜਾਣ-ਪਹਿਚਾਣ ਵੀ 'ਬਗਾਨੇ ਬੋਹੜ ਦੀ ਛਾਂ ਵਾਲਾ ਔਲਖ' ਕਹਿ ਕੇ ਕਰਵਾਈ ਜਾਣ ਲੱਗੀ। ਸੋ ਇਸ ਕਿਤਾਬ ਦਾ ਨਾਂ ਵੀ ਇਸੇ ਨਾਟਕ ਦੇ ਨਾਂ 'ਤੇ ਰੱਖ ਦਿੱਤਾ ਹੈ।

ਇਸ ਸੰਗ੍ਰਹਿ ਵਿਚ ਇਹ ਨਾਟਕ ਤਿਆਰ ਕਰਵਾਉਂਦੇ ਨਿਰਦੇਸ਼ਕਾਂ ਅਤੇ ਖੇਡਦੇ ਕਲਾਕਾਰਾਂ ਨੂੰ ਕਰਨੀ ਹੈ। ਬੇਨਤੀ ਇਹ ਹੈ ਕਿ ਮੇਰੇ ਨਾਟਕ, ਵਿਸ਼ੇਸ਼ ਤੌਰ ਤੇ ਪੇਂਡੂ ਜੀਵਨ ਨੂੰ ਵਿਸ਼ਾ ਬਣਾ ਕੇ ਲਿਖੇ ਗਏ ਨਾਟਕ, ਉਹ ਨਿਰਦੇਸ਼ਕ ਹੀ ਤਿਆਰ ਕਰਵਾਉਣ ਜੋ ਨਾਟਕ ਵਿਚਲੀ ਬੁਨਿਆਦੀ ਸਮੱਸਿਆ, ਉਸਦੇ ਆਰਥਿਕ, ਸਮਾਜਿਕ ਤੇ ਸਭਿਆਚਾਰਕ

ਟਕਰਾਉ ਨੂੰ ਸਮਝਦੇ ਹੋਣ, ਉਸ ਪ੍ਰਤੀ ਗੰਭੀਰ ਹੋਣ। ਨਹੀਂ ਤਾਂ ਨਾਟਕ, ਨਾਟਕ ਨਾ ਰਹਿ ਕੇ 'ਤਮਾਸ਼ਾ' ਬਣਨ ਦੀ ਵਧੇਰੇ ਸੰਭਾਵਨਾ ਹੈ।

'ਅਰਬਦ ਨਰਬਦ ਧੁੰਧੂਕਾਰਾ' ਨਾਟਕ ਸੰਗ੍ਰਹਿ ਵਿਚ ਕਾਵਿ-ਇਕਾਂਗੀ 'ਬਾਲ ਨਾਥ ਦੇ ਟਿੱਲੇ 'ਤੇ' ਵਿਚ ਕੁਝ ਕਾਵਿ ਸਤਰਾਂ ਵਾਰਿਸ ਸ਼ਾਹ ਦੀਆਂ ਹਨ, ਕੁਝ ਸਵਰਗੀ ਸ੍ਰੀ ਸ਼ਿਵ ਬਟਾਲਵੀ ਜੀ ਦੀਆਂ ਅਤੇ ਬਾਕੀ ਮੇਰੀਆਂ ਆਪਣੀਆਂ। ਪ੍ਰਕਾਸ਼ਕ ਤੋਂ ਕਿਸੀ ਕਾਰਨ ਫੁਟ-ਨੋਟ ਵਿਚ ਇਸ ਸਬੰਧੀ ਟਿੱਪਣੀ ਛਪਣੋ ਰਹਿ ਗਈ ਸੀ। ਇਸ ਲਈ ਖ਼ਿਮਾਂ...!

ਲੋਕ ਕਲਾ ਮੰਚ,
ਮਾਨਸਾ - 151505

ਤੁਹਾਡਾ ਆਪਣਾ
**ਅਜਮੇਰ ਸਿੰਘ ਔਲਖ**

# ਬਗਾਨੇ ਬੋਹੜ ਦੀ ਛਾਂ

ਜਨਮ ਧਾਰਿਆ ਢਿੱਡ ਦੀ ਲੋੜ ਵਿਚੋਂ
ਮਰ ਜਾਣਗੇ ਢਿੱਡ ਦੀ ਲੋੜ ਥੱਲੇ
ਘੜੀ ਸੁੱਖ ਦੀ ਭਾਲ਼ਦੇ ਭਲਾ ਕਿੱਥੋਂ
ਜਿਹੜੇ ਰਹਿਣ ਬਗਾਨੜੇ ਬੋਹੜ ਥੱਲੇ ?

## ਪਾਤਰ

| | | |
|---|---|---|
| ਗੱਜਣ ਸਿੰਘ | : | ਛੋਟਾ ਕਿਸਾਨ, ਉਮਰ ਪੰਜਾਹ ਕੁ ਸਾਲ |
| ਗੁਰਨਾਮ ਕੁਰ | : | ਗੱਜਣ ਸਿੰਘ ਦੀ ਘਰਵਾਲੀ, ਉਮਰ ਪੰਤਾਲੀ ਕੁ ਸਾਲ |
| ਗੇਲਾ | : | ਗੱਜਣ ਦਾ ਛੋਟਾ ਭਾਈ, ਉਮਰ ਪੈਂਤੀ ਕੁ ਸਾਲ |
| ਸੀਤੋ | : | ਗੇਲੇ ਦੀ ਘਰਵਾਲੀ, ਉਮਰ ਪੈਂਤੀ ਸਾਲ |
| ਪੀਤਾ ਅਮਲੀ | : | ਉਮਰ ਚਾਲ਼ੀ ਸਾਲ |
| ਬਿਸ਼ਨੀ ਬੁੜ੍ਹੀ | : | ਉਮਰ ਅੱਸੀ ਸਾਲ |
| ਦੌਲਾ | : | ਉਮਰ ਚਾਲੀ ਸਾਲ |
| ਦੌਲੇ ਦਾ ਮੁੰਡਾ | : | ਉਮਰ ਅੱਠ ਨੌਂ ਸਾਲ |
| ਕਾਸ਼ੀ ਰਾਮ | : | ਪਿੰਡ ਦਾ ਸੂਦ-ਖੋਰ ਸੇਠ, ਉਮਰ ਪੰਜਾਹ ਸਾਲ |
| ਬਿੰਦਰ | : | ਗੱਜਣ ਦਾ ਛੋਟਾ ਮੁੰਡਾ, ਉਮਰ ਸਤਾਰਾਂ ਸਾਲ |
| ਜੀਤੋ | : | ਗੱਜਣ ਸਿੰਘ ਦੀ ਕੁੜੀ, ਉਮਰ ਵੀਹ ਸਾਲ |
| ਟਹਿਲਾ | : | ਗੱਜਣ ਸਿੰਘ ਦਾ ਵੱਡਾ ਮੁੰਡਾ, ਉਮਰ 25 ਸਾਲ |

*ਮੰਚ ਤੇ ਪਿੱਛੇ ਥੋੜ੍ਹਾ ਸੱਜੇ ਪੰਜਾਬ ਦੇ ਛੋਟੇ ਕਿਸਾਨ ਘਰ ਦਾ ਇਕ ਵੱਡਾ ਤੇ ਚੌੜਾ ਬੂਹਾ ਹੈ। ਉਸ ਤੋਂ ਪਿੱਛੇ ਛੋਟਾ ਜਿਹਾ ਵਿਹੜਾ ਹੈ ਜੋ ਬੂਹੇ ਰਾਹੀਂ ਥੋੜ੍ਹਾ ਜਿਹਾ ਦੀਂਹਦਾ ਵੀ ਹੈ। ਵਿਹੜੇ ਤੋਂ ਪਿੱਛੇ ਘਰ ਦੋ ਹਿੱਸਿਆ ਵਿਚ ਵੰਡਿਆ ਹੋਇਆ ਹੈ ਜੋ ਦਰਸ਼ਕਾਂ ਨੂੰ ਦਿਖਾਈ ਨਹੀਂ ਦਿੰਦਾ। ਵੱਡੇ ਬੂਹੇ ਦੇ ਮੂਹਰੇ ਵਾਹਵਾ ਖੁੱਲ੍ਹੀ ਥਾਂ ਹੈ, ਜੋ ਪਿੰਡ ਦੀ ਸ਼ਾਮਲਾਟ ਹੈ। ਇਨ੍ਹਾਂ ਘਰਾਂ-ਵਾਲਿਆਂ ਨੇ ਆਪਣੀ ਸਹੂਲਤ ਵਜੋਂ 'ਬੈਠਣ-ਉੱਠਣ' ਲਈ ਇਹ ਸ਼ਾਮਲਾਟ ਵਰਤਣੀ ਸ਼ੁਰੂ ਕੀਤੀ ਹੋਈ ਹੈ।*

*ਮੰਚ ਦੇ ਸੱਜੇ ਪਾਸੇ ਇਕ ਸਰਦੇ-ਪੁਜਦੇ ਜ਼ਿਮੀਂਦਾਰ ਦੀ ਹਵੇਲੀ ਦਾ ਪਿਛਵਾੜਾ ਹੈ। ਪਿਛਵਾੜੇ ਦੀ ਮੰਚ ਵਾਲੀ ਕੰਧ ਪੱਕੀ ਦਿਖਾਈ ਦਿੰਦੀ ਹੈ। ਕੰਧ ਉੱਤੋਂ ਦੀ ਪਿਛਵਾੜੇ ਵਿਚ ਖੜ੍ਹਾ ਬੋਹੜ ਦਿਖਾਈ ਦਿੰਦਾ ਹੈ। ਬੋਹੜ ਦੀ ਪੈਂਦੀ 'ਛਾਂ' ਦੇ ਲਾਲਚ ਸਦਕਾ ਹੀ ਪਿਛਲੇ ਘਰਵਾਲਿਆਂ ਨੇ ਸਾਹਮਣੇ ਦੀ ਸ਼ਾਮਲਾਟ ਨੂੰ ਵਰਤਣਾ ਸ਼ੁਰੂ ਕੀਤਾ ਹੋਇਆ ਹੈ।*

*ਮੰਚ ਦੇ ਖੱਬੇ ਪਾਸੇ, ਥੋੜ੍ਹਾ ਕੁ ਅੱਗੇ ਕਰ ਕੇ, ਇਕ ਬੈਠਣ ਦਾ ਕੰਮ ਦਿੰਦਾ ਖੁੰਢ ਪਿਆ ਹੈ।*

*ਜਦੋਂ ਪਰਦਾ ਉਠਦਾ ਹੈ ਤਾਂ ਨਾਲ਼ ਦੀ ਨਾਲ਼ ਪਿਛੋਕੜ 'ਚੋਂ ਹੇਕ ਉਭਰਦੀ ਹੈ:*

ਜਨਮ ਧਾਰਿਆ ਢਿੱਡ ਦੀ ਲੋੜ ਵਿਚੋਂ
ਮਰ ਜਾਣਗੇ ਢਿੱਡ ਦੀ ਲੋੜ ਥੱਲੇ।
ਘੜੀ ਸੁੱਖ ਦੀ ਭਾਲ਼ਦੇ ਭਲਾ ਕਿੱਥੋਂ
ਜਿਹੜੇ ਰਹਿਣ ਬਗਾਨੜੇ ਬੋਹੜ ਥੱਲੇ ?

*ਇਸ ਹੇਕ ਦੇ ਦੌਰਾਨ ਬਿੰਦਰ ਪਿਛਲੇ ਬੂਹਿਓਂ ਮੰਜਾ ਕੱਢਣ ਦੀ 'ਸਟਿਲ' ਸਥਿਤੀ 'ਚ ਖੜ੍ਹਾ ਹੁੰਦਾ ਹੈ ਅਤੇ ਗੱਜਣ ਸੋਟੀ ਸਹਾਰੇ ਉਤਾਂਹ ਵੱਲ ਝਾਕਦਾ ਹੋਇਆ। ਗੱਜਣ ਦੀ ਖੱਬੀ ਲੱਤ ਸੱਟ ਲੱਗਣ ਕਾਰਨ ਬੰਨ੍ਹੀ ਹੋਈ ਹੈ। ਹੇਕ ਦੇ ਖ਼ਤਮ ਹੁੰਦਿਆਂ ਹੀ ਬਿੰਦਰ ਛਾਂ ਵਾਲੀ ਥਾਂ ਉੱਤੇ ਮੰਜਾ ਡਾਹੁੰਦਾ ਹੈ।*

ਗੱਜਣ : *ਬਿੰਦਰ ਨੂੰ ਲੈ ਸ਼ੇਰ* ਬੱਗਿਆ, ਪਾਣੀ ਦੀ ਗੜਬੀ ਵੀ ਧਰ-ਜਾ ਹੁਣ ਲਗਦੇ ਹੱਥ।

*ਬਿੰਦਰ ਅੰਦਰ ਜਾਂਦਾ ਹੈ। ਗੱਜਣ 'ਵਾਖਰੂ ਸੱਚਿਆ ਪਾਤਸ਼ਾਹਾ, ਤੰਦਰੁਸਤੀਆਂ ਬਖ਼ਸ਼ੀਂ' ਕਹਿੰਦਾ-ਕਹਿੰਦਾ ਮੰਜੇ ਉੱਤੇ ਠੀਕ ਹੋ ਕੇ ਬੈਠਦਾ ਹੈ। ਬਿੰਦਰ ਪਾਣੀ ਦੀ ਗੜਬੀ ਲਿਆ ਕੇ ਮੰਜੇ ਦੇ ਸਰ੍ਹਾਣੇ ਰੱਖਦਾ ਹੈ।*

ਬਸ ਜਿਉਂਦਾ ਰਹਿ ਸ਼ੇਰਾ! *ਬਿੰਦਰ ਫੇਰ ਅੰਦਰ ਵੱਲ ਨੂੰ ਜਾਂਦਾ ਹੈ। ਗੱਜਣ ਉਸ ਨੂੰ ਯਾਦ ਕਰਾਉਣ ਹਿੱਤ ਪਿਛੋਂ* ਓ ਭਾਈ ਬਿੰਦਰਾ, ਟਹਿਲੇ ਦੀ ਰੋਟੀ ਥੋੜ੍ਹਾ ਜਿਆ ਛੋਹ ਨਾਲ਼ ਲੈ ਜਿਓ। ਕਿਹੜੇ ਵੇਲ਼ਿਆਂ ਦਾ ਗਿਐ ਪਾਣੀ ਲਾਉਣ, ਭੁੱਖਾ ਹੋਊ ਵਚਾਰਾ।

*ਬਿੰਦਰ ਸੁਣੀ-ਅਣਸੁਣੀ ਕਰਕੇ ਅੰਦਰ ਚਲਿਆ ਜਾਂਦਾ ਹੈ। ਗੱਜਣ ਗੜਬੀ ਚੁੱਕ ਕੇ ਹੱਥ ਧੋਂਦਾ ਹੈ, ਪਰਨੇ ਨਾਲ਼ ਹੱਥ ਪੂੰਝ ਕੇ ਗੁਟਕਾ ਖੋਲ੍ਹਦਾ ਅਤੇ ਮੂੰਹ ਵਿਚ ਪੜ੍ਹਨ ਲੱਗ ਪੈਂਦਾ ਹੈ। ਥੋੜ੍ਹੇ ਚਿਰ ਪਿਛੋਂ ਮੁੜ੍ਹਕੋ-ਮੁੜ੍ਹਕੀ ਹੋਇਆ ਪੀਤਾ ਅਮਲੀ ਆਉਂਦਾ ਹੈ। ਉਸ ਦੇ ਹੱਥ ਵਿਚ ਚਿਲਮ ਹੈ।*

ਪੀਤਾ : *ਆਉਂਦਾ ਆਉਂਦਾ ਹੀ* ਅੱਗ ਕੀ ਵਰ੍ਹਦੀ ਹੈ ਚਾਚਾ ਸਿਆਂ, ਬਸ ਪੁੱਛ ਈ ਕੁਸ਼ ਨਾ! *ਖੁੰਢ ਵਲ ਅਹੁੜਦਾ ਹੋਇਆ* ਆਹ ਬੋਹੜ ਦੀ ਛਾਂ ਥੱਲੇ ਕੁਸ਼ ਰਾਮਦਾਰੀ ਐ! ਕੀ ਕਹਿੰਦੈ ? *ਖੁੰਢ ਉੱਤੇ ਬੈਠ ਕੇ ਚਿਲਮ ਦੀ ਅੱਗ ਠੋਲ੍ਹੇ ਮਾਰ-ਮਾਰ ਕੇ ਠੀਕ ਕਰਨ ਲੱਗ ਪੈਂਦਾ ਹੈ।*

ਗੱਜਣ : ਹਾਂ, ਵੱਟ ਕੁਝ ਜਾਦਾ-ਈ ਹੋਇਐ ਪਿਐ। ਅੱਧਾ ਹਾੜ ਟੱਪ ਚੱਲਿਆ, ਮੀਂਹ-ਕਣੀ ਦਾ ਵੀ ਕੋਈ ਅਜੇ ਰੱਥ ਨੀਂ ਦੀਂਹਦਾ!

ਪੀਤਾ : ਉਹਦੀ ਕੁਦਰਤ ਦਾ ਵੀ ਕੋਈ ਭੇਤ ਨੀਂ ਆਉਂਦਾ, ਜਦੋਂ ਲੋੜ ਹੋਊ ਉਦੋਂ ਸੋਕੇ-ਡੋਬੇ ਰੱਖੂ। ਆਹ ਪਰ ਜਦੋਂ ਲੋਕਾਂ ਨੇ ਅਜੇ ਲਾਂਗੇ ਨੀਂ ਸੀ ਚੱਕੇ, ਉਦੋਂ ਤਿਨ ਦਿਨ ਹਟਿਆ-ਈ ਨੀਂ! ਮਾਰ ਜਲ-ਥਲ ਏਕ ਕਰ-ਤੀ!

ਗੱਜਣ : ਜਲ-ਥਲ ਕਿਹਾ ਤਾਂ ਬੜਾ ਕਿਹਾ! ਆਹ ਰੱਲੇ-ਜੋਗੇ ਆਲ਼ੀ ਬਾਹੀ 'ਤੇ ਤਾਂ ਐਹੋ ਜੀ ਗੜੇ-ਮਾਰ ਕੀਤੀ ਬਈ ਫਨਾਹ ਅਠਾ-ਤੀ ਫੜ ਕੇ!

ਪੀਤਾ : ਚਲੋ ਓਹਦੀ ਰਜ਼ਾ! ਬੰਦੇ ਦੇ ਕੋਈ ਵੱਸ ਐ ? *ਗੱਜਣ ਦੀ ਬੰਨ੍ਹੀ ਲੱਤ ਵਲ ਧਿਆਨ ਜਾਣ ਪਿੱਛੋਂ* ਕਿਵੇਂ ਆਇਆ ਨੀਂ ਅਜੇ ਟੰਗ ਨੂੰ ਕੁਸ਼ ਰਾਮ ?

ਗੱਜਣ : ਓਇ ਕਿਥੇ ਪੀਤਾ ਸਿਆਂ ? ਮਹੀਨਾ ਹੋ ਗਿਆ ਨੂੜੀ ਫਿਰਦੇ ਨੂੰ! ਉੱਤੋਂ ਕੰਮ ਦੀ ਰੁੱਤ ਐ, ਬੜਾ ਕਸੂਤਾ ਹੋਇਆ ਪਿਐ, ਕੀ ਕਰੀਏ ?

ਪੀਤਾ : ਓਇ ਐਵੇਂ ਨਾ ਤੂੰ ਫ਼ਿਕਰ ਕਰਿਆ ਕਰ ਚਾਚਾ ਸਿਆਂ! ਸੁੱਖ ਨਾਲ਼ ਮੁੰਡਾ ਤੇਰਾ ਕਮਾਊ। ਛੋਟਾ ਵੀ ਸਾਲ-ਛੀ ਮਹੀਨਿਆਂ ਨੂੰ ਕਿਸੇ 'ਹੁੱਦੇ 'ਤੇ ਲੱਗਿਐ ਲੈ। ...ਫਿਰ ਭਾਈ, ਰੱਬ ਤੇਰਾ ਭਲਾ ਕਰੇ, ਬੋਹੜ ਦੀ ਛਾਂ ਤੇਰੇ ਬਾਹਰ ਮੂਹਰੇ। ਛਾਵੇਂ ਬੈਠਾ ਆਵਦੀ ਭਜਨ-ਬੰਦਗੀ ਕਰਦੈਂ। ਤੇਰੇ ਅਰਗਾ ਤਾਂ ਐਸ ਵਖ਼ਤ ਬਾਦਸਾ ਨੀਂ ਕੋਈ! ਕੀ ਕਹਿੰਦੈ ?

ਗੱਜਣ : ਤੂੰ ਤਾਂ ਪੀਤਾ ਸਿਆਂ, ਭੋਲ਼ੀਆਂ ਗੱਲਾਂ ਕਰਦੈਂ! ਬੋਹੜ ਭਾਈ ਬੋਹੜ ਵਾਲਿਆਂ ਦਾ, ਆਪਾਂ ਇਹਦੇ ਕੀ ਲਗਦੇ ਐਂ? ਇਹ ਤਾਂ ਹੁਣ ਇਕ ਅਣਸਰਦੇ ਨੂੰ ਬੈਠਣਾ ਪੈਂਦੇ। ਪਰ ਤੂੰ ਸਿਆਣੈਂ, ਜੋ ਸੁੱਖ ਆਵਦੇ ਰੁੱਖ ਦੀ ਛਾਵੇਂ ਮਿਲਦੈ ਉਹ...

ਪੀਤਾ : *ਉਹਦੀ ਗੱਲ ਵਿਚੋਂ ਟੁੱਕ ਕੇ* ਹਾਅ ਹੋਈ ਨਾ ਲੱਖ ਰੁਪਈਏ ਦੀ ਗੱਲ! *ਕੁਝ ਰੁਕ ਕੇ* ਪਰ ਇਕ ਗੱਲ ਆਖਾਂ ਚਾਚਾ ਸਿਆਂ, ਗੁੱਸਾ ਤਾਂ ਨੀਂ ਕਰਦਾ?

ਗੱਜਣ : ਆਵਦੇ ਪੁੱਤ-ਧੀ ਦਾ ਕਾਹਦਾ ਗੁੱਸਾ ਕਮਲਿਆਂ?

ਪੀਤਾ : ਫੇਰ ਤੂੰ ਐਂ ਅੱਬਲ ਦਰਜੇ ਦਾ ਕਿਰਸੀ ਬੰਦਾ! *ਪਿਛੇ ਵੱਲ ਹੱਥ ਕਰਕੇ* ਇਹ ਖੋਲ਼ਾ ਜਿਹਾ ਬਣਾਇਆ ਸੀ ਸਾਡੇ ਆਲੇ ਬਾਬੇ ਨੇ, ਜਾਣੀਂ ਮੇਰਾ ਮਤਲਬ ਐ, ਤੇਰੇ ਬਾਪੂ ਜੀ ਨੇ ਆਵਦੇ ਆਸਤੇ। 'ਗਾਹਾਂ ਤੁਸੀਂ ਦੋਏ ਭਰ਼ਾਵਾਂ ਨੇ ਵੰਡ ਕੇ ਇਹਦੇ ਦੋ ਹਿੱਸੇ ਕਰ-ਲੇ। ਤੂੰ ਸਮਝ ਲੈ, ਇਕ ਚੀਜ਼ ਦਾ ਅੱਧ ਰਹਿ ਗਿਆ। ਰਹਿ ਗਿਆ ਕਿ ਨਹੀਂ? ਕੀ ਕਹਿੰਦੈਂ? ਹੁਣ ਫੇਰ ਸੁੱਖ ਨਾਲ਼ ਲਾਣੇ-ਬਾਣੇ ਨੇ ਵੀ ਵਧਣਾ ਹੋਇਆ। ਜੇ ਤੁਸੀਂ ਇਕ ਜਣਾ ਬਾਹਰਲੇ ਘਰੇਂ ਦੋ ਕੋਠੇ ਜਾਂ ਛੱਤੋਂ, ਤਾਂ ਕੋਈ ਸੁੱਖ ਦਾ ਸਾਹ ਤਾਂ ਆਵੇ? ਕੀ ਕਹਿੰਦੈਂ? ਕੁਸ਼ ਜਚੀ ਨੀ ਗੱਲ?

ਗੱਜਣ : ਓਇ ਗੱਲ ਤਾਂ ਤੇਰੀ ਜਚਗੀ। ਸਾਨੂੰ ਕਿਹੜਾ ਅਉੜਦੀਆਂ ਨੀਂ ਐਹੋ-ਜੀਆਂ! ਪਰ.... *ਹੌਲੀ* ਆਹ ਤੀਵੀਂਆਂ ਵੀ ਪੱਟੀ ਬੱਝਣ ਦੇਣ! ਤੂੰ ਹੁਣ ਆਵਦੀ ਛੋਟੀ ਚਾਚੀ ਦੇ ਸੁਭਾਅ ਨੂੰ ਜਾਣਦਾ ਨੀਂ ਕਿਤੇ?

ਪੀਤਾ : *ਸਹਿਮਤੀ 'ਚ ਸਿਰ ਹਿਲਾਉਂਦਿਆਂ* ਹਾਂਅ! ਉਸ ਸਹੁਰੀ ਦਾ ਮਤਾ ਕੁਸ਼ ਜਾਦਾ ਈ ਗਰਮ ਐ। *ਫਿਰ ਗੱਲ ਦਾ ਉਲਟਾ ਪਾਸਾ ਵਿਚਾਰਦੇ ਹੋਏ* ਪਰ ਊਂ ਇਕ ਗੱਲੋਂ ਦੇਖੀਏ, ਉਹ ਵੀ ਦੁਖੀ ਜੀਵ ਈ ਐ। ਰੱਬ ਨੇ ਉਹਦੇ ਨਾਲ਼ ਵੀ ਧੱਕਾ ਈ ਕੀਤੈ! 'ਕੱਠੇ ਤਿੰਨ ਪੱਥਰ ਮਾਰੇ ਮੱਥੇ! ਇਕ ਪੁੱਤ ਦੇ ਦਿੰਦਾ ਕੋਈ ਘਾਟਾ ਪੈ ਜਾਣਾ ਸੀ ਉਹਦੇ ਘਰੇ? ਕੀ ਕਹਿੰਦੈਂ?

ਗੱਜਣ : ਐਂਇ ਜੇ ਉਹ ਹਰ ਇਕ ਨੂੰ ਸੁਖੀ ਰੱਖੇ ਤਾਂ ਉਹਨੂੰ ਕੌਣ ਯਾਦ ਕਰੇ? ਤੂੰ ਐਂਇ ਦੱਸ!

ਪੀਤਾ : ਦੂਜੇ ਭਾਈ, ਤੇਰੇ ਆਲ਼ਾ ਛੋਟਾ ਭਾਈ ਗੇਲਾ ਵੀ ਜੰਟਰਮੈਂਨੀਆਂ 'ਤੇ ਹੋ ਗਿਐ। ਡੱਕਾ ਦੂਹਰਾ ਨੀਂ ਕਰਦਾ ਤੋੜ ਕੇ। ਸਾਰਾ ਦਿਨ ਲੰਡਰਾਂ ਦੀ ਢਾਣੀ 'ਚ ਰਲ਼ਿਆ ਰਹੂ! ਵਿਹਲੇ ਰਹਿ ਕੇ ਦਾਰੂ ਪੀਤਿਆਂ ਕਿਤੇ ਜੱਟ ਦੇ ਪੁੱਤ ਦਾ ਸਰਿਐ? ਕੀ ਕਹਿੰਦੈਂ?

ਗੱਜਣ : *ਮੰਜੇ ਉੱਤੇ ਪੈਂਦਾ ਹੋਇਆ* ਬਸ ਕੋਈ ਪਤਾ-ਜਿਆ ਈ ਨੀਂ ਲਗਦਾ, ਐਸੀ ਕਹਾਣੀ ਵਿਗੜੀ-ਮੇਰੇ ਸਾਲ਼ਿਆਂ ਦੀ! *ਅੰਦਰੋਂ ਲੱਸੀ ਦਾ ਮੱਘਾ ਤੇ ਪੋਣੇ 'ਚ ਬੰਨ੍ਹੀਆਂ ਰੋਟੀਆਂ ਸਿਰ ਉੱਤੇ ਰੱਖੀਂ ਬਾਹਰ ਵੱਲ ਨੂੰ ਜਾ ਰਹੀ ਜੀਤੋ ਨੂੰ ਦੇਖ ਕੇ* ਕੁੜੇ ਲੈ ਚੱਲੀ ਰੋਟੀ? ਤੇਰੀ ਮਾਂ ਨੀਂ ਮੁੜੀ ਅਜੇ ਤੇਰੀ ਮਾਸੀ-ਕੇ ਓਂ?

ਜੀਤੋ : *ਕੁਝ ਗੁੱਸੇ ਵਿਚ* ਜੇ ਚੁਗਲੀਆਂ ਤੋਂ ਵਿਹਲ ਮਿਲੇ ਤਾਂ ਈਂ ਮੁੜੇ ਨਾ ?

ਗੱਜਣ : *ਮਗਰੋਂ ਜਾਂਦੀ ਨੂੰ ਉੱਚੀ ਆਵਾਜ਼ ਵਿਚ* ਸ਼ੇਰਾ ਟਹਿਲੇ ਨੂੰ ਕਹੀਂ ਪਹਿਲਾਂ ਰੇਹੀ ਆਲੀ ਕਪਾਹ ਰਮਾ-ਲੇ ! ਸੂਏ ਦਾ ਕੀ ਵਸਾਹ ਐ ਕਦੋਂ ਉਤਰ ਜੇ ! *ਪੀਤੇ ਨੂੰ* ਲੈ ਅਮਲੀਆ, ਕੀ ਆਖੀਏ ਇਨ੍ਹਾਂ ਤੀਮੀਆਂ ਦੀ ਮੱਤ ਨੂੰ ! ਤੇਰੇ ਆਲੀ ਚਾਚੀ ਦਿਨ ਚੜ੍ਹਦੇ ਦੀ ਗਈ ਐ ਸੇਖੋਆਂ ਪੱਤੀ, ਅਜੇ ਤਾਈਂ ਨੀਂ ਮੁੜੀ ! 'ਕੱਲੇ ਕਹਿਰੇ ਜੁਆਨ ਧੀ-ਪੁੱਤ ਦੀ ਸਮੋਂ-ਐਂ ਕੋਈ ਬਾਹਰ-ਅੰਦਰ ਜਾਣ ਦੀ ?

ਪੀਤਾ : ਆਹ ਗੱਲ ਤੇਰੀ ਜਮਾਂ ਸੱਚੀ ਐ ਚਾਚਾ ਸਿਆਂ ! ਐਵੇਂ ਕੋਈ ਸਾਲਾ ਲਫੰਡਰ ਕੁੜੀ ਨੂੰ ਪੰਜ-ਤਿੰਨ ਕਹਿ-ਦੇ, ਮਰਨ-ਮਾਰਨ ਨੂੰ ਥਾਂ ਹੋ ਜਾਂਦੀ ਐ ! ਕੀ ਕਹਿੰਦੈਂ ?

ਗੱਜਣ : ਆਹ ਹੁਣ ਭੰਗੂਆਂ ਦੇ ਖ਼ੂਨ ਐਂਇ ਈਂ ਨੀਂ ਹੋਏ ? ਮਾਰ ਗਰਚਿਆਂ ਅਰਗੇ ਗੱਭਰੂ ਡੱਕਰੇ ਡੱਕਰੇ ਕਰ ਕੇ ਰਖ-ਤੇ !

ਪੀਤਾ : ਅਣਖ ? ਅਣਖ ਵੀ ਤਾਂ ਚਾਚਾ ਸਿਆਂ, ਕੋਈ ਚੀਜ਼ ਹੁੰਦੀ ਐ ! ਸਾਈਂ ਲੋਕਾ, ਨੂੰਹ-ਧੀ ਦੀ ਇੱਜਤ ਨਾਲ਼ੋਂ ਵੀ ਕੋਈ ਵੱਡੀ ਚੀਜ਼ ਐ ਏ ਦੁਨੀਆਂ 'ਚ ? *ਗੱਜਣ ਨੂੰ ਨਾ ਵਿਚ ਸਿਰ ਹਿਲਾਉਂਦਾ ਦੇਖ ਕੇ* ਬਸ ਫੇਰ ? ...ਜਦੋਂ ਕਿਸੇ ਨੇ ਨੂੰਹ-ਧੀ ਨੂੰ ਈ ਮੰਦਾ ਬੋਲ-ਤਾ, ਫੇਰ ਕੋਈ ਹਰਜ ਐ ਜਿਉਣ ਦਾ ? ਕੀ ਕਹਿੰਦੈ ?

ਗੱਜਣ : ਓਇ ਏਸੇ ਗੱਲੋਂ ਤਾਂ ਮੈਂ ਡਰਦੈਂ ਸਾਊ ! ਸਾਡੇ ਤਾਂ ਮੁੰਡੇ ਵੀ ਸਾਲ਼ੇ ਪਤਾ ਨੀਂ ਕੇਹੀ-ਜੀ ਮਿੱਟੀ ਦੇ ਬਣੇ ਐਂ, ਨੱਕ 'ਤੇ ਮੱਖੀ ਕਿਹੜਾ ਬੈਠਣ ਦਿੰਦੇ ਐ ! ਵੱਡਾ ਟਹਿਲਾ ਤਾਂ ਊਂਈਂ...

*ਬਾਹਰੋਂ ਗੁਰਨਾਮ ਕੁਰ ਹੱਥ ਵਿਚ ਰੱਛ ਫੜੀ ਆਉਂਦੀ ਹੈ। ਪਹਿਲੀ ਗੱਲ ਵਿਚੋਂ ਛੱਡ ਕੇ ਉਸ ਨੂੰ ਅੱਕਵੇਂ ਲਹਿਜ਼ੇ ਵਿਚ ਸੰਬੋਧਿਤ ਹੁੰਦਾ ਹੈ :*

ਓਇ ਰੱਬ ਦੀਏ ਬੰਦੀਏ, ਕਦੇ ਘਰ ਵੀ ਬਹਿ ਜਿਆ ਕਰ ਟਿਕ ਕੇ ! ਜਿਥੇ ਜਾਨੀ ਐਂ ਡੇਰਾ ਲਾ ਕੇ ਬਹਿ ਜਾਨੀ ਐਂ !

ਗੁਰਨਾਮ : *ਜਿਵੇਂ ਪਹਿਲਾਂ ਹੀ ਕਿਸੇ ਗੱਲੋਂ ਤਪੀ ਹੋਵੇ, ਗੁੱਸੇ ਵਿਚ ਜਵਾਬ ਦਿੰਦੀ* ਤੂੰ ਰਾਮ ਨਾਲ਼ ਬਹਿ ਜਾਨੈਂ ਨਾ ਏਥੇ ਬੋਹੜ ਦੀ ਛਾਵੇਂ ਪਲੱਥੀ ਮਾਰ ਕੇ ! ਨਾ ਚੜ੍ਹੀ ਦੀ, ਨਾ ਲੱਥੀ ਦੀ ! ਤੈਨੂੰ ਕੀ ? ਕੋਈ ਮਰੇ, ਕੋਈ ਜੀਵੇ ! ਤੈਨੂੰ ਤਾਂ ਬਸ ਐਂਇ ਲਗਦੈ ਸਾਰੇ ਤੇਰੇ ਆਂਗੂ ਵਿਹਲੇ ਤੁਰੇ ਫਿਰਦੇ ਐ !

ਗੱਜਣ : *ਠਿੱਠ ਹੋ ਕੇ* ਨਾ ਹੁਣ ਤੂੰ ਦੱਸ ਦੇ ਕਿਹੜੀ ਬਸਰੇ ਦੀ ਲਾਮ ਜਿੱਤ ਕੇ ਆਈ ਐਂ !

ਗੁਰਨਾਮ : ਬਸਰੇ ਦੀ ਲਾਮ ਤਾਂ ਬਥੇਰਾ ਜਿੱਤ-ਲੀਏ ਜੇ ਕਿਤੇ ਤੇਰੇ ਬੀਜੇ ਕੰਡੇ ਚੁਗੇ ਜਾਣ !

ਗੱਜਣ : ਕਿਉਂ, ਕੰਡੇ ਬੀਜਣ ਨੂੰ ਮੈਂ ਕੀ ਕਰ-ਤਾ ?

ਗੁਰਨਾਮ : ਅਜੇ ਕੀਤੈ ਈ ਨੀਂ ? ਜਾਹ ਕਰ ਲੈ ਉਨ੍ਹਾਂ ਨਾਲ਼ ਗੱਲ ਜਿਨ੍ਹਾਂ ਪਿੱਛੇ

ਪੂਛ ਚੱਕ ਕੇ ਕੁੜੀ ਦਾ ਰੁਪਿਆ ਫੜਾ ਕੇ ਆਇਆ ਸੀ! ਵਿਆਹ ਮੰਗਦੇ ਨੇ ਅਲੀਪੁਰ ਆਲ਼ੇ ਮਹੀਨੇ ਦੇ ਅੰਦਰ-ਅੰਦਰ!

ਗੱਜਣ : ਮਹੀਨੇ ਦੇ ਅੰਦਰ-ਅੰਦਰ ? ਤੈਨੂੰ ਕੌਣ ਕਹਿੰਦੈ ?

ਗੁਰਨਾਮ : ਵਚੋਲੇ! ਹੋਰ ਕੋਈ ਤੀਜਾ ਆ ਕੇ ਕਹੂ ?

ਗੱਜਣ : ਮਹੀਨੇ ਦੇ ਅੰਦਰ-ਅੰਦਰ ਕਿਥੋਂ ਵਿਆਹ ਕਰ ਦੀਏ ? ਉਦੋਂ ਉਨ੍ਹਾਂ ਨੂੰ ਕਿਹਾ ਸੀ ਬਈ ਦੋ ਸਾਲ ਨੀਂ ਅਸੀਂ ਵਿਆਹ ਦੇਣਾ!

ਗੁਰਨਾਮ : ਸਾਨੂੰ ਕੀ ਪਤੈ ? ਓਦੋਂ ਤਾਂ ਪੁੱਛਿਆ ਨੀਂ ਗਿੱਛਿਆ ਨੀਂ, ਚੜ੍ਹ ਕੇ ਬਚਨੇ ਠੂਹਲੇ ਦੇ ਹੱਥ 'ਤੇ, ਧਰ ਆਇਆ ਫੱਟ-ਦੇਣੇ ਬਗਾਨੇ ਪੁੱਤ ਦੇ ਹੱਥ 'ਤੇ ਰੁਪਇਆ! ਅਖੇ 'ਘਰ ਬੜਾ ਤਕੜੈ।'

ਗੱਜਣ : ਤਕੜਾ ਨੀਂ ਹੋਰ ਕਿਤੇ ਮਾੜੈ ? ਪੰਦਰਾਂ ਕੀਲੇ ਆਉਂਦੇ ਐ ਤੇਰੇ ਜਮਾਈ 'ਕੱਲੇ ਨੂੰ ?

ਗੁਰਨਾਮ : ਪੰਦਰਾਂ ਤਾਂ ਆਉਂਦੇ ਐ, ਫੇਰ ਹੁਣ ਕਰ ਕੁਸ਼! ਲਿਆ ਟੱਲੀਬੀਜਨ, ਸਕੂਟਰ, ਫਰਿਜ...

ਗੱਜਣ : ਟੱਲੀਬੀਜਨ, ਸਕੂਟਰ, ਫਰਿਜ ? ਇਹ ਉਨ੍ਹਾਂ ਨਾਲ਼ ਕੀਹਦੇ ਅੱਦਰੇ ਸੀ ?

ਗੁਰਨਾਮ : ਹੋਰ ਅੱਦਰੇ ਤੋਂ ਬਿਨਾਂ ਮੰਗਦੈ ਅਗਲਾ ? ਹਿਲਾ ਆਇਆ ਹੋਵੇਂਗਾ ਲੁੱਤਰੋ! ਤੇਰਾ ਕੋਈ ਵਸਾਹ ਐ ?

ਗੱਜਣ : ਸੁਣਦੈਂ ਪੀਤਿਆ ? ਮੈਂ ਲੁੱਤਰੋ ਹਿਲਾ ਆਇਆ! *ਗੁਰਨਾਮ ਕੁਰ ਨੂੰ* ਕਿਉਂ ਲੁੱਤਰੋ ਹਿਲਾਉਣ ਨੂੰ ਮੈਨੂੰ ਨੀਂ ਦੀਂਹਦਾ ਆਵਦਾ ਘਰ ?

ਗੁਰਨਾਮ : ਦੀਂਹਦਾ ਹੁੰਦਾ ਫੇਰ ਇਸ ਘਰ ਦਾ ਆਹ ਹਾਲ ਹੁੰਦਾ ? ਏਸ ਜੱਟ ਦੇ ਕੁਚੱਜੇ ਕੰਮਾਂ ਨੇ ਪੀਤਿਆ, ਅਸੀਂ ਤਾਂ ਖੁੰਘਲ਼ ਕਰ ਕੇ ਰੱਖ -ਤੇ।

ਗੱਜਣ : ਓਇ ਭੁੱਖੇ ਮਰ ਜਾਂਦੇ ਤੁਸੀਂ, ਭੁੱਖੇ! ਜੇ ਕਿਤੇ ਮੈਂ ਇਸ ਕਬੀਲਦਾਰੀ ਦੀ ਗੱਠ ਬੰਨ੍ਹ ਕੇ ਨਾ ਰੱਖਦਾ!

ਗੁਰਨਾਮ : ਗੱਠ ਨੂੰ ਤਾਂ ਉਸਾਰ-ਤੇ ਲਹੌਰੀ ਦਰਵਾਜੇ ? ਚਾਰ ਖੁੱਡ ਜ਼ਮੀਨ ਦੇ ਸੀ, ਉਹ 'ਚੋਂ ਵੀ ਦੋ ਕੀਲੇ ਲੰਬੜਦਾਰ ਕੋਲ ਗਹਿਣੇ ਰੱਖ ਛੱਡੀਐ!

ਗੱਜਣ : ਕਿਉਂ ਮੈਂ ਸ਼ਰਾਬਾਂ ਪੀਂਦਾ ਸੀ ? ਵਿਆਹ ਸ਼ਾਦੀਆਂ ਤੇ ਟਿੱਕਣ ਨਾ ਕੀਲੇ ?

ਗੁਰਨਾਮ : ਚੰਗਾ, ਰਹਿੰਦੇ ਵੀ ਰੱਖ ਦੇ! ਕਸਰ ਨਾ ਛੱਡੀਂ! *ਅੰਦਰ ਨੂੰ ਜਾਂਦੀ ਹੋਈ* ਤੂੰ ਜੱਟਾ ਮੇਰੇ ਪੁੱਤਾਂ ਨੂੰ ਮੰਗਤੇ ਬਣਾ ਕੇ ਠੂਠਾ ਫੜਾਉਣੈ, ਫੜਾ-ਦੀਂ! ਤੇਰੇ ਚਾਅ ਨਾ ਦਿਲ 'ਚ ਰਹਿ ਜਾਣ ਕਿਤੇ! *ਭਰੀ ਪੀਤੀ ਅੰਦਰ ਜਾਂਦੀ ਹੈ।*

ਗੱਜਣ : ਵੱਡੀ ਆ-ਗੀ ਪੁੱਤਾਂ ਵਾਲੀ! ਮੈਂ ਬਣਾਦੂੰ ਉਨ੍ਹਾਂ ਨੂੰ ਮੰਗਤੇ!

ਪੀਤਾ : ਚਲ਼ ਚਾਚਾ ਸਿਆਂ, ਤੂੰ ਈ ਤਹੰਮਲ ਵਰਤ ਲਿਆ ਕਰ! ਤੀਵੀਂਆਂ ਦੀ ਮੱਤ, ਤਾਂ, ਹੁਣ ਆਪਾਂ ਨੂੰ ਪਤਾ ਈ ਐ, ਕਿਹੋ-ਜੀ ਹੁੰਦੀਐ! ...ਊਂ ਮੈਂ ਇਕ ਗੱਲ ਕਹਿਨੈਂ! ਘਰ ਅਲੀਪੁਰ ਥੋਨੂੰ ਰਾਜਾ ਘਰ ਥਿਆਇਐ, ਵਿਆਹ ਮੰਗਦੇ ਨੇ ਦੇ ਦਿਉ ਔਖੇ-ਸੌਖੇ! ਕੁੜੀ ਤਾਂ

ਸਾਰੀ ਉਮਰ ਸੁਰਗ 'ਚ ਰਹੂ! ਰਾਜ ਕਰੂ! ਕੀ ਕਹਿੰਦੈਂ ?

ਗੱਜਣ : ਓਇ ਰਾਜ ਤਾਂ ਕਰੂ! ਪਰ ਹੁਣ ਮਹੀਨੇ ਦੇ ਅੰਦਰ-ਅੰਦਰ ਕਿਥੋਂ ਕਾਰੂ ਦਾ ਖਜਾਨਾ ਲੁੱਟ ਕੇ ਲਿਆਈਏ ?

ਪੀਤਾ : ਓਇ ਆਪਣਾ ਜੱਟਾਂ ਦਾ ਤਾਂ, ਚਾਚਾ ਸਿਆਂ, ਏਹੀ ਹਾਲ ਰਹੂ! ਆਪਣਾ ਨੀਂ, ਜੇ ਤੂੰ ਕਹੇਂ, ਕਹੇ ਹੱਥ ਖੁੱਲ੍ਹਾ ਹੁੰਦਾ! ਤੂੰ ਦੇਖ ਲੈ, ਐਨੀ ਉਮਰ ਤੇਰੀ ਨੰਘ-ਗੀ, ਚਾਲ਼ੀਆਂ ਦੇ ਨੇੜੇ- ਤੇੜੇ ਮੈਂ ਹੋਊਂ! ਓਹੀ ਬਾਹਾਂ, ਓਹੀ ਕੁਹਾੜੀ! ...ਨਵੇਂ ਬੀ ਵੀ ਆ-ਗੇ, ਜੂਰੀਏ ਵੀ ਆ-ਗੇ, ਟਰੈਕਟਰ ਵੀ ਆ-ਗੇ, ਪਰ ਕੱਟੇ ਨੂੰ ਮਣ ਦੁੱਧ ਦਾ ਕੀ ਲੇਸ ? ਕੀ ਕਹਿੰਦੈ ? ਥੋੜ੍ਹੀ ਪਰੋਖੋਂ ਆਲ਼ੇ ਤਾਂ ਓਹੀ ਮੌਲਿਆਂ ਦੇ ਪੁੜੇ ਕੁੱਟਦੇ ਫਿਰਦੇ ਐ! ਦਾਣੇ ਚਾਰ ਮਣ ਵਧ ਹੋ-ਗੇ ਤਾਂ ਕਿਸੇ ਵਿਆਹ ਸਾਹੇ 'ਤੇ ਲਗ-ਗੇ!... ਪਨਾਲ਼ਾ ਓਥੇ ਦਾ ਓਥੇ ? ਆਪਣਾ ਤਾਂ ਉਹ ਹਸਾਬ ਐ ਚਾਚਾ ਸਿਆਂ, ਬਈ ਪੈਂਦੀ ਪੈ-ਲੀਏ, ਸਰ੍ਹਾਣੇ ਪੈ-ਲੀਏ, ਚਿੱਤੜ ਤਾਂ ਵਚਾਲ਼ੇ ਈ ਆਉਣੈਂ ਐਂ!... ਕੀ ਕਹਿੰਦੈ ? ਨਾਲ਼ੇਂ ਤੂੰ ਸਿਆਣੈਂ...

ਬਾਹਰੋਂ ਗਲੀ ਵਿਚੋਂ

ਆਵਾਜ਼ : ਤਾਇਆ ਪੀਤਿਆ, ਆ-ਜਾ ਰੋਟੀ ਖਾ ਲੈ ਓਇ!

ਪੀਤਾ : *ਗੱਜਣ ਸਿਘ ਨੂੰ* ਆਹ ਸੁਣਦੈਂ ਚੰਦਰੀ 'ਲਾਦ ਦੀ ਬਾਣੀ ? *ਸਾਂਗ ਲਾਹੁੰਦਾ ਹੋਇਆ* 'ਤਾਇਆ ਪੀਤਿਆ ਆ-ਜਾ ਰੋਟੀ ਖਾ ਲੈ ਓਇ!' ...ਹੈ ਥੋਡੀ ਗੰਦੀ 'ਲਾਦ ਦੀ! *ਜਾਣ ਦੇ ਇਰਾਦੇ ਨਾਲ਼* ਲੈ ਫੇਰ, ਮੈਂ ਭੰਨ ਆਵਾਂ ਦੋ ਮੰਨੀਆਂ, ਤੂੰ ਲਾ ਬਿਰਤੀ ਸੱਚੇ ਪਾਛਾ ਨਾਲ਼!

ਫੇਰ ਆਵਾਜ਼ : ਓਇ ਛੇਤੀ-ਦੇਣੇ ਆ-ਜਾ ਤਾਇਆ, ਨਹੀਂ ਤਾਂ ਬੇਬੇ ਖੇਤ ਨੂੰ ਵਗ-ਜੂ ਰੋਟੀ ਲੈ ਕੇ ਉਇ!

ਪੀਤਾ : *ਜਾਂਦਾ ਜਾਂਦਾ* ਓਇ ਆਉਨੈਂ-ਆਉਨੈਂ! ਕੀ ਗਾਂ ਕੋਠੇ 'ਤੇ ਚੜ੍ਹ-ਗੀ ? ਕਿਵੇਂ ਸਾਲਾ ਰਿੰਗਦੈ ਬਾਹਮਣਾਂ ਦੇ ਕੱਟੇ ਆਂਗੂੰ ਕੁੱਤੇ ਦਾ ਹੱਡ! *ਚਲਿਆ ਜਾਂਦਾ ਹੈ।*

ਗੱਜਣ : *ਜੋ ਅਜੇ ਤੱਕ ਵੀ ਗੁਰਨਾਮ ਕੁਰ ਨਾਲ਼ ਹੋਏ ਤਕਰਾਰ ਤੋਂ ਦੁਖੀ ਦੀਂਹਦਾ ਸੀ, ਚਿੰਤਾ ਵਿਚ ਡੁੱਬਿਆ ਮੰਜੇ ਉਤੇ ਪੈਣ ਲੱਗਦਾ* ਬੈਠੇ ਤਾਂ ਐਂਇੰ ਸੀ ਬਈ ਘੜੀ 'ਰਾਮ ਕਰਾਂਗੇ ਐਥੇ ਬੋਹੜ ਦੀ ਛਾਂ ਵਿਚ! ਆਹ ਚਾਣਚੱਕ ਹੋਰ ਈ ਮੁਸੀਬਤ ਆ ਪਈ!

*ਪੈ ਜਾਂਦਾ ਹੈ। ਬਾਹਰੋਂ ਵੋਟਾਂ ਮੰਗਣ ਵਾਲੀ ਜੀਪ ਕੁਰਲਾਟ ਪਾਉਂਦੀ ਕਿਸੇ ਪਾਰਟੀ ਲਈ ਵੋਟਾਂ ਮੰਗਦੀ ਲੰਘਦੀ ਹੈ। ਗੱਜਣ ਥੋੜ੍ਹਾ ਉੱਪਰ ਉੱਠਦਾ ਪਰ ਫੇਰ ਮੂੰਹ ਵਿਚ ਬੁੜਬੁੜ ਕਰਦਾ ਪੈ ਜਾਂਦਾ ਹੈ। ...ਥੋੜ੍ਹਾ ਵਕਫ਼ਾ... ਗੱਜਣ ਨੂੰ ਨੀਂਦ ਆਉਣ ਹੀ ਲਗਦੀ ਹੈ ਕਿ ਸ਼ਰਾਬ ਦਾ ਰੱਜਿਆ, ਹੱਥ ਵਿਚ ਸ਼ਰਾਬ ਦੀ ਬੋਤਲ ਲਈਂ ਗੇਲਾ ਆਉਂਦਾ ਹੈ। ਅੰਦਰ ਜਾਂਦਾ-ਜਾਂਦਾ ਗੱਜਣ ਨੂੰ ਪਏ ਨੂੰ ਦੇਖ ਕੇ ਰੁਕ ਜਾਂਦਾ ਹੈ।*

ਗੇਲਾ : ਬਾਈ ਪਿਐ ? *ਮੰਜੇ ਦੀਆਂ ਪੈਂਦਾਂ ਕੋਲ ਆ ਕੇ* ਕਿਵੇਂ ਬਾਈ ਟੰਗ ਬਾਹਲ਼ੀ ਦੁਖਦੀ ਐ ?

ਗੱਜਣ : *ਗੇਲੇ ਹੱਥ ਸ਼ਰਾਬ ਦੀ ਬੋਤਲ ਦੇਖ ਕੇ ਵੱਡੇ ਭਰਾਵਾਂ ਵਾਲੇ ਗੁੱਸੇ ਅਤੇ ਦੁੱਖ ਵਿਚ ਉੱਠਦਾ ਹੋਇਆ* ਓਇ ਅੱਜ ਫੇਰ ਦਿਨੇਂ ਈ ਡੱਫ਼ੀਂ ਫਿਰਦੈਂ ?

ਗੇਲਾ : ਹੋਰ ਬਾਈ ਦੁਨੀਆਂ ਤੋਂ ਲੈ ਵੀ ਕੀ ਜਾਣੈਂ, ਖਾ ਜਾਣੈਂ ਜਾਂ *ਮੁੰਢ ਉੱਤੇ ਬੈਠਦਾ ਹੋਇਆ* ਹੰਢਾ ਜਾਣੈਂ !

ਗੱਜਣ : ਓਇ ਖਾਏਂਗਾ-ਹੰਢਾਏਂਗਾ ਕਿੰਨਾ ਕੁ ਚਿਰ ਕੰਜਰਾ ? ਕਿੱਲੇ ਤਾਂ ਤੇਰੇ ਕੋਲ ਸਾਰੇ ਦੋ ਰਹਿ-ਗੇ।

ਗੇਲਾ : ਤੂੰ ਬਾਈ, ਆਹ ਕੀਲਿਆਂ-ਕੂਲਿਆਂ ਦੀ ਮੁਹਾਰਨੀ ਨਾ ਰੱਟੀ ਜਾਇਆ ਕਰ ਮੇਰੇ ਕੋਲ ਆਈ ਬੇਲੀਂ। ...ਤੂੰ ਐਂਇ ਦੱਸ, ਮੈਂ ਤਾਂ ਭਲਾ ਚਲ, ਦਾਰੂ ਮੂੰਹੇਂ ਫੂਕ-ਤੀ ਆਵਦੇ ਹਿੱਸੇ ਦੀ ! ਤੈਂ ਕਿਉਂ ਜੈਲੇ ਕੋਲ ਗਹਿਣੇ ਧਰ ਰੱਖੇ ਐ ਦੋ ?

ਗੱਜਣ : *ਗੇਲੇ ਦੀ ਸੱਚੀ ਤੋਂ ਤਿੜਕ ਕੇ* ਉਇ ਮੈਂ ਘ਼ਰ ਦੀਆਂ ਗਰਜ਼ਾਂ ਪੂਰੀਆਂ ਕੀਤੀਆਂ ਐਂ ! ਤੇਰੇ ਆਂਗੂ ਗੁਲਛਰਲੇ ਨੀ ਉਡਾਏ !

ਗੇਲਾ : *ਨਸ਼ਈਆ ਵਾਲੀ ਲਾ-ਪ੍ਰਵਾਹੀ ਵਿਚ* ਗਰਜਾਂ ਤੈਂ ਕੀ ਟੱਟੂ ਦੀਆਂ ਪੂਰੀਆਂ ਕੀਤੀਆਂ ਐਂ ! ਕੋਈ ਵਿਆਹ ਨੀ ਕੀਤਾ, ਸ਼ਾਦੀ ਨੀ ਕੀਤੀ ! ਹੂੰ, ਗਰਜਾਂ ਪੂਰੀਆਂ ਕੀਤੀਆਂ-ਐਂ ਇਹਨੇ !

ਗੱਜਣ : ਉਇ ਹੋਰ ਮੈਂ ਜੂਆ ਖੇਡਦਾ ਸੀ ? ਨਚਾਰਾਂ ਦੇ ਜਲਸਿਆਂ 'ਚ ਜਾਂਦਾ ਸੀ ? ਐਸ ਘਰ ਪਿੱਛੇ, ਕੀਤੈ ਜੋ ਕੁਸ਼ ਕੀਤੈ !

ਗੇਲਾ : ਚਲ ਛੱਡ ਪਰੇ ! ਤੇਰੇ ਕੋਲ ਤਾਂ ਜਦੋਂ ਬਹਿ-ਜੋ ਬਾਬੇ ਨਾਨਕ ਆਂਗੂ ਆਵਦੀ ਬਾਣੀ ਦੀ ਸੰਥਿਆ ਪੜ੍ਹੌਣ ਬਹਿ ਜਾਨੈਂ ! *ਉਹਦੇ ਮੰਜੇ ਤੇ ਆ ਕੇ ਬੈਠਦਾ ਹੋਇਆ* ਤੂੰ ਐਂਇ ਦੱਸ, ਪੀਣੀ ਐਂ ਘੁੱਟ ? ਪੀ ਲੈ, ਟੰਗ ਦੁਖਣੋਂ ਹੱਟ-ਜੂ !

ਗੱਜਣ : *ਹਾਰੀ ਹੋਈ ਦੁਖੀ ਆਵਾਜ਼ ਵਿਚ* ਗੇਲਿਆਂ ! ਤੂੰ ਮੇਰਾ ਛੋਟਾ ਭਾਈ ਐਂ ! ਕੀ ਹੋ ਗਿਆ ਜੇ ਆਪਾਂ ਨੂੰ ਤੀਵੀਆਂ ਨੇ ਅੱਡ ਕਰਾ-ਤਾ...

ਗੇਲਾ : *'ਤੀਵੀਆਂ' ਸ਼ਬਦ ਤੋਂ ਜਿਵੇਂ ਤਨ ਨੂੰ ਅੱਗ ਲੱਗ ਗਈ ਹੋਵੇ* ਤੀਵੀਆਂ ? *ਦੰਦ ਕਰੀਚ ਕੇ ਗਾਲ਼ ਕੱਢਦਾ ਹੋਇਆ* ਤੀਵੀਆਂ ਦੀ... ਤੀਵੀਆਂ ਮੇਰੇ ਮੂਹਰੇ ਕੀ ਚੀਜ਼ ਐ !

ਗੱਜਣ : ਫੇਰ ਤੂੰ ਐਂਇ ਸੋਚ, ਤੈਨੂੰ ਐਬਾਂ 'ਚ ਪਏ ਨੂੰ ਦੇਖ ਕੇ ਬਾਪੂ ਦੀ ਰੂਹ ਕੀ ਕਹਿੰਦੀ ਹੋਊ ?

ਗੇਲਾ : *ਗੇਲਾ ਇਕ ਕਸੀਸ ਵਟਦਾ ਹੈ। ਨਸ਼ੇ ਨੂੰ ਕਾਬੂ ਕਰ ਕੇ ਮਨ ਉਤੇ ਪਏ ਬੋਝ ਨੂੰ ਮਹਿਸੂਸਦਾ, ਭਰੇ ਮਨ ਨਾਲ਼* ਮੈਂ ਦਸਾਂ ਬਾਈ, ਬਾਪੂ ਦੀ ਰੂਹ ਕੀ ਕਹਿੰਦੀ ਹੋਊ ? *ਵਿਅੰਗ ਵਿਚ ਟਿਕਾ ਟਿਕਾ ਕੇ ਸ਼ਬਦ ਕਹਿੰਦਾ ਹੋਇਆ* ਬਾਪੂ ਦੀ ਰੂਹ ਕਹਿੰਦੀ ਹੋਊ, 'ਪੁੱਤ ਗੇਲਿਆ ! ਜਿਹੜਾ ਕਰਜਾ ਮੈਂ ਤੇਰੇ ਸਿਰ ਛੱਡ ਕੇ ਗਿਆ ਸੀ, ਉਹ ਲਾਹ-ਤਾ ਕਿ ਅਜੇ ਵਿਚੇ-ਈ ਲਟਕਦਾ

ਤੁਰਿਆ ਫਿਰਦੈ ?'

ਗੱਜਣ : *ਜਿਵੇਂ ਗੋਲੇ ਨੇ ਇਹ ਚੋਭ ਬਾਪੂ ਨੂੰ ਨਹੀਂ, ਉਸਨੂੰ ਮਾਰੀ ਹੋਵੇ* ਉਇ ਤੈਨੂੰ ਸੰਗ ਤਾਂ ਨੀ ਆਉਂਦੀ ਗੱਲ ਮੂੰਹੋਂ ਕੱਢਦੇ ਨੂੰ ? ਬਾਪੂ ਨੇ ਕਰਜਾ ਤੇਰੇ ਵਿਆਹ 'ਤੇ ਚੱਕਿਆ ਸੀ, ਤੇਰੇ ਆਂਗੂ ਬਦਫੈਲੀਆਂ ਨੀਂ ਸੀ ਕੀਤੀਆਂ ?

ਗੋਲਾ : *ਗੱਲ ਟਾਲਣ ਦੀ ਨੀਤ ਨਾਲ਼* ਹੋ... ਹੋ... ਹੋ... ਤੂੰ ਤਾਂ ਬਾਈ ਹਾਸੇ ਦੀ ਗੱਲ ਦਾ ਈ ਗੁੱਸਾ ਮੰਨ ਗਿਆ! ...*ਉੱਠਣ ਦੀ ਨੀਤ ਨਾਲ਼* ਪੀਣੀ ਨੀਂ ਫੇਰ ? *ਕੋਈ ਜਵਾਬ ਨਾ ਮਿਲਦਾ ਦੇਖ ਕੇ ਉੱਠਦਾ ਹੋਇਆ* ਚੰਗਾ ਫੇਰ ਕਰ ਪਾਠ! *ਤੁਰ ਪੈਂਦਾ ਹੈ ਪਰ ਜਿਵੇਂ ਕੁਝ ਯਾਦ ਆ ਗਿਆ ਹੁੰਦਾ ਫੇਰ ਰੁਕ ਜਾਂਦਾ ਹੈ* ਸੱਚ ਬਾਈ, ਐਤਕੀਂ ਵੋਟ ਕਿਧਰ ਪਾਏਂਗਾ ? *ਗੱਜਣ ਸਿੰਘ ਕੋਈ ਜਵਾਬ ਨਹੀਂ ਦਿੰਦਾ। ਉਸ ਦੀ ਚੱਪ ਦਾ ਆਪਣਾ ਅਰਥ ਕੱਢਦਾ ਹੋਇਆ* ਲੈ, ਮੈਂ ਵੀ ਕਮਲ਼ੈਂ! ਬਾਈ ਨੇ ਵੋਟ ਕੀਹਨੂੰ ਪਾਉਣੀ ਸੀ ? ਜਿੱਧਰ ਜੈਲਾ ਲੰਬੜਦਾਰ ਕਹੂ ਉਧਰ-ਈ ਪਾਊਗਾ! *ਜਾਂਦਾ ਜਾਂਦਾ ਮਸਤੀ ਵਿਚ* ਓਇ ਨਿੱਤ-ਨਿੱਤ ਨੀ ਬਜਾਰੀਂ ਆਉਣਾ, ਖਾ ਲੈ ਸ਼ਾਮੋ ਨਾਸ਼ਪਾਤੀਆਂ!

*ਅੰਦਰ ਚਲਿਆ ਜਾਂਦਾ ਹੈ। ਗੱਜਣ ਦੁਖੀ ਮਨ ਨਾਲ਼ ਉਸ ਨੂੰ ਜਾਂਦੇ ਨੂੰ ਦੇਖਦਾ ਹੈ। 'ਘਰ ਦੀ ਵਿਗੜੀ ਕਹਾਣੀ' ਦਾ ਅਹਿਸਾਸ ਉਸ ਦੀਆਂ ਅੱਖਾਂ ਵਿਚ ਪਾਣੀ ਲੈ ਆਉਂਦਾ ਹੈ। ਪਰਨੇ ਨਾਲ਼ ਉਹ ਅੱਖਾਂ ਵਿਚ ਆਏ ਪਾਣੀ ਨੂੰ ਪੂੰਝਦਾ ਹੈ। ਫੇਰ, ਗੁਟਕੇ ਨੂੰ ਐਵੇਂ ਹੀ ਚੁੱਕ ਕੇ ਪੜ੍ਹਨ ਲਗ ਜਾਂਦਾ ਹੈ ਪਰ ਫਿਰ ਆਪੇ ਹੀ ਗੁਟਕਾ ਬੰਦ ਕਰ ਕੇ ਇਕ ਪਾਸੇ ਰੱਖ ਦਿੰਦਾ ਹੈ। ਹਾਲੀਂ ਸਿਰ ਸਿਰਹਾਣੇ ਰੱਖਦਾ ਹੀ ਹੈ ਕਿ ਅੰਦਰੋਂ 'ਭਾਂਡਾ ਵਗਾਹ ਕੇ ਮਾਰਨ' ਦਾ ਖੜਾਕ ਹੁੰਦਾ ਹੈ। ਤ੍ਰਭਕ ਕੇ ਉੱਠ ਪੈਂਦਾ ਹੈ। ਭਾਂਡਾ ਵਗਾਹ ਕੇ ਮਾਰਨ ਦੇ ਨਾਲ਼ ਹੀ ਪਿਛੋਂ ਬਿੰਦਰ ਤੇ ਗੁਰਨਾਮ ਕੌਰ ਦੀਆਂ ਗਰਮਾ-ਗਰਮੀ ਦੀਆਂ ਇਸ ਤਰ੍ਹਾਂ ਆਵਾਜ਼ਾਂ ਆਉਂਦੀਆਂ ਹਨ:*

ਬਿੰਦਰ : *ਭਾਂਡਾ ਵਗਾਹ ਕੇ ਮਾਰਦਾ ਹੋਇਆ* ਆਹ ਚੱਕ ਫੇਰ ਆਵਦੀਆਂ ਦੋੜਾਂ!

ਗੁਰਨਾਮ : *ਗੁੱਸੇ ਵਿਚ ਦੁਰ-ਅਸੀਸਾਂ ਦਿੰਦੀ ਹੋਈ* ਹੈ ਵੇ ਲੜ ਜੇ ਕਾਲਾ ਨਾਗ ਬਿੰਦਰ ਬੰਦਿਆ! *ਬਿੰਦਰ ਟਿੰਡਾਰਿਆ ਹੋਇਆ ਅੰਦਰੋਂ ਬਾਹਰ ਆਉਂਦਾ ਹੈ ਤੇ ਫੇਰ ਬਾਹਰ ਨਿਕਲ ਜਾਂਦਾ ਹੈ। ਗੁਰਨਾਮ ਕੁਰ ਵੀ ਉਸ ਪਿੱਛੇ ਗਾਲਾਂ ਦਿੰਦੀ ਬਾਹਰ ਆਉਂਦੀ ਹੈ ਵਗਾਹ ਕੇ ਥਾਲੀ ਮਾਰਦੀ* ਰਹਿ ਜੇਂ ਸੁੱਤੇ ਦਾ ਸੁੱਤਾ!

ਗੱਜਣ : ਕਿਉਂ, ਅਜ ਫੇਰ ਕਾਹਤੋਂ ਤੜਿੰਗ ਹੋ ਗਿਆ ਤੇਰਾ ਬਿੰਦਰ ਸਿਉਂ ?

ਗੁਰਨਾਮ : *ਭਰੀ-ਪੀਤੀ ਬਾਹਰ ਬਿੰਦਰ ਜਾਂਦੇ ਨੂੰ ਦੇਖਦੀ ਹੋਈ* ਰੋਂਦੈ ਮੇਰੀ ਜਾਨ ਨੂੰ! ਮੈਨੂੰ ਕਲਪਾਉਣੈਂ ਬੱਸ! ਜਿੱਦੋਂ ਛੁੱਟੀ ਹੋਊ, ਸੂਲੀ 'ਤੇ ਟੰਗ-ਦੂ ਮਟਮੇਲੀ-ਪੈਣਾ!

ਗੱਜਣ : ਓਇ ਹੁਣ ਕੁਸ਼ ਦੱਸੇਂਗੀ ਵੀ ?

ਗੁਰਨਾਮ : ਕਹਿੰਦਾ 'ਦੋ ਸੋ ਰੁਪਈਆ ਦਿਓ ! ਮੈਂ ਬਮਈ ਜਾਣੈਂ ਕਾਲਜ ਦੇ ਮੁੰਡਿਆਂ ਨਾਲ਼ ਟੂਰ 'ਤੇ !'

ਗੱਜਣ : *ਬਿੰਦਰ ਪ੍ਰਤਿ ਗੁੱਸਾ ਪ੍ਰਗਟਾਉਂਦਾ ਹੋਇਆ* ਰੁਪਈਏ ਝਾੜਾਂ ਨੂੰ ਲਗਦੇ ਐ ? ਤੈਥੋਂ ਲਪੜਾ ਨਾ ਵੱਜਿਆ ਮੂੰਹ 'ਤੇ ! ਸਾਲ਼ਾ ਟੂਰਾਂ ਦਾ !

ਗੁਰਨਾਮ : ਵੱਡਿਆਂ ਦੀ ਰੀਸ ਕਰਦੈ ! ਕਹਿੰਦਾ, 'ਲੰਬੜਦਾਰਾਂ ਦਾ ਪੰਮੀ ਵੀ ਜਾਊ !' ਪੰਮੀ ਦਾ ਪਿਉ ਤਾਂ ਫੀਮਾਂ ਵੇਚਦੈ, ਹਰਾਮ ਦਾ ਪੈਸਾ ਐ, *ਅੰਦਰ ਜਾਂਦੀ ਜਾਂਦੀ* ਬਮਈ ਛੱਡ ਭਾਵੇਂ ਦਿੱਲੀ ਭੇਜ ਦੇ ! *ਚਲੀ ਜਾਂਦੀ ਹੈ।*

ਗੱਜਣ : ਹੁਣ ਲੱਗੀਐ ਖਾੱਲੀ ਤੌੜੀ ਆਂਗੂ ਰਿੱਝਣ ! ਝਮਲ਼ਾਇਆ ਤੈਂ-ਈ ਨੀਂ ! *ਮੰਜੇ ਤੇ ਪੈਣ ਲਗ ਦਿਆਂ* ਪੰਜ ਮੰਗੇ ਪੰਜ ਦੇ-ਤੇ ਦੱਸ ਮੰਗੇ, ਦਸ ਦੇ-ਤੇ !

*ਪੈਣ ਹੀ ਲਗਦਾ ਹੈ ਕਿ ਅੰਦਰੋਂ ਧਰਤੀ 'ਤੇ ਫਹੁੜਾ ਵੱਜਣ ਦੇ ਖੜਾਕ ਨਾਲ਼ ਗੇਲੇ ਦੀ ਆਵਾਜ਼ ਆਉਂਦੀ ਹੈ 'ਖੜ ਜਾ ਮੈਂ ਤੇਰੀ ਮਾਂ ਦੀ !' ...ਤੇ ਨਾਲ਼ ਦੀ ਨਾਲ਼ ਸੀਤੋ ਦੀ 'ਬੂਹ ਵੇ ਮਾਰ-ਤੀ ਲੋਕੋ !' ਤੇ ਉਹ ਜਾਨ ਬਚਾਉਂਦੀ ਚੁੰਨੀ ਸੰਭਾਲਦੀ ਬਾਹਰ ਗੱਜਣ ਦੇ ਮੰਜੇ ਕੋਲ ਆ ਡਿਗਦੀ ਹੈ। ਪਿੱਛੇ ਗੇਲਾ ਫਹੁੜਾ ਚੁੱਕੀ ਆਉਂਦਾ ਹੈ।*

ਗੱਜਣ : *ਉਠ ਕੇ ਭੱਜ ਕੇ ਹਟਾਉਂਦਾ ਹੋਇਆ* ਓਇ ਤੇਰਾ ਡਮਾਕ ਤਾਂ ਨਹੀ ਹਿੱਲ ਗਿਆ ਕੰਜਰ ਦਿਆ ਪੁੱਤਾ !

ਗੇਲਾ : *ਗੱਜਣ ਨੂੰ ਪਰਾਂਹ ਕਰਨ ਲਗਦਾ ਸੀਤੋ ਵੱਲ ਗੁੱਸੇ ਵਿਚ ਦੰਦ ਕਰੀਚਦਾ* ਓਇ ਹਟ ਜਾ ਬਾਈ ਪਾਸੇ ! ਕਿੱਦੇਂ ਦੇ ਤਪਾਏ ਐਂ ਚੰਦਰੀ ਤੀਵੀਂ ਨੇ ਫਾਲ਼ੇ ਆਂਗੂੰ !

ਸੀਤੋ : *ਉੱਠਦੀ ਹੋਈ ਘੁੰਡ ਕੱਢ ਕੇ* ਤਪਾ ਤੈਂ ਛਡਿਐ ਕਿ ਮੈਂ ! ਨਿੱਤ ਮਤਰਾਲ਼ ਡੱਫ ਕੇ ਆ ਵੜਦੈ ਘਰੇ ! ਇਹ ਕੋਈ ਕਬੀਲਦਾਰਾਂ ਦੇ ਚੱਜ ਐ ?

*ਗੁਰਨਾਮ ਕੁਰ ਪਿੱਛੇ ਆ ਕੇ ਖੜ੍ਹ ਜਾਂਦੀ ਹੈ।*

ਗੇਲਾ : *ਹਿੱਕ 'ਤੇ ਹੱਥ ਮਾਰ ਕੇ* ਮੈਂ ਤਾਂ ਪੀਊਂਗਾ, ਪੀਊਂ ! ਹਟਾਏਂਗੀ ?

ਸੀਤੋ : ਆਹ ਪਹਿਲਾਂ ਜਿਹੜੀਆਂ ਤਿੰਨ ਜੰਮ ਰੱਖੀਐਂ ਉਹਨਾਂ ਨੂੰ ਰੰਡੀਆਂ ਦੇ ਕੋਠਿਆਂ 'ਤੇ ਛੱਡਿਆ ! ਮਲੰਗ ਜੱਟਾ ! ਤੂੰ ਕਿਉਂ ਸ਼ਰਮ ਲਾਹੀ-ਐ ?

ਗੇਲਾ : *ਗੁੱਸੇ ਵਿਚ ਮਾਰਨ ਜਾਂਦਾ ਹੋਇਆ* ਖੜ੍ਹ ਜਾ ਮੈਂ ਤੇਰੀ...

ਗੱਜਣ : *ਰੋਕ ਕੇ* ਓਇ ਤੂੰ ਹਟਦੈਂ ਕਿ ਨਹੀਂ ? *ਫਹੁੜਾ ਖੋਂਹਦਾ ਹੋਇਆ ਗੁੱਸੇ 'ਚ ਸੀਤੋ ਨੂੰ* ਸਹੁਰੀਏ ਤੈਥੋਂ ਨੀ ਆਵਦੀ ਜਬਾਨ ਵੱਸ 'ਚ ਰੱਖੀ ਜਾਂਦੀ ? ਇਹ ਤਾਂ ਭਲਾ ਜੇਹਾ-ਜਿਆ ਹੈ, ਹੈ !

ਗੁਰਨਾਮ : *ਅੱਗੇ ਆ ਕੇ* ਵੇ ਕਿਉਂ ਗੇਲਿਆ, ਨਿੱਤ ਕਲੇਸ਼ ਪਾ ਕੇ ਬਹਿ ਜਾਨੈਂ ? ਰੋਜ਼ ਦਾਰੂ ਨਾਲ਼ ਡੱਕ ਕੇ ਇਹਨੂੰ ਕੁੱਟ ਸਿਟਦੈਂ ਕਬੀਰਦਾਲਾਂ ਨੂੰ ਸ਼ੋਭਾ ਦਿੰਦੀ ਐ ਇਹ ਗੱਲ ?

ਸੀਤੋ : ਇਹਦਾ ਪਿਉ ਮੁਰੱਬੇ ਛੱਡ ਗਿਆ ਸੀ ਨਾ, ਉਹਦੇ ਸਿਰ 'ਤੇ ਪੀਂਦੈ !

ਗੇਲਾ : *ਬੇਮਤਲਬ ਗੁੱਸੇ ਵਿਚ* ਪਰਖਾਵਾਂ ਪਿਉ ?

ਗੱਜਣ : ਓਇ ਫੇਰ ਇਹ ਝੂਠ ਤਾਂ ਨੀ ਆਖਦੀ ? ਪਰੋਖੋਂ ਦੇਖ ਆਵਦੀ ਪਰੋਖੋਂ !

ਗੇਲਾ : *ਨਸ਼ਈ ਹਿੰਡ ਵਿਚ* ਮੈਂ ਤਾਂ ਫੂਕੂੰ, ਸਾਰੀ ਫੂਕੂੰ ! ਮੇਰੇ ਪਿਉ ਦੀ ਜਾਇਦਾਦ ਐ, ਇਹ ਕੌਣ ਐ ਹਟਾਉਣ ਆਲ਼ੀ ?

ਗੁਰਨਾਮ : ਕਿਉਂ ਇਹ ਨੀ ਹਟਾਊ, ਕੋਈ ਹੋਰ ਹਟਾਊ ? ਇਹ ਮੁੱਲ ਦੀ ਐ, ਲਾਵਾਂ ਦੇ ਕੇ ਨੀਂ ਲਿਆਂਦੀ ? ਕੀ ਚੱਜ ਕਰਦੈ !

ਗੇਲਾ : ਮੈਂ ਪੀਂਦਾ ਸੀ ? ਇਹਦੇ ਕਲੇਸ਼ ਦਾ ਮਾਰਾ ਪੀਣ ਲੱਗਿਐਂ ! ਪਹਿਲਾਂ ਘਰ ਅੱਡ ਕਰਾਇਆ ਏਸ ਦੇ ਕਲੇਸ਼ ਨੇ ! ਫੇਰ ਕਹਿੰਦੀ, 'ਜਿਉਂਦੀ ਤਾਂ ਐਂ, ਜੇ ਵਾਹੀ ਅੱਡ ਕਰੇਂਗਾ !' ਮੈਂ ਇਹਦੀਆਂ ਕਿੱਥੇ ਕਿੱਥੇ ਮੰਨੀ ਜਾਊਂ ? ਤੁਸੀਂ ਕਿਉਂ ਸੱਚੀਆਂ ਸੱਚੀਆਂ ਪੁਛਦੇ ਓਂ ? ਇਹ ਤੀਵੀਂ ਤਾਂ ਡੈਣ ਐਂ ਡੈਣ, ਬੰਦੇ ਖਾਣੀ !

ਗੱਜਣ : *ਇਸ ਡਰੋਂ ਕਿ ਗੱਲ ਕਿਤੇ ਹੋਰ ਪਾਸੇ ਹੀ ਨਾ ਚਲੀ ਜਾਵੇ* ਓਇ ਸਾਰਾ ਜੱਗ-ਜਹਾਨ ਈ ਅੱਡ ਹੁੰਦਾ ਆਇਐ ! ਆਪਾਂ ਕੋਈ ਜੱਗੋਂ ਬਾਹਰੀਂ ਤਾਂ ਨੀਂ ਕੀਤੀ ?

ਗੇਲਾ : ਫੇਰ, ਨਿੱਤ ਮੇਰੀ ਹਿੱਕ 'ਤੇ ਮੁੱਕੀਆਂ ਮਾਰ-ਮਾਰ ਕੇ ਆਖੂ, 'ਦੁਆਰਾ ਪੰਚੈਤ ਕੱਠੀ ਕਰ ! ਗੁਣੇ ਦੁਵਾਰਾ ਪਵਾ ! ਆਪਾਂ ਨੂੰ ਆਇਆ ਕੱਖ ਨੀਂ !'

*ਗੱਜਣ ਤੇ ਗੁਰਨਾਮ ਕੁਰ ਦੁਚਿੱਤੀ ਵਿਚ ਬੋਲ ਨਹੀਂ ਸਕਦੇ।*

ਸੀਤੋ : ਹਾਂਅ ! ਇਹ ਤਾਂ ਮੈਂ ਹੁਣ ਵੀ ਆਖਦੀ ਐਂ ਬਈ ਸਾਡੇ ਨਾਲ਼ ਚਾਰ ਸੌ ਬੀਸ ਹੋਈਐ ! ਮੈਂ ਕੋਈ ਲੁਕ-ਛਿਪ ਕੇ ਕਹਿਨੀ ਐਂ, ਗੱਜ-ਵਜਾ ਕੇ ਕਹਿਨੀ ਐਂ !

ਗੁਰਨਾਮ : *ਹੱਤਕ ਮਹਿਸੂਸ ਕਰਦੀ ਹੋਈ* ਕਿਉਂ ਨੀ ਕੀ ਨੀ ਦਿੱਤਾ ਤੈਨੂੰ ?

ਸੀਤੋ : ਦਿੱਤੀ ਐ ਸੱਤਾਂ ਚੁੱਲ੍ਹਿਆਂ ਦੀ ਸੁਆਹ ! ਚਾਰ ਢੁੱਟੇ ਭਾਂਡੇ ਮਾਰੇ ਸਾਡੇ ਮੱਥੇ ! ਬੁੜ੍ਹੇ-ਬੁੜ੍ਹੀ ਦੀ ਗੋਜ਼ੀ ਪਾ-ਲੀ ਆਵਦੇ ਢਿੱਡ 'ਚ।

ਗੁਰਨਾਮ : ਨੀਂ ਚੰਦਰੀਏ, ਗੋਜ਼ੀ ਨਾਲ਼ ਅਸੀਂ ਕਿਹੜੇ ਮਹਿਲ ਉਸਾਰਲੇ ? ਕੁਸ਼ ਸ਼ਰਮ ਕਰਿਆ ਕਰ, ਸ਼ਰਮ !

ਸੀਤੋ : *ਚੋਭ ਮਰਦੀ ਹੋਈ* ਸ਼ਰਮ ਕਰ ਤੂੰ ! ਜਿਹੜੀ ਏਸ ਲਾਈ-ਲੱਗ ਨੂੰ ਪੁੱਤ-ਪੁੱਤ ਕਰਕ ਕੇ ਚੂੰਡ ਕੇ ਖਾ-ਗੀ !

ਗੇਲ਼ਾ : *ਤੁਹਮਤਬਾਜ਼ੀ ਨਾ ਸਹਾਰਦਾ ਹੋਇਆ ਭੱਜ ਕੇ ਸੀਤੋ ਦੀ ਗਿੱਚੀ ਵਿਚ ਧੌਲ਼ ਮਾਰ ਕੇ* ਖਾਧੇ ਬਿਨਾਂ ਤਾਂ ਨੀਂ ਸੂਤ ਆਉਂਦੀ ਇਹ ਕਮਜ਼ਾਤ !

ਸੀਤੋ : ਬੂਹ ਵੇ ਬਾਬਲਾ ! ਕਿੱਥੇ ਕਸਾਈਆਂ ਦੇ ਵੱਸ ਪਾ-ਤੀ ਵੈਰੀਆ !

ਗੱਜਣ : *ਗੁੱਸੇ ਵਿਚ ਕੰਬਦਾ ਹੋਇਆ, ਗੇਲੇ ਨੂੰ* ਗੇਲਿਆ! ਮੇਰੀਆਂ ਅੱਖਾਂ ਤੋਂ ਦੂਰ ਹੋ-ਜਾ! ਕਿਤੇ ਮੈਥੋਂ ਹੋਰ ਨਾ...

*ਗੇਲਾ ਸੀਤੋ ਵੱਲ ਡੇਲੇ ਕੱਢਦਾ ਅੰਦਰ ਚਲਿਆ ਜਾਂਦਾ ਹੈ। ਗੁਰਨਾਮ ਕੌਰ ਵੀ ਜਾਣ ਲਗਦੀ ਹੈ ਪਰ ਸੀਤੋ ਦੇ 'ਬੋਲ' ਉਸ ਦੀ ਹਿੱਕ ਵਿਚ ਬੰਦੂਕ ਵਾਂਗ ਆ ਵੱਜਦੇ ਹਨ।*

ਸੀਤੋ : ਮੈਂ ਤਾਂ ਕਹਿਨੀ ਐਂ ਤੇਰੇ ਪੁੱਤ ਮਰ ਜਾਣ ਨੀ ਗੁਰਨਾਮੋਂ!

ਗੁਰਨਾਮ : ਨੀ ਨਪੁੱਤੀਏ! ਜੇ ਤੇਰੇ ਪੁੱਤ ਨੀਂ, ਜੱਗ ਵਸਦਾ ਵੀ ਦੇਖ ਨੀਂ ਸੁਖਾਉਂਦੀ? ਜੇ ਏਹੀ-ਜੀ ਐਂ ਤਾਂ ਹੀ ਤਰਸਦੀ ਫਿਰਦੀ ਐਂ!

ਗੱਜਣ : ਓਇ ਹੁਣ ਤੁਸੀਂ ਬਹਿ ਗੀਆਂ ਭੰਗਾਣੀ ਦਾ ਯੁੱਧ ਛੇੜ ਕੇ! *ਗੁਰਨਾਮ ਕੁਰ ਨੂੰ* ਤੂੰ ਹੀ ਵਗ-ਜਾ ਅੰਦਰ!

ਗੁਰਨਾਮ : ਨਾ ਏਸ ਕੰਜਰੀ ਨੂੰ ਕਿਸੇ ਦੀਨ-ਦੁਨੀਆਂ ਦੀ ਲੱਜ-ਸ਼ਰਮ ਈ ਨੀਂ? ਕਿਵੇਂ ਬੋਲ-ਕਬੋਲ ਬੋਲਦੀਐ!

ਸੀਤੋ : ਮੈਂ ਤਾਂ ਬੋਲਦੀਆਂ ਬੋਲ-ਕਬੋਲ! ਏਹ ਕਰਦੀ ਐ ਪੰਜ ਗ੍ਰੰਥੀ ਦਾ ਪਾਠ!

ਗੱਜਣ : *ਗੁਰਨਾਮ ਕੁਰ ਨੂੰ ਤਾੜ ਕੇ ਬੋਲਦਾ ਹੋਇਆ* ਜਾਂਦੀ ਨੀਂ ਫੇਰ?

ਗੁਰਨਾਮ : *ਬੁੜ-ਬੁੜ ਕਰਦੀ ਅੰਦਰ ਜਾਂਦੀ ਹੈ* ਜਿਦੇ ਦੀ ਧੋਤੇ ਪੈਰਾਂ ਆਲੀ ਆਈ ਐ, ਘਰ ਖੱਖੜੀਆਂ-ਕਰੇਲੇ ਕਰ ਕੇ ਰੱਖ-ਤਾ!

ਗੱਜਣ : ਤੂੰ ਵੀ ਜਾ ਸੀਤੋ ਅੰਦਰ! ਬਥੇਰਾ ਹੋ ਗਿਆ ਡਰਾਮਾ!

ਸੀਤੋ : *ਕਾਹਲੀ ਨਾਲ਼ ਅੰਦਰ ਜਾਂਦੀ ਹੋਈ* ਹੁਣ ਡਰਾਮੇ ਪਰਖਦੈਂ! ਜੇ ਉਦੋਂ ਬਰੋਬਰ ਦਾ ਭਾਈ ਮੰਨ ਕੇ ਅੱਧ ਦੇ ਦਿੰਦਾ? ਹੂੰ! *ਅੰਦਰ ਚਲੀ ਜਾਂਦੀ ਹੈ।*

ਗੱਜਣ : ਓਇ ਸੁਹਰੀਏ ਕਿਉਂ ਸ਼ੰਕਾ 'ਚ ਡੁੱਬੀ ਐਂ? ਮੈਂ ਤਾਂ ਆਹ ਅਣਤੋਲੀ ਧਰਤੀ 'ਤੇ ਖੜ੍ਹੈਂ ਜੇ ਇਕ ਡਬਲੀ ਪੈਸੇ ਦੀ ਵੀ ਦਿਰਿਆਤ ਰੱਖੀ ਹੋਵੇ ਆਵਦੇ ਛੋਟੇ ਭਾਈ ਨਾਲ਼!

*ਲੱਜਤਮਾਨ ਜਿਹਾ ਹੋਇਆ ਗੱਜਣ ਸਿੰਘ ਖਾਸਾ ਚਿਰ ਏਧਰ-ਉਧਰ ਖਿਲਾਅ ਵਿਚ ਝਾਕਦਾ ਰਹਿੰਦਾ ਹੈ। ਫੇਰ ਉਹ ਮੰਜੇ 'ਤੇ ਬੈਠਣ ਲਗਦਾ ਹੈ ਤੇ ਫੇਰ ਪੈਣ। ਉਸੇ ਵੇਲੇ ਅੱਠ-ਨੌਂ ਵਰ੍ਹਿਆਂ ਦਾ ਇਕ ਕਾਲੇ ਰੰਗ ਦਾ ਲਿਬੜਿਆ ਤਿਬੜਿਆ ਮੁੰਡਾ ਚੀਕ-ਚਿਹੜਾ ਪਾਉਂਦਾ 'ਹਾਏ ਨੀ ਬੇਬੇ, ਬਾਬਾ ਬਚਾ ਲੈ ਓਇ' ਕਰਦਾ ਉਸ ਦੇ ਮੰਜੇ ਹੇਠ ਆ ਵੜਦਾ ਹੈ। ਉਹ ਇਕ ਦਮ ਉਠ ਬੈਠਦਾ ਹੈ। ਪਿੱਛੋਂ ਮੁੰਡੇ ਦੇ ਪਿਓ ਦੌਲੇ ਦੀ ਆਵਾਜ਼ ਆਉਂਦੀ ਹੈ :*

ਦੌਲਾ : *ਆਉਂਦਾ ਆਉਂਦਾ* ਹੁਣ ਭੱਜ ਕੇ ਕਿੱਥੇ ਜਾਏਂਗਾ, ਮੇਰਿਆ ਸਾਲਕੜਿਆ! *ਮੰਚ 'ਤੇ ਪਹੁੰਚ ਕੇ* ਕਿਧਰ ਲੁਕ ਗਿਆ ਬੇਸ਼ਤੀਆ!

ਗੱਜਣ : ਓਇ ਕੀ ਹੋ ਗਿਆ ਦੌਲਿਆ ? ਐਨਾ ਨੀਂ ਜੁਆਕਾਂ 'ਤੇ ਹਰਖ਼ੀਂ ਦਾ ਹੁੰਦਾ!

ਦੌਲਾ : ਉਇ ਪੁੱਛ ਨਾ ਸਰਦਾਰਾ! ਜਿਹੜਾ ਇਸ ਚੰਦਰੀ 'ਲਾਦ ਨੇ ਮੇਰਾ ਸਿਰ ਕੁਲਾੜ੍ਹੀ 'ਚ ਦਿਤੈ, ਮੈਂ ਈ ਜਾਣਦੈਂ! *ਮੁੰਡੇ ਨੂੰ ਮੰਜੇ ਹੇਠ ਲੁਕਿਆ ਦੇਖ ਕੇ* ਨਿਕਲ ਆ ਬਾਹਰ, ਨਿਕਲ! *ਮਾਰਨ ਲਗਦਾ* ਤੇਰੇ ਮੈਂ ਸੀਰਮੇ ਪੀ-ਜੂੰ, ਸੀਰਮੇ!

ਮੁੰਡਾ : *ਡਰ ਨਾਲ਼ ਕੰਬਦਾ ਹੋਇਆ* ਹਾਏ ਓਏ ਬਾਬਾ! ਇਹ ਮੈਨੂੰ ਵੱਢ-ਦੂ! ਛਡਾ ਦੇ!

ਗੱਜਣ : ਓਇ ਦੌਲਿਆ ਧੱਕਾ ਨਾ ਕਰ ਭਾਈ! ਹੋਰ ਮੁੰਡੇ ਦਾ ਦਿਲ ਹੌਲ਼-ਜੂ! ਤੂੰ ਗੱਲ ਦੱਸ, ਕਹਾਣੀ ਕੀ ਐ ?

ਦੌਲਾ : *ਮੁੰਡੇ ਨੂੰ ਬਾਹੋਂ ਫੜ ਕੇ ਮੰਜੇ ਹੇਠੋਂ ਖਿੱਚ ਕੇ ਬਾਹਰ ਕਰ ਲੈਂਦਾ ਹੈ ਤੇ ਉਸਦੀ ਬਾਂਹ ਘੁੱਟ ਕੇ ਫੜੀਂ ਰੱਖਦਾ ਹੈ। ਮੁੰਡਾ ਡਰ ਨਾਲ਼ ਕੰਬੀ ਜਾਂਦਾ ਹੈ 'ਤੇ 'ਕੱਠਾ ਜਿਹਾ ਹੁੰਦਾ ਜਾਂਦਾ ਹੈ* ਲਾਣੇਦਾਰਾ ਗੱਲ ਕੀ ਦੱਸਾਂ ? ਮੇਰੀ ਤਾਂ ਦੋਇ ਪਾਸਿਉਂ ਜਾਨ ਕੁੜੱਕੀ 'ਚ ਆਈ ਵੀ ਐ! ...ਹੁਣ ਤੇਰੇ ਕੋਲੋਂ ਕੀ ਲੁਕੋਹ ਐ! ਮੈਂ ਭਾਗੂ-ਕੇ ਜੱਗਰ ਤੋਂ ਕੁੜੀ ਦੇ ਵਿਆਹ ਵੇਲੇ ਪੰਜ ਹਜ਼ਾਰ ਬਿਨਾਂ ਵਿਆਜੂ ਫੜਿਆ ਸੀ। ਉਹ ਕਹਿੰਦਾ, 'ਸਾਨੂੰ ਇਕ ਪਾਲ਼ੀ ਮੁੰਡੇ ਦੀ ਲੋੜ ਐ।' ਮੈਂ ਕਿਹਾ ਬਈ ਚਲ ਇਹ ਏਥੇ ਘਰੇਂ ਕੁੱਤੇ ਖੱਸੀ ਕਰਦਾ ਫਿਰਦੈ, ਨਾਲ਼ੇ ਆਪਣੀ ਗਰਜ ਸਰੂ, ਨਾਲ਼ੇ ਇਹ ਸੰਭਿਆ ਰਹੂ! ਮੈਂ ਰਲਾ-ਤਾਂ! ਇਹ ਐਸਾ ਕੁੱਤੇ ਦਾ ਬੀਅ-ਐ, ਡੰਗਰ ਲੋਕਾਂ ਦੇ ਖੇਤਾਂ 'ਚ ਛੱਡ ਕੇ ਪਤਾ ਨੀ ਕਿਧਰ ਰੋਹੀਏਂ ਚੜ੍ਹਿਆ ਰਹਿੰਦੈ! ਆਹ ਹੁਣ ਸਾਧਾਂ ਦੇ ਡੇਰੇ ਫਿਰਦਾ ਸੀ ਗੋਲ਼ੀਆਂ ਖੇਡਦਾ! ਅਗਲਾ ਮੇਰੇ ਘਰ ਆ ਖੜ੍ਹਦੈ ਨਿੱਤ! ਅਖੇ, ਜਾਂ ਤਾਂ ਰਕਮ ਮੋੜ ਜਾਂ ਫੇਰ ਮੁੰਡਾ ਚੱਜ ਨਾਲ਼ ਤੋਰ! ਅਗਲੇ ਨੇ ਤਾਂ ਕਹਿਣਾ ਈ ਐ ਜਦੋਂ ਪੰਡ ਰੁਪਈਆਂ ਦੀ ਦਿੱਤੀ ਐ!

ਗੱਜਣ : *ਮੁੰਡੇ ਨੂੰ* ਨਾ ਬਈ ਸ਼ੇਰਾ ਆਹ ਤਾਂ ਤੇਰੀ ਗੱਲ ਮਾੜੀ ਐ! ਡੰਗਰ ਤਾਂ ਭਾਈ ਤੈਨੂੰ ਚਾਰਨੇ ਚਾਹੀਦੇ ਐ, ਜਦੋਂ ਤੇਰਾ ਬਾਪੂ ਪੈਸੇ ਲਈ ਬੈਠੇ। ਇਹ ਵੀ ਕੀ ਕਰੇ ?

ਮੁੰਡਾ : *ਰੋਣਹਾਕੀ ਆਵਾਜ਼ ਵਿਚ ਹੌਂਕੇ ਭਰਦਾ ਆਪਣੀ ਮਜ਼ਬੂਰੀ ਦਸਦਾ* ਮੈਂ ਬਾਬਾ ਕੀ ਕਰਾਂ ਉਹਨਾਂ ਦੇ ਵੱਗ ਨੂੰ ? ਬੀਹ-ਪੱਚੀ ਤਾਂ ਕੱਟੀਆਂ-ਵੱਛੀਆਂ ਈ ਮੂਹਰੇ ਲਾ ਦਿੰਦੈ ਐ! ਫੇਰ ਜੱਗਰ ਆਖੂ, 'ਦਾਅ ਤਕਾ ਕੇ ਕਿਸੇ ਦੇ ਖੇਤ ਪਾ ਦਿਆ ਕਰ।' ਜੇ ਮੈਨੂੰ ਕੋਈ ਖੇਤ ਆਲ਼ਾ ਫੜ-ਲੇ, ਤਾਂ ਛਡੌਂਦੇ ਨੀਂ। ਉਲਟਾ ਉਹਨੂੰ ਆਖਣਗੇ, 'ਹੋਰ ਮਾਰ ਸਾਲ਼ੇ ਦੇ ਕੰਨ 'ਤੇ ਦੋ! ਅਸੀਂ ਇਹਨੂੰ ਲੋਕਾਂ ਦੇ ਖੇਤ ਚਾਰਨ ਨੂੰ ਤਾਂ ਨੀਂ ਆਖਿਆ ?' ਮੈਂ ਨਿੱਤ ਪੁੜੇ ਕਿੱਥੋਂ ਕਟੌਂਦਾ ਫਿਰਾਂ! ਐਨੇ ਪਸ਼ੂ ਸੂਤ ਔਂਦੇ ਐ 'ਕੱਲੇ ਤੋਂ ?



Acc. No. 131748

ਦੌਲਾ : *ਧੌਣ 'ਚ ਚਪੇੜ ਮਾਰਦਾ ਹੋਇਆ* ਧੰਦੜੇ ਦੇਖ ਸਾਲ਼ਾ ਕਿਵੇਂ ਲਾਉਂਦੈ ? ਵੱਡਿਆਂ ਨੂੰ ਝੂਠੇ ਕਰਦੈ, ਆਪ ਸੱਚਾ ਬਣਦੈ ! ਕਦੋਂ ਤੈਨੂੰ ਆਖਿਆ ਸੀ ਉਇ ਉਹਨਾਂ ਨੇ ਬਈ ਲੋਕਾਂ ਦੀਆਂ ਪੈਲ਼ੀਆਂ 'ਚ ਛੱਡ ਦਿਆ ਕਰ ਡੰਗਰ ?

ਮੁੰਡਾ : *ਰੋਂਦਾ ਹੋਇਆ* ਲਿਆ ਜੱਗਰ ਨੂੰ ਮੇਰੇ ਮੂੰਹ 'ਤੇ, ਪਛਾਮਾਂ !

ਦੌਲਾ : *ਲਗਾਤਾਰ ਦੋ ਤਿੰਨ ਧੌਲਾਂ ਮਾਰ ਕੇ* ਵੇਖ ਉਇ ਕਿੱਡੀ ਗਜ਼ ਦੀ ਜਬਾਨ ਲੱਗੀ ਐ ਸਾਲ਼ੇ ਦੇ !

ਮੁੰਡਾ : *ਧੌਣ 'ਤੇ ਬਾਹਾਂ ਦੀ ਕੰਘੀ ਪਾ ਕੇ* ਮਾਰ-ਤਾਂ ਉਇ ਬਾਬਾ !

ਗੱਜਣ : ਨਾ ਬਈ ਦੌਲਿਆ *ਉਹਦੀ ਬਾਂਹ ਫੜਦਾ ਹੋਇਆ* ਐਨਾ ਅਨਰਥ ਨਾ ਕਰ। ਬੱਚਾ ਐ, ਆਪੇ ਸਮਝ ਜੂ ਹੌਲ਼ੀ ਹੌਲ਼ੀ ! ਸਮਝਾ ਕੇ ਕੰਮ ਲੈ ! ਕੁੱਟ-ਕੁਟਾਈ ਨੀਂ ਠੀਕ।

ਦੌਲਾ : *ਹੋਰ ਮਾਰ ਕੇ* ਭੱਜੇਂਗਾ ?

ਮੁੰਡਾ : ਹਾਓ ਉਇ ਮੈਥੋਂ ਨੀ ਚਰਦੇ ਡੰਗਰ।

ਦੌਲਾ : ਹੋਰ ਸਾਲਿਆਂ ਤਕਤ 'ਤੇ ਬੈਠੇਂਗਾ ? ਡੰਗਰ ਨੀ ਚਰਦੇ ਇਹ ਤੋਂ ਪਟਿਆਲੇ ਆਲ਼ੇ ਰਾਜੇ ਤੋਂ !

ਗੱਜਣ : ਉਇ ਇਹਨੂੰ ਪੜ੍ਹਣ-ਪੁੜ੍ਹਣ ਈ ਪਾ ਦਿੰਦਾ...

ਦੌਲਾ : ਤੂੰ ਤਾਂ ਲੰਬੜਦਾਰਾਂ ਕਮਲ਼ੀਆਂ ਗੱਲਾਂ ਕਰਦੈਂ ! ਸਾਡਾ ਪੜ੍ਹਾ ਕੇ ਕਿੱਥੋਂ ਸਾਰਾ ਸਰਦੈ ? ਜੇ ਕਿਸੇ ਨਾਲ਼ ਸੀਰੀ-ਪਾਲ਼ੀ ਰਲਾਵਾਂਗੇ ਤਾਂ ਤੇਰੇ ਅਰਗੇ ਸਰਦਾਰ ਤੋਂ ਦੋ ਮਣ ਕਣਕ ਚੱਕਾਂਗੇ ਖਾਣ ਨੂੰ !

ਗੱਜਣ : ਉਇ ਡੱਡੀਏ ! ਤੇਰਾ ਬਾਪੂ ਵੀ ਹੱਥ ਵਢਾਈਂ ਬੈਠੇ ! ਇਹਦੇ ਵੀ ਵੱਸ ਨੀਂ ! ਵਗਜਿਆ ਕਰ ਸ਼ੇਰਾ ਡੰਗਰਾਂ ਮਗਰ !

ਮੁੰਡਾ : *ਦੁਹਾਈ ਪਾਉਂਦਾ* ਉਇ ਸਹੁੰ ਮਹਾਰਾਜ ਦੀ ਬਾਬਾ ਡੰਗਰ ਬਹੁਤ ਐ !!

ਦੌਲਾ : *ਜ਼ੋਰ ਦੀ ਮਾਰ ਕੇ* ਮੈਂ ਕਰਦੈਂ ਡੰਗਰ ਥੋੜ੍ਹੇ ! *ਮੁੰਡਾ ਕਿਲਕਾਰੀ ਛਡਦਾ ਹੈ। ਦੌਲਾ ਕੁੱਟਦਾ-ਮਾਰਦਾ ਉਹਨੂੰ ਬਾਹਰ ਖਿਚ-ਧੂਹ ਕੇ ਲਿਜਾਂਦਾ ਹੋਇਆ* ਚੱਲ, ਪਹਿਲਾਂ ਤੈਨੂੰ ਬੋੜ੍ਹੇ ਖੂਹ 'ਚ ਲਮਕੌਨੇਂ ਮੇਰਿਆ ਸਾਲ਼ਿਆ ! ਤੂੰ ਵੀ ਕੀ ਯਾਦ ਰਖੇਂਗਾ ਕਿ ਕਿਸੇ ਦੇ ਘਰ ਜੰਮਿਆ ਸੀ !

*ਮੁੰਡੇ ਨੂੰ ਲੈ ਕੇ ਚਲਿਆ ਜਾਂਦਾ ਹੈ। ਉਨ੍ਹਾਂ ਦੇ ਜਾਣ ਪਿਛੋਂ ਗੱਜਣ ਸਿੰਘ ਮੰਜੇ ਉੱਤੇ ਪੈ ਜਾਂਦਾ ਹੈ। ਵਕਫ਼ਾ... ਸੋਟੀ ਦੇ ਸਹਾਰੇ ਤੁਰੀ ਆਉਂਦੀ ਬਿਸ਼ਨੀ ਬੁੜ੍ਹੀ ਆਉਂਦੀ ਹੈ। ਪਹਿਲਾਂ ਅੰਦਰ ਵੱਲ ਨੂੰ ਜਾਂਦੀ ਹੈ ਫੇਰ ਕਿਸੇ ਦੇ ਪਏ ਦਾ 'ਝੌਲਾ' ਪੈਂਦਾ ਹੈ ਤੇ ਉਹ ਅੱਖਾਂ ਉੱਤੇ ਹੱਥ ਰੱਖ ਕੇ ਖੜ੍ਹ ਕੇ ਪਏ ਬੰਦੇ ਨੂੰ ਸਿਆਣਨ ਲਗ ਪੈਂਦੀ ਹੈ।*

ਬਿਸ਼ਨੀ : ਕੌਣ ਗੱਜਣ ਪਿਐ ?

ਗੱਜਣ : *ਉਠ ਕੇ ਬਿਸ਼ਨੀ ਨੂੰ ਦੇਖ ਕੇ* ਆ-ਹੋ ਬੇਬੇ, ਆ-ਜਾ ਬਹਿ ਜਾ ! ਬਿੰਦ ਛਾਵੇਂ ਰਾਮ ਕਰ ਲੈ !

ਬਿਸ਼ਨੀ : *ਮੰਜੇ ਵੱਲ ਆਉਂਦੀ-ਆਉਂਦੀ* ਵੇ ਪੁੱਤ ਮੇਰੇ ਨਿਕਰਮੀ ਦੇ ਕਰਮਾਂ 'ਚ

'ਰਾਮ ਕਿੱਥੇ ? *ਬਹਿੰਦੀ ਹੋਈ ਚੁੰਨੀ ਨਾਲ਼ ਮੂੰਹ ਦਾ ਮੁੜ੍ਹਕਾ ਪੂੰਝਦੀ ਹੋਈ* ਹੇ ਵਾਖਰੂ ! ਐਨਾ ਸੰਘੱਟ ! ਸਾਹ ਕਿਹੜਾ ਆਉਂਦੈ ! ਪੁੱਤ ਪਾਣੀ ਦੀ ਘੁੱਟ ਨੀ ਰੱਖੀ ਐਥੇ ?

ਗੱਜਣ : *ਗੜਬੀ ਚੁੱਕ ਕੇ ਫੜਾਉਂਦਾ ਹੋਇਆ* ਬੇਬੇ ਬਹਿ ਕੇ ਭਜਨ-ਬੰਦਗੀ ਕਰਿਆ ਕਰ ! ਹੁਣ ਤੇਰੀ ਉਮਰ ਉਪਰਲੇ ਨਾਲ਼ ਵਿਰਤੀਆਂ ਜੋੜਨ ਦੀ ਐ !

ਬਿਸ਼ਨੀ : *ਓਕ ਨਾਲ਼ ਪਾਣੀ ਪੀਂਦੀ ਹਟ ਕੇ, ਚੜ੍ਹੇ ਹੋਏ ਸਾਹ ਨਾਲ਼* ਭਜਨ-ਬੰਦਗੀ ਵੀ ਕਰਦੀ ਐਂ ਪੁੱਤ, ਬਹੁਤ ਕਰਦੀ ਐਂ ! *ਫੇਰ ਪਾਣੀ ਪੀ ਕੇ ਰੱਬ ਨੂੰ ਉਲਾਂਭਾ ਦੇਣ ਦੇ ਲਹਿਜ਼ੇ ਵਿਚ ਉਪਰ ਵੱਲ ਹੱਥ ਕਰਕੇ* ਕੇ ਉਪਰਲੇ ਨੇ ਮੈਨੂੰ ਬਹੁਤ ਸੁੱਖ ਦਿੱਤੇ ਨਾ ! ਤਾਂ-ਹੀਂ ਤਾਂ ਓਹਦੀ ਬੰਦਗੀ ਕਰਦੀ ਐਂ ! ਟਾਹਲੀ ਅਰਗਾ ਪੁੱਤ *ਹੱਥ ਨਾਲ਼ 'ਮਰੋੜਨ' ਦਾ ਕਾਰਜ ਕਰਦੀ ਹੋਈ* ਐਂਇੰ ਮਰੋੜ ਕੇ ਸਿੱਟ-ਤਾ ! *ਅੱਖਾਂ ਭਰ ਕੇ* ਮੈਂ ਪੁੱਤ ਉਪਰਲੇ ਦੀ ਬੰਦਗੀ ਕਿਉਂ ਨੀਂ ਕਰਨੀ ?

ਗੱਜਣ : ਓਹਦਾ ਭਾਣਾ ਸੱਚ ਕਰ ਕੇ ਮੰਨ ਬੇਬੇ, ਉਹਨੂੰ ਉਵੇਂ-ਈਂ ਮਨਜ਼ੂਰ ਸੀ ! ਬੰਦੇ ਦੀ ਕੋਈ ਵਾਹ ਚਲਦੀ ਐ ਉਸ ਅੱਗੇ ?

ਬਿਸ਼ਨੀ : *ਰੋਸ ਵਿਚ* ਨਾ ਵਾਹ ਤਾਂ ਨੀਂ ਚਲਦੀ ਪਰ ਮੈਂ ਵੀ ਕਿਸੇ ਦਾ ਕੀ ਵਗਾੜਿਆ ਸੀ ? ਘਰ ਆਲ਼ੇ ਮੇਰੇ ਨੇ ਨੀਂ ਸੀ ਕਦੀ ਗਿੱਲੇ ਗੋਹੇ 'ਤੇ ਪੈਰ ਧਰਿਆ ! ਸਾਰਾ ਜੱਗ ਜਹਾਨ ਜਾਣਦੈ ਬਈ ਪੁੱਤ ਮੇਰਾ ਕਪਲ਼ਾ ਗਊ ਸੀ ! ਫੇਰ ਉਹਨੇ ਮੇਰੇ ਨਾਲ਼ ਈ ਐਂਇੰ ਕਰਨੀ ਸੀ ?

ਗੱਜਣ : ਓਹਦੀਆਂ ਆਪਾਂ ਕਿਵੇਂ ਬੁਝੀਏ ਬੇਬੇ ? ਉਹਦੀ ਲੀਹਲਾ ਦਾ ਕਿਸੇ ਨੇ ਭੇਤ ਪਾਇਐ ?

ਬਿਸ਼ਨੀ : ਨਾ, ਭੇਤ ਤਾਂ ਨੀਂ ਪਾਇਆ, ਪਰ ਖਰੇ-ਖੋਟੇ ਦੀ ਪਰਖ ਤਾਂ ਹੁੰਦੀ ਹੋਊ ਉਹਨੂੰ ? ਅਨਸਾਫ਼-ਬੇਨਸਾਫ਼ ਦਾ ਨਬੇੜਾ ਜੇ ਉਹ ਨੀਂ ਕਰੂ ਤਾਂ ਹੋਰ ਕੌਣ ਕਰੂ ? ਵੇ ਲੋਹੜਾ ਨੀਂ ਪੁੱਤ ! ਭਰੀ ਸੱਥ 'ਚ ਸਿਖ਼ਰ ਦੁਪਹਿਰੇ ਸ਼ਰੀਕਾਂ ਨੇ ਪਹਿਲਾਂ ਉਹਨੂੰ ਵੱਢਿਆ, ਫੇਰ ਮੇਰੇ ਕਾਲਜੇ ਦੀਆਂ ਆਂਦਰਾਂ ਟੋਟੇ-ਟੋਟੇ ਕਰ-ਤੀਆਂ ! ਕਿਸੇ ਸੁਣੀਂ ਮੇਰੀ ? 'ਦਾਲਤਾਂ ਨੇ ਵੱਢੀਆਂ ਲੈ ਕੇ ਰੱਸੇ ਲਾਹ 'ਤੇ ! ਕਿੱਥੇ ਐ ਅਨਸਾਫ਼ ਪੁੱਤ ? ਹੈ ਕਿਤੇ ? ...ਅਨਸਾਫ਼ ਕਰਨ ਵਾਲੇ ਦੇ *ਹੱਥ ਚੌੜੇ ਕਰਕੇ* ਐਡਾ ਦਾਹੜਾ ! ਪੂਰਾ ਗੁਰਸਿੱਖ ਲੱਗੇ ! ਪਰ ਮਾਇਆ ਦੇ ਜਾਲ ਨੇ ਉਹਨੂੰ ਵੀ ਰੱਬ ਭੁਲਾ-ਤਾ ! *ਰੁਕ ਕੇ ਬੇਵਸ ਲਹਿਜ਼ੇ ਵਿਚ* ਤੇਰੇ ਰਾਜ ਵਿਚ ਮੱਚੀਆਂ ਨ੍ਹੇਰ ਗਰਦੀਆਂ ਵੇ ਦਿੱਲੀ ਦਿਆ ਰਾਜਿਆ !... *ਹਉਕਾ ਲੈ ਕੇ* ਅੱਜ ਨੂੰ ਪੁੱਤ, ਮੇਰਾ ਕਰਨੈਲ ਸੁੱ ਸੁੱਖ ਨਾਲ਼ ਤੇਰੇ ਆਂਗੂ ਧੀਆਂ ਪੁੱਤਾਂ ਆਲ਼ਾ ਹੁੰਦਾ ! ਤੈਥੋਂ ਵਰ੍ਹਾਂ-ਛਮਾਹੀ ਈਂ ਛੋਟਾ ਸੀ ? ...ਤੀਹ ਵਰ੍ਹੇ ਹੋ ਚੱਲੇ ਉਨ੍ਹਾਂ ਗੱਲਾਂ ਨੂੰ ! ਪਰ ਕਾਲਜੇ ਦੇ ਬਰਮ ਕਦੇ ਜਾਂਦੇ ਐ ? *ਚੁੰਨੀ ਦੀ ਕੰਨੀ ਨਾਲ਼ ਅੱਖਾਂ ਪੂੰਝਦੀ ਹੈ।*

ਗੱਜਣ : *ਪਿਘਲੇ ਹੋਏ ਮਨ ਨਾਲ਼* ਐਵੇਂ ਪੁਰਾਣੀਆਂ ਗੱਲਾਂ ਚੇਤੇ ਲਾ ਕੇ ਮਨ ਭਾਰਾ ਨਾ ਕਰਿਆ ਕਰ, ਬੇਬੇ! ਹੁਣ ਤਾਂ ਸਭ ਕੁਸ਼ ਭੁੱਲਿਆਂ-ਵਿਸਰਿਆਂ ਈ ਦਿਨ ਲੰਘਣਗੇ!

ਬਿਸ਼ਨੀ : *ਹੋਰ ਭਾਰੀ ਮਨ ਨਾਲ਼* ਬਹੁਤ ਭੁਲਦੀ ਐਂ ਪੁੱਤ, ਬਹੁਤ ਭੁਲਦੀ ਐਂ! ਪਰ ਜਦ ਸ਼ਰੀਕ ਦਗੜ-ਦਗੜ ਕਰਦੇ ਬਾਰ ਮੂਹਰਿਓਂ ਲੰਘਦੇ ਐ, ਦਿਹ ਨੂੰ ਲਾਂਬੂ ਜਿਆ ਲਗ ਜਾਂਦੈ ਜਾਣੀਂ-ਦੀ! *ਗੱਜਣ ਨੂੰ ਕੋਈ ਜਵਾਬ ਨਹੀਂ ਅਉੜਦਾ...* ਜਦ ਘਰ 'ਚ ਪਈ ਹੁੰਨੀ ਐਂ ਰਾਤ ਬਰਾਤੇ, ਸੁੰਨਾ ਘਰ ਵੱਢਣ ਨੂੰ ਆਉਂਦੈ! 'ਤਾਂਹਾਂ ਰੱਬ ਨਾਲ਼ ਵਿਰਤੀ ਜੋੜਦੀ ਐਂ, ਤਾਰੇ ਤੱਕਲੇ ਬਣ-ਬਣ ਹਿੱਕ 'ਚ ਖੁੱਭਣ ਲੱਗ ਪੈਂਦੇ ਐ! ਅੱਖਾਂ ਮੀਚਦੀ ਐਂ, ਅੱਖਾਂ ਦਾ ਪਾਣੀ ਉੱਬਲ਼ਣ ਲੱਗ ਪੈਂਦੇ!

ਗੱਜਣ : *ਉਸੇ ਤਰ੍ਹਾਂ ਭਰੇ ਮਨ ਨਾਲ਼* ਫੇਰ ਹੁਣ ਬੇਬੇ ਸਬਰ ਬਿਨਾਂ ਤਾਂ ਕੋਈ ਚਾਰਾ ਨੀਂ! ਡਾਢੇ ਅੱਗੇ ਕੋਈ ਜ਼ੋਰ ਚਲਦੈ? *ਪਰਨੇ ਨਾਲ਼ ਅੱਖਾਂ ਵਿਚ ਆਇਆ ਪਾਣੀ ਪੂੰਝਦਾ ਹੈ*

ਬਿਸ਼ਨੀ : *ਜਿਵੇਂ ਗੱਜਣ ਦੀ ਗੱਲ ਸੁਣੀ ਹੀ ਨਾ ਹੋਵੇ* ਕਦੇ ਕਦੇ ਪੁੱਤ, ਮੇਰਾ ਕਰਨੈਲ ਸਿਉਂ ਮੇਰੇ ਪੈਂਦੀ ਆ ਕੇ ਬਹਿ-ਜੂ। ਕਹੂ, 'ਲੈ ਬੇਬੇ, ਤੇਰੀਆਂ ਲੱਤਾਂ ਘੁਟ ਦਿਆਂ, ਤੇਰੀ ਪੁੜਪੁੜੀ 'ਚ ਚੀਸਾਂ ਪੈਂਦੀਆਂ ਰਹਿੰਦੀਆਂ ਐਂ।' ...ਫੇਰ ਪਤਾ ਨੀਂ ਗੱਲਾਂ ਕਰਦਾ-ਕਰਦਾ ਕਿਧਰ 'ਲੋਪ ਹੋ ਜਾਂਦੈ! *ਕਿੰਨਾ ਚਿਰ ਖਾਲੀ-ਖਾਲੀ ਉਤਾਂਹ ਦੇਖਦੀ ਰਹਿੰਦੀ ਹੈ। ਫੇਰ ਅੱਤ ਦੀ ਥੱਕੀ-ਹਾਰੀ ਆਵਾਜ਼ ਵਿਚ* ਹੁਣ ਤਾਂ ਥੱਕ ਗਈਐਂ ਪੁੱਤ, ਬਹੁਤ ਥੱਕ ਗਈ ਐਂ! ਪੁੜਪੁੜੀ 'ਚ ਚੀਸਾਂ ਪੈਂਦੀਆਂ ਈ ਰਹਿੰਦੀਐ! *ਉਠਦੀ ਹੋਈ ਰੱਬ ਵੱਲ ਮੂੰਹ ਕਰਕੇ* ਹੋਰ ਡਾਹਢਿਆ! ਕਿੰਨੇ ਕੁ ਬਦਲੇ ਲੈਣੇ ਐਂ, ਉਹ ਵੀ ਦੱਸ ਦੇ! *ਉਲਾਂਭੇ ਨਾਲ਼* ਤੂੰ ਆਵਦਾ ਚਿੱਤ ਰਾਜੀ ਕਰ ਲੈ, ਕਸਰ ਨਾ ਛੱਡੀਂ! *ਬਾਹਰ ਨੂੰ ਤੁਰ ਪੈਂਦੀ ਹੈ, ਫੇਰ ਇਕ-ਦਮ ਰੁਕ ਕੇ ਗੁੱਸੇ ਵਿਚ ਰੱਬ ਨੂੰ ਹੀ* ਹੁਣ ਬੁਲਾ ਵੀ ਨਹੀਂ ਸਕਦਾ ਆਵਦੇ ਕੋਲ? *ਫੇਰ ਉਂਜ ਹੀ ਬੇਮਤਲਬ ਜਿਹਾ ਖੜੀ ਰਹਿੰਦੀ ਹੈ। ਫੇਰ ਬਾਹਰ ਵੱਲ ਨੂੰ ਤੁਰ ਪੈਂਦੀ ਹੈ ਫਿਰ ਖੜ੍ਹ ਜਾਂਦੀ ਹੈ ਅਤੇ ਅੰਦਰ ਵੱਲ ਵੇਖਦੀ ਹੈ। ਦੋ ਕੁ ਕਦਮ ਮੁੜ ਕੇ* ਪਤਾ ਨੀਂ ਪੁੱਤ ਮੈਂ ਆਵਦੀ ਨੂੰਹ ਕੋਲ ਕੀ ਕੰਮ ਆਈ ਸੀ? *ਜ਼ੋਰ ਪਾ ਕੇ ਯਾਦ ਕਰਦੀ ਹੈ, ਪਰ ਯਾਦ ਨਹੀਂ ਆਉਂਦਾ* ਹੁਣ ਤਾਂ ਚੰਦਰਾ ਚੇਤਾ ਵੀ ਜਵਾਬ ਦੇਈ ਬੈਠੈ! ਚੱਲ, ਫੇਰ ਆਊਂ! ਚੰਗਾ ਪੁੱਤ, ਰੱਬ ਤੇਰੀਆਂ ਪਤਾਲ਼ੀਂ ਜੜ੍ਹਾਂ ਲਾਵੇ। ਦੋ ਗੱਲਾਂ ਸੁਣ ਲੈਨੈਂ, ਮਨ ਹੌਲ਼ਾ ਹੋ ਜਾਂਦੈ। ...ਪੁੱਤ ਛੋਟੇ ਨੂੰ ਦੱਬ ਕੇ ਪੜ੍ਹਾਈਂ, ਕੋਈ ਵੱਡਾ ਅਪਸਰ ਬਣ-ਜੂ। *ਤੁਰਦੀ ਹੋਈ* ਸਾਡੀ ਵੀ ਗਰੀਬਾਂ ਦੀ ਸੁਣੀ ਜਾਇਆ ਕਰੂ ਕਿਤੇ! *ਅੱਗੋ ਪੀਤਾ ਆ ਜਾਂਦਾ ਹੈ।*

ਪੀਤਾ : ਮੱਥਾ ਟੇਕਦੈਂ, ਅੰਬੋ!

ਬਿਸ਼ਨੀ : *ਅੱਖਾਂ ਉੱਤੇ ਹੱਥ ਰੱਖ ਦੇਖਦੀ ਹੋਈ* ਵੇ ਕਿਹੜੈਂ ਪੁੱਤ ਤੂੰ?

ਪੀਤਾ : ਬੇਬੇ ਮੈਂ ਤਾਂ ਪੀਤੌਂ, ਕੁੰਢੇ ਦਾ ਵੱਡਾ ਮੁੰਡਾ!

ਬਿਸ਼ਨੀ : *ਅਸੀਸ ਦਿੰਦੀ ਹੋਈ* ਚੰਗਾ, ਚੰਗਾ ਪੁੱਤ! ਜਿਉਂਦਾ ਰਹਿ! ਜੁਆਨੀਆਂ ਮਾਣੇ! ਵੱਡੀ ਉਮਰ ਹੋਵੇ!

*ਚਲੀ ਜਾਂਦੀ ਹੈ। ਪੀਤਾ ਉਸ ਨੂੰ ਜਾਂਦੀ ਨੂੰ ਤਰਸ ਤੇ ਸ਼ਰਧਾ ਦੀ ਮਿਲਵੀਂ ਭਾਵਨਾ ਨਾਲ਼ ਵੇਖਦਾ ਰਹਿੰਦਾ ਹੈ।*

ਪੀਤਾ : *ਖੁੰਢ ਵੱਲ ਆਉਂਦਾ ਹੋਇਆ* ਪੂਰਾ ਰੱਬ ਦਾ ਰੂਪ ਐ ਇਹ ਬੁੜ੍ਹੀ ਚਾਚਾ! ਮੈਨੂੰ ਤਾਂ ਜਿੱਦੋਂ ਤੜਕੇ-ਤੜਕੇ ਇਹਦੇ ਦਰਸ਼ਨ ਹੋ ਜਾਣ, ਸਹੁੰ ਢਾਂਡੀ ਦੀ, ਸਾਰਾ ਦਿਨ ਚਿੱਤ ਟਹਿਕਦਾ-ਜਿਆ ਰਹੂ ਫੁੱਲ ਆਂਗੂੰ!

ਗੱਜਣ : ਸਾਰੀ ਉਮਰ ਦੁੱਖ ਦੀ ਅੱਗ ਵਿਚ ਸੜਦੀ ਐ ਦਰਵੇਸ਼! ਜਿਸ ਸਿਦਕ-ਦਿਲੀ ਨਾਲ਼ ਇਹਨੇ ਰੰਡੇਪਾ ਕੱਟਿਐ, ਜਣੀ-ਖਣੀ ਨੀਂ ਕੱਟ ਸਕਦੀ! *ਪੈਂਦਾ ਹੋਇਆ* ਰੱਬ ਦਾ ਰੂਪ ਤਾਂ ਆਪੇ ਹੋਣਾ ਹੋਇਆ!

ਪੀਤਾ : ਕਿਵੇਂ ਨੀਂਦ ਆਉਂਦੀ ਐ! ਚੰਗਾ ਫੇਰ ਲਾ ਅੱਖ। ਆਪਾਂ ਆਵਦਾ ਸੰਖ ਵਜਾ ਲੈਨੇਂ ਐਂ।

*ਚਿਲਮ ਨੂੰ ਦੋ ਤਿੰਨ ਸੂਟੇ ਮਾਰ ਕੇ 'ਸੈੱਟ' ਕਰਦਾ ਹੈ। ਗੱਜਣ ਸਿੰਘ ਦੀ ਅੱਖ ਲੱਗ ਜਾਂਦੀ ਹੈ। ਬੋਹੜ ਉੱਤੇ ਆ ਬੈਠੇ ਕਾਂ 'ਕੁੜਾਂਅ-ਕੁੜਾਂਅ' ਕਰਦੇ ਸੁਣਾਈ ਦਿੰਦੇ ਹਨ। ਹੋਕਰਾ ਮਾਰ ਕੇ ਉਨ੍ਹਾਂ ਨੂੰ ਉਡਾਂਦਾ ਹੈ।*

ਹੇ-ਓ... ਕਿੱਥੇ ਦੁਪਹਿਰੇ-ਦੁਪਹਿਰੇ ਭੈਣ-ਦੇਣਿਆਂ ਨੇ ਪੁੱਠੇ ਰਾਗ ਛੇੜੇ ਐ! *ਝਲ਼ੀ ਚੁੱਕ ਕੇ ਮਾਰਦਾ ਹੋਇਆ* ਹੇ-ਓ! *ਕਾਂ ਉਡ ਜਾਂਦੇ ਹਨ।*

ਪਿੱਛੋਂ ਹੋਕੇ ਦੀ ਆਵਾਜ਼ : ਜਿਨ੍ਹਾਂ ਨੇ ਤਕਾਵੀਂ ਨੀਂ ਭਰੀ, ਭਰ ਆਓ ਓ...ਏ...! ਥਾਈ 'ਚ ਸ਼ਟੇਟੀ ਆਲ਼ੇ ਆਏ ਬੈਠੇ... ਐ!

ਗੱਜਣ : *ਉਭੜਵਾਹਿਆ ਉੱਠ ਕੇ* ਹੈਂਇ! ਇਹ ਲਲਕਾਰੇ ਕਿਹੜਾ ਮਾਰਦੈ?

ਪੀਤਾ : ਹੰ... ਹੰ... ਹੰ ਡਰ ਗਿਐ ਲਗਦੈ ਚਾਚਾ ਸੂੰ! ਇਹ ਤਾਂ ਚੌਕੀਦਾਰ ਐ! ਹੋਕਾ ਦਿੰਦੈ ਤਕਾਵੀਂ ਦਾ!

ਗੱਜਣ : *ਢੇਰੀ ਢਾਉਣ ਵਾਲ਼ਿਆਂ ਵਾਂਗ ਪੈਂਦਾ ਹੋਇਆ* ਇਹ ਵੀ ਆ-ਗੀ! ਬੱਸ ਏਸੇ ਦੀ ਕਸਰ ਰਹਿ-ਗੀ ਸੀ!

ਪੀਤਾ : *ਗੱਜਣ ਦੀ ਚਿੰਤਾ ਦਾ 'ਕਾਰਨ' ਸਮਝਦਾ ਹੋਇਆ ਆਪਣੇ ਆਪ ਨਾਲ਼* ਇਹ ਮੇਰੇ ਪੁੱਤਾਂ ਦੀ ਬੁੱਚੀ-ਜੀ ਕਬੀਲਦਾਰੀ ਈ ਸੰਘੱਟ ਦੇਈਂ ਫਿਰਦੀ ਐ! ਕਿਸੇ ਪਾਸਿਓਂ ਸਾਹ ਈ ਨੀਂ ਆਉਣ ਦਿੰਦੀ!

*ਕਾਸ਼ੀ ਰਾਮ ਸੇਠ ਆਉਂਦਾ ਹੈ। ਅੰਦਰ ਜਾਂਦਾ-ਜਾਂਦਾ ਪੀਤੇ ਨੂੰ ਦੇਖ ਰੁਕ ਜਾਂਦਾ ਹੈ।*

ਕਾਸ਼ੀ ਰਾਮ : *ਪਤਾ ਲੱਗਣ ਤੇ ਵੀ ਸੇਠਾਂ ਵਾਲੀ ਆਦਤ ਅਨੁਸਾਰ ਪੁਛਦਾ ਹੋਇਆ* ਕੌਣ, ਪੀਤਮ ਸੂੰ ਬੈਠੈ ?

ਪੀਤਾ : *ਮਖ਼ੌਲ ਨਾਲ਼* ਕਿਵੇਂ ਕਾਸ਼ੀ ਰਾਮਾ, ਘੱਟ ਦਿਸਣ ਲੱਗ ਪਿਆ ਕੁਸ਼ ?

ਕਾਸ਼ੀ : *ਉਸ ਵੱਲ ਆਉਂਦਾ ਹੀ* ਹੀਂ... ਹੀਂ... ਹੀਂ ਤੈਨੂੰ ਪਤਾ ਈ ਐ ਪੀਤਮ ਸਿਆਂ, ਸਭ ਚਲਦੇ ਸਰੀਰਾਂ ਦੀਆਂ ਗੱਲੈਂ! *ਗੱਜਣ ਨੂੰ ਦੇਖ ਕੇ* ਲੈ ਗੱਜਣ ਸੂੰ ਤਾਂ ਆਹ ਪਿਐ, ਮੈਂ ਐਵੇਂ ਮੂੰਹ ਚੱਕੀਂ ਜਾਂਦਾ ਸੀਂ ਅੰਦਰ ਨੂੰ! *ਗੱਜਣ ਨੂੰ* ਵਾਹਿਗੁਰੂ ਜੀ ਕੀ ਫਤੇ ਸਰਦਾਰ ਗੱਜਣ ਸਿਆਂ!

ਗੱਜਣ : *ਕੱਚੀ ਨੀਂਦ ਵਿਚੋਂ ਜਾਗਦਾ ਉੱਠਦਾ ਹੋਇਆ* ਵਾਹਿਗੁਰੂ ਜੀ ਕੀ ਫਤੇ ਕਾਸ਼ੀ ਰਾਮਾ! ਆ-ਜਾ! ਬਹਿ ਜਾ! ਸੁਣਾ ਤਕੜੈਂ ?

ਕਾਸ਼ੀ : ਕਿਰਪੈ ਭਗਵਾਨ ਦੀ! ਤੂੰ ਸੁਣਾ ਲੱਤ ਨੂੰ ਤਾਂ ਮੋੜ ਐ ਕੁਸ਼ ?

ਗੱਜਣ : ਹਾਂ, ਹੁਣ ਤਾਂ ਕੁਸ਼ ਮੋੜਾ ਲਗਦੈ।

ਕਾਸ਼ੀ : ਚੰਗਾ, ਚੰਗਾ, ਭਲੀ ਹੋਈ। ...ਪੱਟੀ ਮੰਡੀਓਂ ਕਰਾਉਨੈਂ ਕਿ ਐਥੋਂ ਆਪਣੇ ਸੰਤੇ ਦੇ ਮੁੰਡੇ ਤੋਂ ?

ਪੀਤਾ : ਕਾਸ਼ੀ ਰਾਮਾ, ਸਭ ਕੁਝ ਜਾਣਦਾ-ਬੁਝਦਾ ਭੋਲੀਆਂ ਗੱਲਾਂ ਕਰਨ ਲੱਗ ਪੈਨੈਂ! ਇਕ ਤਾਂ ਲੱਤ ਟੁੱਟੀ, ਦੂਜੇ ਘਰ ਦੀ ਤੰਗੀ, ਤੇ ਉੱਤੋਂ ਰੱਬ ਤੇਰਾ ਭਲਾ ਕਰੇ, ਕੰਮ ਦੀ ਰੁੱਤ! ਮੰਡੀ ਕਿਹੜੇ ਹਿਸਾਬ ਨਾਲ਼ ਜਾਊ ਬੰਦਾ ? ਹੈਂ, ਕੀ ਕਹਿੰਦੈਂ ?

ਕਾਸ਼ੀ : ਕੁਸ਼ ਵੀ ਕਹਿ ਪੀਤਮ ਸਿਆਂ, ਬੰਦੇ ਨੂੰ *ਆਪਣੇ ਸਰੀਰ ਵਲ ਇਸ਼ਾਰਾ ਕਰਕੇ* ਆਹ ਪੰਜ-ਤੱਤ ਦੇ ਪੁਤਲੇ ਨਾਲ਼ੋਂ ਕੁਸ਼ ਚੰਗਾ ਨੀਂ ਏਸ ਜਗਤ ਵਿਚ। ਜੀਅ ਨਾਲ਼ ਜਹਾਨ ਐ। ...ਨਾਲ਼ੇ ਆਹ ਸੰਤੇ ਦਾ ਮੁੰਡਾ ਤਾਂ ਬੰਦੇ-ਮਾਰੂ ਹਕੀਮ ਐਂ। ਰੱਬੋਂ ਬਚ-ਜੇ ਤਾਂ ਬਚ-ਜੇ, ਇਹ ਤਾਂ ਮਾਰਨ ਦੀ ਕਸਰ ਨੀਂ ਛੱਡਦਾ। ਲਾ ਕੇ ਭੀਖੀ ਆਲ਼ੇ ਰਫੂਜੀ ਕੋਲ ਛੀ ਮਹੀਨੇ, ਸੂਏ ਗੱਡਣ ਸਿਖ ਗਿਆ ਲੋਕਾਂ ਦੇ ਪੁੜੇ ਪਾੜਨ ਨੂੰ। ਗੱਡ ਕੇ ਪਾਣੀ ਦਾ ਸੂਆ, ਆਖੂ, 'ਕੱਢ ਦਸ ਰੁਪਈਏ!' ਰੁਪੀਏ ਜਿਵੇਂ ਝਾੜੀਂ ਲਗਦੇ ਹੁੰਦੇ ਐ! ਉਂ ਲੁੱਟ ਨੀਂ ਮਚਾ ਛੱਡੀ...

ਪੀਤਾ : *ਗੱਲ ਟੋਕ ਕੇ* ਓਇ ਕੁਸ਼ ਵੀ ਹੋਵੇ ਕਾਸ਼ੀ ਰਾਮਾ, ਵੇਲੇ ਕੁਵੇਲੇ ਕੰਮ ਤਾਂ ਆ ਜਾਂਦੈ! ਕਿ ਨਹੀਂ ? ਨਾਲ਼ੇ ਆਵਦਾ ਮਾਰੂ ਛਾਂਵੇਂ ਤਾਂ ਸਿੱਟੂ ? ਕੀ ਕਹਿੰਦੈ ?

ਕਾਸ਼ੀ : ਖ਼ੈਰ, ਆਹ ਗੱਲ ਤਾਂ ਤੇਰੀ ਸਵਾ-ਸੇਰੀ ਐ।

ਗੱਜਣ : ਤੈਂ ਕਿਵੇਂ ਗੇੜਾ ਮਾਰਿਆ ਕਾਸ਼ੀ ਰਾਮਾ ?

ਕਾਸ਼ੀ : *ਪੀਤੇ ਦੇ ਬੈਠੇ ਕਰ ਕੇ 'ਅਸਲੀ ਗੱਲ' ਕਰਨ ਤੋਂ ਸੰਕੋਚ ਕਰਦਿਆਂ* ਹੀ... ਹੀ... ਹੀ! ਮੈਂ ਸੋਚਿਆ ਗੱਜਣ ਸੂੰ ਬੋਹੜ ਦੀ ਛਾਵੇਂ ਤਾਂ ਬਹਿੰਦਾ ਈ ਐ, ਮੈਂ ਵੀ ਸੁਣ ਆਵਾਂ ਰੱਬ ਘਰ ਦੀਆਂ ਇਕ ਦੋ। ਬੰਦਾ ਭਜਨ-ਬੰਦਗੀ ਵਾਲ਼ੈ! ਹੀਂ... ਹੀਂ... ਹੀਂ...।

ਪੀਤਾ : ਸੁਣਿਐ ਕਾਸ਼ੀ ਰਾਮਾ, ਤੂੰ ਸੌਦਾ ਮਾਰਨ ਨੂੰ ਫਿਰਦੈਂ ਆਹ ਬੋਹੜ ਆਲ਼ੀ

ਥਾਂ ਦਾ ਸਰਦਾਰਾਂ ਨਾਲ਼ ?

ਕਾਸ਼ੀ : ਆਪਣੇ 'ਚ ਏਨੀ ਪਰੋਖੋਂ ਕਿੱਥੇ ਪੀਤਾ ਸਿਆਂ ? ...ਪਰ ਊਂ ਜੇ ਮੈਂ ਸੌਦਾ ਮਾਰ ਵੀ ਲਵਾਂ, ਥੋਨੂੰ ਕੋਈ ਤਰਾਜ਼ ਤਾਂ ਨੀਂ ? ਕਿ ਹੈ ਕੋਈ ?

ਪੀਤਾ : ਲੈ ਸਾਨੂੰ ਕੀ ਤਰਾਜ ਐ ? ਤੇਰੀ ਮਾਇਐ, ਭਾਵੇਂ ਮੈਸ੍ਹ ਖਰੀਦ ਭਾਵੇਂ ਕੱਟਾ! ..ਸਾਡੇ 'ਤੇ ਤਾਂ ਬਸ ਐਨੀ ਮਿਹਰ ਕਰੀਂ ਬਈ ਸਾਡੇ ਪਾਸੇ ਆਲੀਆਂ ਆਹ ਚਾਰ ਟਾਹਣੀਆਂ ਨਾ ਵੱਢੀਂ। ਕਿਤੇ ਇਸ ਡੱਬ-ਖੜੱਬੀ ਛਾਂ ਤੋਂ ਵੀ ਜਾਈਏ।

ਗੱਜਣ : ਤੂੰ ਤਾਂ ਕਾਸ਼ੀ ਰਾਮਾ ਅਮਲੀ ਨਾਲ਼ ਈ ਰੁੱਝ ਗਿਆ ਗੱਲਾਂ 'ਚ! ਤੈਂ ਦਸਿਆ ਈ ਨਾ ਬਈ ਕਿਵੇਂ ਦਰਸ਼ਨ ਦਿੱਤੇ ?

ਪੀਤਾ : *ਕਾਸ਼ੀ ਰਾਮ ਦੇ ਬੋਲਣ ਤੋਂ ਪਹਿਲਾਂ ਹੀ* ਕਾਸ਼ੀ ਰਾਮ ਨੇ ਚਾਚਾ ਸਿਆਂ ਤੇਰੇ ਨਾਲ਼ ਕੋਈ ਹਿਸਾਬ-ਕਿਤਾਬ ਕਰਨਾ ਹੋਣੈਂ! ਹੋਰ ਕੀ ਇਹ ਏਥੇ ਗਲ਼ੀਆਂ ਪੱਕੀਆਂ ਕਰਾਉਣ ਆਇਐ ?

ਕਾਸ਼ੀ : *ਖਸਿਆਣੀ ਹਾਸੀ ਹਸਦਾ* ਹੀਂ... ਹੀਂ... ਹੀਂ ਪੀਤਮ ਸੂੰ ਵੀ ਗੱਲ ਕਰੂ, ਬੱਸ! *ਗੱਜਣ ਸਿੰਘ ਵੱਲ ਤਕ ਕੇ* ਹੱਸਣ-ਖੇਡਣ ਦਾ ਸਭਾ ਐ ਨਾ! ਹੀਂ... ਹੀਂ... ਹੀਂ...

ਗੱਜਣ : ਹਿਸਾਬ-ਕਿਤਾਬ ਤੋਂ ਆਪਾਂ ਕਦੋਂ ਭੱਜੇਂ ਐਂ ਕਾਸ਼ੀ ਰਾਮਾ! ਪਰ ਇਸ ਕਬੀਲਦਾਰੀ ਨੇ ਚਾਰੇ ਪਾਸਿਉਂ ਐਸਾ ਵਾਗਲਾ ਮਾਰਿਐ, ਬਈ ਸਾਹ ਲੈਣਾ ਦੁੱਭਰ ਹੋਇਆ ਪਿਐ!

ਕਾਸ਼ੀ : ਸੱਤ ਐ, ਤੇਰੀ ਗੱਲ ਸਵਾ ਸੋਲਾਂ ਆਨੇ ਸੱਤ ਐ! ਪਰ ਜੱਗ ਤੇ ਸੁਖੀ ਵੀ ਕਿਹੜੈ ? ਨਾਨਕ ਦੁਖੀਆ ਸਭ ਸੰਸਾਰ...

ਪੀਤਾ : *ਗੱਲ ਟੋਕ ਕੇ ਐਂਇੰ ਤੂੰ ਸਾਰਿਆਂ ਨੂੰ ਇਕੋ ਡੈਂਡਕੇ ਨਾਲ਼ ਨਾ ਹੱਕ ਕਾਸ਼ੀ ਰਾਮਾ! ਹੁਣ ਆਹ ਸਰਦਾਰਾਂ ਦੇ ਵਾਗਲ ਵੱਲ ਹੱਥ ਕਰ ਕੇ* ਹਵੇਲੀ ਆਲ਼ੇ ਸਰਦਾਰਾਂ ਨੂੰ ਕੀ ਦੁੱਖ ਐ ? ਫੇਰ ਅਹੁ ਅਮਰੀਕਾ ਵਾਲਿਆਂ ਦੇ, ਮੇਰੇ ਸਾਲ਼ਿਆਂ ਦੇ, ਅੱਗ ਲਾਈਂ ਨੀ ਲਗਦੀ! ਕੀ ਕਹਿੰਦੈ ?

ਕਾਸ਼ੀ : ਕਰਮ! ਕਰਮ ਕੋਈ ਕਿਸੇ ਦੇ ਕਿਵੇਂ ਧੋ-ਲੂ ਪੀਤਮ ਸਿਆਂ ? ਸਾਰੀ ਗੱਲ ਕਰਮਾਂ ਦੀ ਐ, ਐਸ ਮੱਥੇ ਦੀ ਰੇਖ ਦੀ!

ਪੀਤਾ : *ਕੁਸ਼ ਤੈਸ਼ ਵਿਚ* ਉਨ੍ਹਾਂ ਦੇ ਮੱਥੇ ਰੱਬ ਨੇ ਸਿਉਨੇ ਦੇ ਬਣਾਏ ਸੀ, ਬਈ ਸਾਡੇ ਠੀਕਰੇ ਭੰਨ ਕੇ ਬਣਾ-ਤੇ ? ਕੀ ਕਹਿੰਦੈ ? ਉਹਨਾਂ ਆਂਗੂ ਬੀਕਾਨੇਰ ਵੰਨੀਓਂ ਅਸੀਂ ਫੀਮ ਦੀਆਂ ਜੀਪਾਂ ਭਰ-ਭਰ ਲਿਉਣ ਜੋਗੇ ਹੋਈਏ, ਸਾਡੇ ਮੱਥੇ ਦੀ ਰੇਖਾ ਵੀ ਉਘੜ-ਪੇ! ਗੱਲ ਕਰ, ਨਾ ਸਾਥੋਂ ਐਹੋ-ਜੇ ਕੁੱਤੇ ਕੰਮ ਹੋਣ ਤੇ ਨਾ ਹੀ ਸਾਡੀ ਉਨ੍ਹਾਂ ਨੂੰ ਆਂਗੂ ਠਾਣੇ-ਕਚਹਿਰੀਆਂ ਤਾਈਂ ਪਹੁੰਚ ਐ! ਚਾਰ ਆਰੀਂ ਛਾਪਾ ਮਾਰ ਕੇ ਤਿੰਨ-ਤਿੰਨ ਸੇਰ ਫੜੀ ਗਈ, ਪਰ ਕਿਸੇ ਨੇ ਬਾਤ ਈ ਨੀ ਪੁੱਛੀ! ਪਤਾ ਨੀਂ ਮੇਰੇ ਸਾਲ਼ਿਆਂ ਕੋਲ ਕੀ ਗਿੱਦੜ-ਸਿੰਗੀ ਐ, ਤੀਜੇ ਦਿਨ ਨੂਹ ਘਰੇਂ ਆ ਵੜਦੇ ਐ!

ਕਾਸ਼ੀ : ਇਹ ਵੀ ਕਰਮਾਂ ਦੀ ਗੱਲ ਐ, ਕਰਮਾਂ ਦੀ ਪੀਤਮ ਸਿਆਂ! ਲਿਖਤਕਾਰ...

ਪੀਤਾ : *ਹੋਰ ਵੀ ਜ਼ਿਆਦਾ ਤੈਸ਼ ਵਿਚ* ਨਾਲ਼ੇ ਤੂੰ ਮੱਥੇ 'ਤੇ ਗ੍ਰੰਥ ਲਖਾ ਕੇ ਲਿਆਇਆ ਹੋਵੇਂਗਾ? ਕੀ ਕਹਿੰਦੈ? ਆਹ ਲੰਡੀ-ਪਾੜ੍ਹਤ 'ਚ ਮਾਰ ਕੇ ਚਾਰ ਕਾਟੇ-ਬਾਟੇ, ਮੇਰੇ ਆਲ਼ੇ ਚਾਚੇ ਕੰਨੀ ਹੁਣ ਕੱਢ-ਲੇਂਗਾ ਪੰਜ-ਸੱਤ ਸੈ! ਤੇਰੇ ਇਹੋ ਕਰਮ ਐ ਨਾ, ਅਖੇ 'ਦੋ ਗੁੜ ਦੇ, ਦੋ ਗੁੜ ਆਲ਼ੇ, ਚਾਰ ਹੋ-ਗੇ!' ਸਾਨੂੰ ਮੂੰੜ੍ਹਾਂ ਨੂੰ ਕੀ ਪਤਾ ਲਗਦੈ, ਆਹ *ਗੂਠਾ ਦਿਖਾ ਕੇ* ਸਾਹੀ ਨਾਲ਼ ਲਬੇੜ ਕੇ ਠੱਪਾ ਲਾਉਣ ਜਾਣਦੇ ਐ! ਇਹਦੀਆਂ ਰੇਖਾਂ-ਈ ਤੇਰੇ ਅਰਗੇ ਦੇ ਕਰਮ ਬਣ ਜਾਂਦੇ ਐ!

ਕਾਸ਼ੀ : *ਹੱਤਕ ਮਹਿਸੂਸ ਕਰਦਾ ਹੋਇਆ* ਦੀਂਹਦੈਂ, ਕਾਟੇ-ਬਾਟੇ ਈ ਦਸਦੈ! ਓਇ ਕਾਟੇ-ਬਾਟੇ ਕਰਨ ਆਸਤੇ *ਸਿਰ 'ਤੇ ਉਂਗਲ ਮਾਰਦਾ ਹੋਇਆ* ਡਮਾਕ ਚਾਹੀਦੈ, ਡਮਾਕ! ਜੀਹਨੂੰ ਰੱਬ ਨੇ ਡਮਾਕ ਦਿੱਤਾ ਹੋਊ, ਓਹੀ ਕਾਟੇ-ਬਾਟੇ ਕਰੂ? ਹੋਰ ਤੂੰ ਕਰ-ਲੇਂਗਾ! ਤੈਨੂੰ ਕੀ ਪਤੈ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਐਂ? ਹੈਥੇ ਬੈਠਾ ਜੜਾਂਗੇ ਮਾਰਦੈਂ!... ਇਹ ਲਿਖਤਕਾਰ ਐ, ਲਿਖਤਕਾਰ! ਸਮਝਿਆ?

ਪੀਤਾ : *ਦੂਜਾ-ਤੀਜਾ ਸੂਟਾ ਖਿੱਚੇ ਤੋਂ ਚਿਲਮ ਬੁਝਨ ਦਾ ਪਤਾ ਲਗਣ ਤੋਂ ਬਾਦ* ਓਇ ਫੇਰ ਬੁਝ-ਗੀ? *ਕਾਸ਼ੀ ਨੂੰ* ਆਹ ਦੇਖ ਲੈ, ਸਾਡੇ ਤਾਂ ਤੂੰ ਹਾਲੀਏਂ ਕਰਮ ਉਘੇੜੀ ਜਾਨੈਂ। ਗਧੇ ਦੀ ਲਿੱਦ ਤਮਾਕੂ ਕਹਿ ਕੇ ਫੜਾ ਦਿਨੈਂ। ਤੇਰੇ ਤਾਂ ਰੱਬ ਨੇ ਕਰਮ ਆਪੇਂ ਚੰਗੇ ਲਿਖੇ ਐ! ਮਾੜੇ ਤਾਂ ਸਾਡੇ ਐ ਜਿਹੜੇ ਨਾਲ਼ੇ ਛਿੱਲ ਲਹਾਉਨੇ-ਐਂ, ਨਾਲ਼ੇ ਤੈਥੋਂ ਕਰਮ ਪਰਖੌਨੇ ਐਂ। ...ਕਿਤੇ ਥਿਆ-ਜੇ ਮੇਰਾ ਸਾਲ਼ਾ ਜਿਹੜਾ ਤੇਰੇ ਕਰਮ ਲਿਖਦੈ, ਫੇਰ ਤਾਂ ਪੁੱਛ-ਲੀਏ ਗੋਤ!

ਕਾਸ਼ੀ : *ਇਕ ਪਾਸੇ ਹੇਠਾਂ ਉਂਗਲ ਕਰਕੇ* ਭਲਿਆ-ਮਾਣਸਾ, ਕੋਲਾ ਤਾਂ ਚਿਲਮ ਦਾ ਅਹੁ ਪਿਐ ਬੁਝਿਆ, ਤਮਾਖੂ ਮੇਰਾ ਪਰਖ-ਦੈਂ! ਹੈਂ?

ਪੀਤਾ : *ਕੋਲਾ ਦੇਖ ਕੇ* ਚੰਗਾ ਫੇਰ, ਚਾਚਾ ਤੁਸੀਂ ਕਰੋ ਗੱਲਾਂ, ਮੈਂ ਧਰ ਲਿਆਵਾਂ ਚਿਲਮ 'ਚ ਕੋਲਾ। ਨਾਲ਼ੇ ਮੇਮਣਿਆਂ ਨੂੰ ਧੁੱਪ ਆ-ਗੀ ਹੋਊ। *ਜਾਣ ਲਗਦਾ ਹੈ*

ਕਾਸ਼ੀ : *ਗੱਜਣ ਨੂੰ ਪੀਤੇ ਦੀ ਪਿੱਠ ਦੇਖ ਕੇ* ਲੈ ਜੱਟ ਨੇ ਕੰਚਨ ਵਰਗੀ ਦੇਹੀ ਨਸ਼ਿਆਂ ਨਾਲ਼-ਈ ਗਾਲ-ਲੀ। ਕੈਸਾ ਕੜੀ ਅਰਗਾ ਜੁਆਨ ਹੁੰਦਾ ਸੀ। ਹੁਣ ਤਾਂ ਘੜੀ-ਦੈ, ਸਵੇਰ ਦੈ...

ਪੀਤਾ : *ਸੁਣ ਕੇ ਮੁੜਦਾ* ਕਾਸ਼ੀ ਰਾਮਾ! ਐਂਇੰ ਦੱਸ ਬਈ ਜਿਹੜੇ ਨਸ਼ੇ ਨੀਂ ਕਰਦੇ ਉਹ ਮਰਦੇ ਈ ਨੀਂ? ਜਦੋਂ ਜਮਦੂਤ ਲੈਣ ਆ-ਗੇ, ਨਾਲ਼ੇ ਤੂੰ ਅੜਾ ਲਈਂ ਦੌਣ 'ਚ ਲੱਤਾਂ? ਕੀ ਕਹਿੰਦੈ? ਜਦੋਂ ਮਰਨਾ ਈ ਐ ਤਾਂ ਚਾਰ ਦਿਨ ਅੱਗੋਂ ਕੀ ਤੇ ਪਿੱਛੋਂ ਕੀ? ...ਅਸੀਂ ਤੇਰੇ ਆਂਗੂ ਬਿਆਜ ਤੇ ਪੜ-ਬਿਆਜ ਲਾ-ਲਾ ਕੇ ਚੌਣੇ-ਅਠੌਣੇ ਕਰ ਕੇ ਪਾਪਾਂ ਦੀ ਖੱਟੀ

ਨਾਲ਼ ਕੀੜੇ ਪਾ ਕੇ ਸਾੜਣ ਨੂੰ ਨੀਂ ਰੱਖਣੀ ਦੇਹੀ! ਆ-ਗੀ ਸਮਝ ? ਐਂਇ ਤੁਰਦੇ ਫਿਰਦੇ ਮਰਾਂਗੇ! ਤੇ ਤੂੰ ? ਤੇਰੀ ਆਹ ਬਹੀ ਦਾ ਪੈਸਾ-ਪੈਸਾ ਤੇਰੇ ਹੱਡਾਂ 'ਚ ਪਾਰਾ ਬਣ-ਬਣ ਤੇਰੀ ਦੇਹ ਗਾਲੂ। ਐਥੇ ਤੂੰ-ਐਂ, ਐਥੋਂ ਮੈਂ-ਐਂ! ਦੇਖ-ਲੀਂ, ਜੇ ਮੇਰੇ ਬਚਨ ਆਹਲ਼ਾ ਜਾਏ ਤਾਂ! *ਗੁੱਸੇ ਵਿਚ ਚਲਿਆ ਜਾਂਦਾ ਹੈ*

ਕਾਸ਼ੀ : ਹੈਂ, ਹੈਂ, ਦੇਖਦੈਂ ਗੱਜਣ ਸਿਆਂ ? ਹੈ ਲੜਨ ਨੂੰ ਆਉਂਦਾ!? ਮੈਂ ਕੁਝ ਕਿਹਾ ਸੀ ਭਲਾ ? ਅਖੇ ਤੂੰ ਕੌਣ ? ਮੈਂ ਖਾਹ-ਮ-ਖਾਹ! ਦੇਖਦੈਂ ?

ਗੱਜਣ : ਚਲ ਛੱਡ, ਉਹ ਤਾਂ ਕਮਲ਼ੈ! ਜਦੋਂ ਅਮਲ 'ਚ ਹੁੰਦੈ ਫੇਰ ਆਵਦੀਆਂ ਈ ਮਾਰੀ ਜਾਊ! *ਗੱਲ ਬਦਲ ਕੇ* ਤੂੰ ਆਵਦੇ ਕੰਮ ਦੀ ਗੱਲ ਕਰ। ਨਾਵਾਂ ਦੱਸ ਕਿੰਨਾ ਕੁ ਬਣਦੈ ਸਾਰਾ ?

ਕਾਸ਼ੀ : *ਝੂਠੀ ਹਾਸੀ ਹੱਸ ਕੇ ਨਾਵੇਂ ਵਾਲ਼ੀ ਗੱਲ ਨਾਲ਼ ਜੁੜਦਾ ਹੋਇਆ* ਹੀਂ... ਹੀਂ.. ਹੀਂ...ਨਾਵਾਂ ਤੈਨੂੰ ਕੋਈ ਭੁੱਲਿਐ ? ਪੁਛਦੈਂ *ਬੈਠ ਕੇ ਬਹੀ ਖੋਲ੍ਹਦਾ* ਦਸ ਦਿੰਨੇ ਐਂ! *ਵਰਕੇ ਉਲਟਾਉਂਦਾ ਮੂੰਹ ਵਿਚ* ਮਿੱਤ ਭਗਵਾਨੇ ਕਾ... ਗਿਆਨਾ ਚੰਨਣ ਕਾ... ਪੰਜਾਬੋ ਬੁੜ੍ਹੀ.... *ਇਕ ਥਾਂ ਰੁਕ ਕੇ* ਲੈ ਆਹ ਥਿਆ ਗਿਆ! ਸੁਣ ਲੈ! ...ਪੰਜ ਹਜ਼ਾਰ ਤੈਂ ਵੱਡੇ ਮੁੰਡੇ ਟਹਿਲੇ ਦੇ ਬਿਮਾਰ ਹੋਣ ਵੇਲੇ ਲਿਆ ਸੀ। *ਯਾਦ ਕਰਾਉਣ ਦੀ ਨੀਅਤ ਨਾਲ਼* ਪਟਿਆਲੇ ਲੈ-ਗੇ ਸੀ ਚੱਕ ਕੇ ?

ਗੱਜਣ : ਠੀਕ ਐ!

ਕਾਸ਼ੀ : ਫੇਰ ਭਾਈ ਚਾਰ ਹਜ਼ਾਰ ਪਰ ਕੱਤੇ ਵੇਲੇ ਦਾ, ਜਦੋਂ ਰੇਹ ਦੇ ਭਰੇ ਸੀ ? ਚੇਤਾ ਐ ਨਾ ਜਦ ਸਸੈਟੀ ਵਾਲਿਆਂ ਦਾ ਰੌਲਾ ਪਿਐ ਤੇਰੇ ਨਾਲ਼ ?

ਗੱਜਣ : ਠੀਕ ਚੇਤਾ ਐ!

ਕਾਸ਼ੀ : ਦੋ ਹਜ਼ਾਰ ਤੇ ਪੰਦਰਾਂ ਪਿਛਲੀ ਰਕਮ ਤੁਰੀ ਆਉਂਦੀ ਐ। ਸਾਰਾ ਵਿਆਜ-ਵਾਧਾ ਲਾ ਕੇ ਇਹ ਬਣ-ਗੇ ਚੌਦਾਂ ਹਜ਼ਾਰ ਚੌਂਤੀ ਰੁਪਈਏ ਤੇ ਪੈਸੇ ? ...ਚਲ ਪੈਸਿਆਂ ਦਾ ਤਾਂ ਕੀ ਐ! ਤੂੰ ਚੌਦਾਂ ਹਜ਼ਾਰ ਚੌਂਤੀ ਸਮਝ ਪੂਰੇ!

ਗੱਜਣ : ਦੇਣੇ ਤਾਂ ਤੇਰੇ ਖਰੇ ਐ ਕਾਸ਼ੀ ਰਾਮਾ। ਜਦ ਭਾਈ ਲਏ ਐ ਦੇਣੇ ਵੀ ਪੈਣੇ ਐਂ। ਏਥੇ ਨੀਂ ਦੇਵਾਂਗੇ 'ਗਾਹਾਂ ਧਰਮ ਰਾਜ ਲੈ-ਲੂ ਸੰਘੀ ਨੱਪ ਕੇ। ਪਰ ਕਾਸ਼ੀ ਰਾਮਾ, ਹੁਣ ਤੇਰੇ ਕੋਲੋਂ ਕੀ ਲਕੋਹ ਹੈ! ਅਲੀਪੁਰ ਆਲ਼ਿਆਂ ਨੇ ਕੁੜੀ ਦਾ ਵਿਆਹ ਮੰਗ ਲਿਆ ਮਹੀਨੇ ਦੇ ਅੰਦਰ-ਅੰਦਰ। *ਵਿਆਹ ਦੀ ਗੱਲ ਸੁਣ ਕੇ ਕਾਸ਼ੀ ਰਾਮ ਨੂੰ ਖ਼ੁਸ਼ੀ ਹੁੰਦੀ ਹੈ ਪਰ ਉਹ ਇਸ ਖ਼ੁਸ਼ੀ ਦਾ ਗੱਜਣ ਸਿੰਘ ਨੂੰ ਪਤਾ ਨਹੀਂ ਲੱਗਣ ਦਿੰਦਾ* ਤੈਨੂੰ ਭਾਈ ਅਟਕਣਾ ਪਊ ਕੁਛ ਚਿਰ।

*ਗੁਰਨਾਮ ਕੁਰ ਆ ਕੇ ਪਿੱਛੇ ਖੜ੍ਹ ਕੇ ਉਹਨਾਂ ਦੀਆਂ ਗੱਲਾਂ ਸੁਣਨ ਲਗ ਪੈਂਦੀ ਹੈ।*

ਕਾਸ਼ੀ : ਵਿਆਹ ਤਾਂ ਗੱਜਣ ਸਿਆਂ, ਕੁੜੀ ਦਾ ਜ਼ਰੂਰ ਕਰ। ਖੁੱਲ੍ਹੇ ਦਿਲ ਨਾਲ਼ ਕਰ! ਮੈਂ ਤਾਂ ਆਪ ਤੈਨੂੰ ਸੌ ਵਾਰ ਕਿਹੈ ਬਈ ਕੁੜੀ ਤੇਰੀ ਸੁਖ ਨਾਲ਼ ਮੁਟਿਆਰ ਐ, ਉਹਦੇ ਹੱਥ ਪੀਲ਼ੇ ਕਰ! *ਗੱਲ ਬਦਲ ਕੇ* ਪਰ ਤੂੰ ਆਪਣਾ ਹਸਾਬ-ਕਿਤਾਬ ਵਕਤ ਸਿਰ ਕਰ ਕੇ ਨਿਬੇੜਦਾ ਰਿਹਾ ਕਰ। ਜਿੰਨਾ ਜ਼ਿਆਦਾ ਚਿਰ ਲਗਦੈ ਤੇਰੇ ਤੇ ਬੋਝ ਪਈ ਜਾਂਦੈ। ਰਕਮ ਨੇ ਤਾਂ ਵਧਣੈਂ ਈ ਵਧਣੈਂ, ਘਟਣਾ ਤਾਂ ਹੈ ਨੀਂ! ਹੈਂ ?

ਗੱਜਣ : ਇਹ ਤਾਂ ਤੇਰੀ ਗੱਲ ਝੂਠ ਨੀਂ, ਪਰ ਕੋਈ ਹੀਲਾ ਵੀ ਬਣੇਂ ?

ਕਾਸ਼ੀ : ਦੇਖ ਕਣਕ ਤੇਰੇ ਕੋਲੇ ਅਜੇ ਸੱਠ-ਸੱਤਰ ਮਣ ਪਈ ਐ। ਪੰਦਰਾਂ ਮਣ ਸਰ੍ਹੋਂ ਵੀ ਆਈ ਸੀ ਲੇਹੀ-ਆਲ਼ੀ 'ਚੋਂ!

ਗੱਜਣ : ਕਣਕ ਤੈਨੂੰ ਪਈ ਦੀਂਹਦੀ ਐ ਕਾਸ਼ੀ ਰਾਮਾ! ਚਾਲੀ ਮਣ ਤਾਂ ਘਰ 'ਚ ਜੁਆਕਾਂ ਦੇ ਚੱਬਣ ਨੂੰ ਚਾਹੀਦੀ ਐ। ਦਸ ਮਣ ਲੰਬੜਦਾਰ ਤੋਂ ਉਧਾਰ ਚੱਕੀਂ ਬੈਠਾ ਐਂ! ਫੇਰ ਦੋਵੇਂ ਬਲਦ ਬੈਠਦੇ ਜਾਂਦੇ ਐ, ਉਹਨਾਂ ਨੂੰ ਵੀ ਖਵਾਉਣੀ ਪਊ ਮਣ ਧਉਣ। ਬਾਕੀ ਰੇਹ-ਤੇਲ, ਬੀ-ਬਰੋੜੇ ਦਾ ਸਾਰਾ ਅਜੇ ਸਿਰ ਪਿਐ...

ਕਾਸ਼ੀ : ਫੇਰ ਤੂੰ ਐਂਇੰ ਕਰ! ਪੈਸੇ ਕੀਲਾ ਜ਼ਮੀਨ 'ਤੇ ਕਰਵਾ ਲੈ। ਨਾਲ਼ੇ ਜੇ ਤੈਨੂੰ ਬੀਬੀ ਦੇ ਵਿਆਹ 'ਤੇ ਲੋੜ ਪਈ, ਹੋਰ ਫੜ ਲਈ! ਆਪਾਂ ਤੈਥੋਂ ਭੱਜੇ ਨੀਂ। ਨਾਲ਼ੇ ਮੇਰਾ ਦਿਲ ਖੜ੍ਹ-ਜੂ! ...ਹੀਂ ...ਹੀਂ ਤੂੰ ਸਿਆਣੈ, ਬਾਣੀਏ ਦਾ ਚਿੱਤ ਤਾਂ ਲਿਖਤ ਨਾਲ਼ ਈ ਖੜਦੈ! ...ਹੀਂ ...ਹੀਂ ...ਹੀਂ...!

ਗੱਜਣ : *ਕਾਸ਼ੀ ਰਾਮ ਦੀ ਤਜਵੀਜ਼ ਤੋਂ ਥੋੜ੍ਹਾ ਤ੍ਰਭਕ ਕੇ* ਜ਼ਮੀਨ ਤਾਂ ਮੈਂ ਪਹਿਲਾਂ ਈਂ ਰੱਖੀਂ ਬੈਠੋਂ ਦੋ ਕੀਲੇ ਲੰਬੜਦਾਰ ਕੋਲ! ਇਕ ਤੈਨੂੰ ਦੇ ਕੇ ਅਸੀਂ ਡੰਡੇ ਵਜਾਵਾਂ-ਗੇ ?

ਕਾਸ਼ੀ : *ਥੋੜ੍ਹਾ ਕੌਰਾ ਹੋਣ ਦੇ ਇਰਾਦੇ ਨਾਲ਼* ਦੇਖ ਗੱਜਣ ਸਿਆਂ! ਓਦੋਂ ਤੈਂ ਸਾਉਣੀ ਵੇਲੇ ਕਿਹਾ ਸੀ, ਮੈਂ ਓਦੋਂ ਅਟਕ ਗਿਆ! ਹੁਣ ਤੂੰ ਫੇਰ ਅੱਗੇ ਪਾਈ ਜਾਨੈ! ਇਹ ਤੇਰੀ ਜਿਮੀਂਦਾਰਾਂ ਆਲੀ ਗੱਲ ਨੀਂ! ਆਪਣੀ ਪੁਰਖਿਆਂ ਤੋਂ ਬਣੀ ਆਉਂਦੀ ਐ, ਤੂੰ ਉਸ 'ਚ ਫਿੱਕ ਨਾ ਪਾ!

ਗੱਜਣ : ਮੈਂ ਤਾਂ ਫੇਰ ਤੈਨੂੰ ਦੱਸ-ਤੀ ਆਵਦੀ ਬੇਵਸੀ। ਤੂੰ ਹੀ ਦੱਸ ਜਦ ਅਗਲਿਆਂ ਨੇ ਵਿਆਹ ਮੰਗ ਲਿਐ ਕੁੜੀ ਦਾ, ਨਾ ਦੇਈਏ ?

ਕਾਸ਼ੀ : ਮੈਂ ਤੈਨੂੰ ਕਹਿਨੈਂ ਬਈ ਕੁੜੀ ਦਾ ਵਿਆਹ ਨਾ ਕਰ ? ਮੈਂ ਕਹਿਨੈਂ ਜ਼ਰੂਰ ਕਰ! ਹੈ ਦੇਖ ਪੁੱਠੀਆਂ ਗੱਲਾਂ ਕਰਦਾ!

ਗੱਜਣ : ਫੇਰ ਮੈਂ ਤਾਂ ਤੈਨੂੰ ਸੁਣਾ-ਤੀ ਸਿਰੇ ਦੀ! ਬਹੁਤਾ ਕਰਦੈਂ, ਮੇਰੇ ਕੋਲ਼ ਤਾਂ *ਅੰਗੂਠਾ ਦਿਖਾ ਕੇ ਆਹ ਗੂਠੈ, ਵਿਆਜ ਮੂਲ 'ਚ ਕਰ ਕੇ ਫੇਰ ਲਵਾ-ਲੈ!*

ਗੁਰਨਾਮ ਕੁਰ : *ਅੱਗੇ ਆਉਂਦੀ ਹੋਈ ਗੁੱਸੇ ਵਿਚ ਗੱਜਣ ਸਿੰਘ ਨੂੰ ਲਾਹਨਤੀ ਲਹਿਜ਼ੇ ਵਿਚ* ਗੂਠਾ ਕਾਹਨੂੰ ਲੌਨੈਂ ? ਘਰ ਰਖ ਦੇ ਗਹਿਣੇ! *ਕਾਸ਼ੀ ਨੂੰ ਖਰੀ ਹੁੰਦੀ* ਸੁਣ ਭਾਈ ਕਾਸ਼ੀ ਰਾਮਾ! ਜਿੱਦੋਂ ਪੈਸਿਆਂ ਦਾ ਪ੍ਰਬੰਧ ਹੋਇਆ ਦੇ-

ਦਿਆਂਗੇ! ਪਿੰਡ ਛਡ ਕੇ ਨੀਂ ਨੱਸੇ ਜਾਂਦੇ! ਤੂੰ ਨਿੱਤ ਗੇੜੇ ਨਾ ਮਾਰਿਆ ਕਰ!

ਕਾਸ਼ੀ : *ਗੁਰਨਾਮ ਕੁਰ ਦੇ ਕਹੇ ਦਾ ਬੁਰਾ ਮਨਾਉਂਦਾ ਹੋਇਆ* ਆਹੀ ਤਾਂ ਥੋਡੇ ਜੱਟਾਂ 'ਚ ਨੁਕਸ ਐ! ਪੈਸੇ ਲੈਣ ਵੇਲੇ ਤਾਂ ਦੇਹਲੀ ਨੀਵੀਂ ਕਰ ਦਿਨੇ-ਓਂ, ਦੇਣ ਵੇਲੇ ਲੋਹੇ ਦਾ ਥਣ ਬਣ ਜਾਨੇ-ਓਂ! ਹੁਣ ਗੇੜੇ ਪਰਖੀਂ-ਦੇ ਨੇ! ਹੂੰ!

ਗੁਰਨਾਮ ਕੁਰ : ਕਿਉਂ ਲੋਹੇ ਦੇ ਥਣ ਨੂੰ ਅੱਗੇ ਨੀਂ ਤੇਰੇ ਦਿੱਤੇ ? ਤੂੰ ਵੀ ਕੁਸ਼ ਰੱਬ ਤੋਂ ਡਰਿਆ ਕਰ! ਇਕ ਮ੍ਹੈਂਸ ਦੇ-ਤੀ ਤੈਨੂੰ ਸੱਜਰ ਸੂਈ ਜੁਆਕਾਂ ਦੇ ਮੂੰਹ 'ਚੋਂ ਦੁੱਧ ਖੋਹ ਕੇ! ਪਰਾਰ ਮੁੰਡਾ ਧਨੌਲੇ ਦੀ ਮੰਡੀ ਤੋਂ ਕਿਹੜੇ ਚਾਵਾਂ ਨਾਲ਼ ਬਹਿੜਕਾ ਲਿਆਇਆ ਸੀ, ਉਹਦਾ ਤਾਂ ਤੂੰ ਦਸ ਦਿਨ ਨਹੀਂ ਪੈਣ ਦਿੱਤੇ, ਰੱਸਾ ਫੜ ਕੇ ਲੈ ਗਿਆ! ਹੁਣ ਦੱਸ ਤੂੰ ਮੇਰੇ ਜੁਆਕਾਂ 'ਤੇ ਅੱਖ ਰੱਖੀ ਐ ?

ਗੱਜਣ : ਕਿਉਂ ਤੀਵੀਆਂ ਆਲ਼ਾ ਕਮਲ਼ ਘੋਟਦੀ ਐਂ! ਇਹ ਤੈਨੂੰ ਹੁਣ ਬਿਚਾਰਾ ਐਂਇੰ ਕਹਿੰਦੈ ਬਈ ਆਵਦੇ ਜੁਆਕ ਵੇਚ ਦੇ ?

ਕਾਸ਼ੀ : ਹਾਂ, ਦੇਖ ਲੈ ਗੱਜਣ ਸਿਆਂ...

ਗੁਰਨਾਮ ਕੁਰ : ਫੇਰ ਏਹ ਨੇ ਕਿਉਂ ਪੁੜਿਆਂ ਤੇ ਅੱਗ ਮਚਾਈ ਐ ? ਇਹਨੂੰ ਨੀਂ ਦੀਂਹਦਾ ਬਈ ਅਗਲੇ ਨੇ ਕੁੜੀ ਵਿਆਉਣੀ ਐਂ ?

ਕਾਸ਼ੀ : ਮੈਂ ਤਾਂ ਆਪੇ ਈ ਪੁੜਿਆਂ ਤੇ ਅੱਗ ਮਚਾਉਣੀ ਹੋਈ ਜਿਹੜਾ ਕਮਲ਼ਾ ਨਾਲ਼ੇ ਆਵਦੀ ਰਕਮ ਫਸਾਈ ਬੈਠੈਂ, ਨਾਲ਼ੇ ਉੱਤੋਂ ਬੱਚੇ-ਖਾਣਾ ਕਹਾਉਂਨੈ!

ਗੱਜਣ : ਤੂੰ ਕਾਸ਼ੀ ਰਾਮਾ ਹੁਣ ਜਾਹ, ਆਪਾਂ ਫੇਰ ਕਰਾਂਗੇ ਗੱਲ!

ਗੁਰਨਾਮ ਕੁਰ : ਫੇਰ ਕਿਤੋਂ ਖਜਾਨਾ ਲੁੱਟ ਲਿਆਵਾਂਗਾ ? *ਕਾਸ਼ੀ ਰਾਮ ਨੂੰ ਫ਼ੈਸਲਾਕੁੰਨ ਤੇ ਕੌਰੀ ਆਵਾਜ਼ ਵਿਚ* ਤੈਨੂੰ ਸੌ ਦੀ ਇਕ ਸੁਣਾ-ਤੀ, ਕਾਸ਼ੀ ਰਾਮਾ! ਪੈਸੇ ਸਾਉਣੀ ਤੋਂ ਪਹਿਲਾਂ ਨੀਂ ਦਿੱਤੇ ਜਾਂਦੇ, ਬੱਸ ਹੁਣ ਤੂੰ ਜਾਹ!!

ਕਾਸ਼ੀ : *ਜਾਣ ਦੇ ਇਰਾਦੇ ਨਾਲ਼ ਕੌਰਾ ਹੁੰਦਾ ਗੱਜਣ ਨੂੰ ਚਣੌਤੀ ਦੇ ਲਹਿਜ਼ੇ ਤੇ ਪੂਰੇ ਗੁੱਸੇ ਵਿਚ* ਚਲਿਆ ਤਾਂ ਮੈਂ ਜਾਨੈਂ ਗੱਜਣ ਸਿਆਂ! ਪਰ ਇਕ ਗੱਲ ਤੂੰ ਕੰਨ ਖੋਹਲ ਕੇ ਸੁਣ ਲੈ! ਜੇ ਦਸ ਦਿਨਾਂ ਦੇ ਅੰਦਰ-ਅੰਦਰ ਮੇਰਾ ਨਾਵਾਂ ਚੁਕਦਾ ਨਾ ਕੀਤਾ ਤਾਂ ਮੈਂ ਪੰਚੈਤ ਕੱਠੀ ਕਰੂੰ! ਉਥੇ ਨਾ ਨਿਬੜਿਆ ਕਚਹਿਰੀਏ ਚੜੂੰ! ਮੇਰਾ ਨਾਂ ਵੀ ਕਾਸ਼ੀ ਰਾਮ ਐ, ਕਾਸ਼ੀ ਰਾਮ! ਥੋਡੀ ਮੈਂ ਜੁੱਲੀ-ਤੱਪੜੀ ਵਿਕਿਆ-ਦੂੰ! ਥੋਡੀ ਮੈਂ ਜੁੱਲੀ-ਤਪੜੀ ਵਿਕਿਆ-ਦੂੰ! *'ਥੋਡੀ ਮੈਂ ਜੁੱਲੀ ਤਪੜੀ ਵਿਕਿਆ-ਦੂੰ' ਨੂੰ ਸੰਘ ਪਾੜ-ਪਾੜ ਦੁਹਰਾਂਦਾ ਨਿਕਲ਼ ਜਾਂਦਾ ਹੈ।*

ਗੱਜਣ : *ਪੂਰੇ ਗੁੱਸੇ ਵਿਚ ਗੁਰਨਾਮ ਕੁਰ ਨੂੰ* ਤੁਸੀਂ ਮੇਰੀ ਦਾਹੜੀ ਦਾ ਕਿਉਂ ਵਾਲ਼-ਵਾਲ਼ ਕਰਾਉਣ 'ਤੇ ਤੁਲੇ ਹੋਏ ਓਂ ? ਥੋਡਾ ਮੇਰਾ ਵੈਰ ਕੀ ਐ ? ਹੁਣ ਹੋ-ਲੀਂ ਖ਼ੁਸ਼ ਜਿੱਦੇ ਤੇਰੇ ਲਗਦੇ ਨੇ ਪੰਚੈਤ 'ਚ ਖੜਾ ਲਿਆ ਮੈਨੂੰ ?

ਗੁਰਨਾਮ ਕੁਰ : *ਉਸੇ ਤਰ੍ਹਾਂ ਗੁੱਸੇ ਵਿਚ* ਪੰਚੈਤ ਬੰਬ ਡੇਗ-ਦੂ ? ਸਾਡੀ ਪੰਚੈਤ ਕੁਸ਼ ਲਗਦੀ ਨੀਂ ?

ਗੱਜਣ : ਓਇ ਕਮਲਿਆ ਟੱਬਰਾ ! ਕਦੇ ਸ਼ਾਹਾਂ ਨਾਲ਼ ਝਗੜਾ ਪਾ ਕੇ ਵੀ ਕੋਈ ਜਿੱਤਿਐ ! ਕੱਲ੍ਹ ਨੂੰ ਜਦੋਂ ਕੁੜੀ ਦਾ ਵਿਆਹ ਕਰੇਂਗੀ, ਕੀਹਦੇ ਅੱਗੇ ਹੱਥ ਅੱਡੇਗੀਂ !

ਗੁਰਨਾਮ ਕੁਰ : ਦੇਖੀ ਜਾਊ ਜਦੋਂ ਹੱਥ ਅੱਡਣ ਦਾ ਵਕਤ ਆਇਆ ! *ਜਾਂਦੀ ਹੋਈ* ਸਾਡਾ ਤਾਂ ਸਾਰੀ ਉਮਰ ਇਸ ਟੁੱਟ ਪੈਣੇ ਕਾਸ਼ੀ ਨੇ ਈ ਨੀਂ ਖਹਿੜਾ ਛੱਡਿਆ ! ਮਰੇ-ਪੁੱਤਾਂ ਆਲ਼ਾ ਕੰਧਾਂ ਖਾ ਗਿਆ ਘਰ ਦੀਆਂ !

*ਬੋਲਦੀ ਬੋਲਦੀ ਅੰਦਰ ਚਲੀ ਜਾਂਦੀ ਹੈ। ਗੱਜਣ ਕਾਫ਼ੀ ਬੇਆਰਾਮ ਦਿਖਾਈ ਦਿੰਦਾ ਹੈ। ਫੇਰ ਗੁੱਸੇ ਵਿਚ ਰੱਬ ਨੂੰ ਸੰਬੋਧਨ ਹੁੰਦਾ ਹੈ।*

ਗੱਜਣ : *ਅਤਿ ਅੱਕਿਆ* ਓਇ ਰੱਬਾ ! ਏਦੂੰ ਕੁੱਤੇ ਦੀ ਜੂਨ ਪਾ ਦਿੰਦਾ ! ਕੀ ਬੁੜ੍ਹਿਆ ਪਿਆ ਸੀ ਤੇਰਾ ਜੱਟ ਬਣਾਉਣ ਕੰਨੀਓਂ ! ?

*ਨਢਾਲ਼ ਹੋ ਕੇ ਮੰਜੇ ਉੱਤੇ ਡਿੱਗ ਪੈਂਦਾ ਹੈ। ਵਕਫਾ... ਥੋੜ੍ਹੇ ਚਿਰ ਪਿਛੋਂ ਉਸ ਦੀ ਅੱਖ ਲਗ ਜਾਂਦੀ ਹੈ। ਸੁਪਨੇ ਵਿਚ ਪੰਛੀਆਂ ਦੀ ਮਿੱਠੀ ਚੀ-ਚਹਾਹਟ ਸੁਣਾਈ ਦਿੰਦੀ ਹੈ। ਫੇਰ ਹਲ਼ ਜੁੜੇ ਬਲਦਾਂ ਦੀਆਂ ਟੱਲੀਆਂ ਦੀ ਟਣਕਾਰ! ਬਾਹਰੋਂ ਬਿੰਦਰ ਕਾਹਲੀ ਕਾਹਲੀ ਆਉਂਦਾ ਹੈ ਤੇ ਅੰਦਰ ਚਲਿਆ ਜਾਂਦਾ ਹੈ।*

ਪਿਛੋਂ ਗੁਰਨਾਮ ਕੁਰ : *ਅੱਕੇ ਤੇ ਗੁਸੈਲੇ ਲਹਿਜ਼ੇ ਵਿਚ* ਆ ਗਿਆ ਕੌਲ਼ੇ ਕੱਛ ਕੇ ?

ਪਿਛੋਂ ਬਿੰਦਰ : *ਗੁੱਸੇ ਵਿਚ* ਤੈਂ ਕੀ ਟਿੰਡ੍ਹੀਆਂ ਲੈਣੀ-ਐਂ !

ਪਿਛੋਂ ਗੁਰਨਾਮ ਕੁਰ : ਅਹੁ ਰੋਟੀਆਂ ਪਈਐਂ ਆਲ਼ੇ 'ਚ, ਝੁਲ਼ਸ ਲੈ !

ਪਿਛੋਂ ਬਿੰਦਰ : ਰੋਟੀਆਂ ਨੂੰ ਪਾਇਐ ਬੂਰੀ ਮਹਿੰ ਦਾ ਘਿਉ !

ਪਿਛੋਂ ਗੁਰਨਾਮ ਕੁਰ : ਘਿਓ ਨੂੰ ਤੇਰੇ ਪਿਉ ਦੀ ਪਿਲਸਨ ਆਉਂਦੀ ਐ ! ?

*ਗੱਜਣ ਬੇਅਰਾਮੀ ਮਹਿਸੂਸ ਕਰਦਾ ਹੈ*

ਪਿਛੋਂ ਬਿੰਦਰ : ਮੈਨੂੰ ਨੀਂ ਪਤਾ, ਜੇ ਮੈਨੂੰ ਟੂਰ 'ਤੇ ਜਾਣ ਨੂੰ ਪੈਸੇ ਨਾ ਦਿੱਤੇ, ਮੈਂ ਘਰੋਂ ਨਿਕਲ਼-ਜੂੰ !

ਪਿਛੋਂ ਗੁਰਨਾਮ ਕੁਰ : ਜਾਹ, ਬਿੰਦ-ਕੁ ਨੂੰ ਨਿਕਲ਼ਦਾ, ਹੁਣੇ ਨਿਕਲ਼ ! ਘਰੋਂ ਨਿਕਲ਼ਣ ਦੇ ਡਰਾਵੇ ਦਿੰਦੈ ! ਐਡਾ ਸਾਰਾ ਵੋਦਲ਼ ਹੋ ਗਿਐਂ, ਕਦੇ ਐਂਇੰ ਵੀ ਸੋਚਿਐ ਘਰੇਂ ਕੁਆਰੀ ਭੈਣ ਬੈਠੀ ਐ ?

ਪਿਛੋਂ ਬਿੰਦਰ : ਮੈਂ ਕੀ ਕਰਾਂ ਫੇਰ ? ਜ੍ਹਿੰਦੇ ਜੰਮੀ ਸੀ ਉਦੋਂ ਨੀਂ ਸੀ ਦੀਂਹਦਾ ?

ਪਿਛੋਂ ਗੁਰਨਾਮ ਕੁਰ : ਬਿੰਦ-ਕੁ ਨੂੰ ਇਹ ਵੀ ਕਹਿ-ਦੀਂ ਬਈ ਤੈਨੂੰ ਕਿਉਂ ਜੰਮਿਆ ਸੀ ! ਜੇ ਜੰਮਿਆ ਸੀ ਹੁਣ ਜ਼ਮੀਨਾਂ ਧਰ-ਧਰ ਟੂਰਾਂ 'ਤੇ ਜਾਣ ਨੂੰ ਨੋਟ ਵੀ

ਦਿਓ! ਏਹੋ ਸਖੌਂਦੇ ਐ ਤੈਨੂੰ ਜਾਏ-ਖਾਣੇ ਤੇਰੇ ਪਰਫੈਸਰ ? ਅੱਗ ਲੱਗੇ ਥੋਡੀਆਂ ਐਹੋ-ਜੀਆਂ ਪੜ੍ਹਾਈਆਂ ਨੂੰ ਜੇ ਪੜ੍ਹ ਕੇ ਤੁਸੀਂ ਸਾਡੇ ਝਾਟੇ ਦਾ ਈ ਵਾਲ਼-ਵਾਲ਼ ਕਰਨੈ ਤਾਂ!

ਪਿਛੋਂ ਬਿੰਦਰ : ਮੈਂ ਕਦੋਂ ਥੋਡੀਆਂ ਮਿੰਨਤਾਂ ਕੀਤੀਆਂ ਸੀ ਬਈ ਜ਼ਰੂਰ ਮੈਨੂੰ ਐਮ. ਏ. ਕਰਾਓ ? ਆਪੇ ਭੌਂਕਦੀ ਫਿਰਦੀ ਸੀ *ਨਕਲ ਕਰਕੇ* 'ਹੋਰ ਪੜ੍ਹ ਲੈ ਚਾਰ ਜਮਾਤਾਂ, ਕਿਤੇ ਕੋਈ ਵੱਡਾ ਅਫ਼ਸਰ ਬਣ-ਜੇਂਗਾ!'

ਪਿਛੋਂ ਗੁਰਨਾਮ ਕੁਰ : *ਚੀਕ ਕੇ* ਵੇ ਫੇਰ ਮਾੜਾ ਕਰ-ਤਾ ਔਤਰਿਆ ਦਿਆ ਔਤਰਿਆ!!

ਪਿਛੋਂ ਬਿੰਦਰ : *ਚੁੱਪ ਕਰਦਾ ਹੋਇਆ* ਮਾੜਾ ਕਰ-ਤਾ ਨਾਲ਼ੇ ਹੋਰ ਕਰ-ਤਾ!

*ਥੋੜ੍ਹਾ ਚਿਰ ਚੁੱਪ ਰਹਿੰਦੀ ਹੈ। ਦੂਰੋਂ ਪਿੰਡ ਵਿਚੋਂ ਕੁੜੀਆਂ ਦੇ ਗੀਤ ਗਾਉਣ ਦੀ ਆਵਾਜ਼ ਆਉਂਦੀ ਹੈ :*

'ਬਾਬਲ ਤੈਨੂੰ
ਕੇਹੀ ਨੀਂਦ ਪਿਆਰੀ ਵੇ
ਘਰ ਤਾਂ ਤੇਰੇ
ਧੀ ਕੰਨਿਆ ਕੁਮਾਰੀ ਵੇ...
ਬਾਬਲ! ਉਹ ਤਾਂ ਵਰ ਮੰਗਦੀ ਵੇ...।
ਇਕ ਸੁਹਣਾ ਜਿਹਾ ਘਰ ਮੰਗਦੀ ਵੇ।'

*ਗੱਜਣ ਦੀ ਨੀਂਦ ਥੋੜ੍ਹੀ ਉਚਾਟ ਹੋ ਜਾਂਦੀ ਹੈ ਤੇ ਉਹ ਪਾਸੇ ਮਾਰਨ ਲਗ ਪੈਂਦਾ ਹੈ, ਪਰ ਜਾਗਦਾ ਨਹੀਂ। ਸੁਫ਼ਨੇ ਵਿਚ ਵੱਖ-ਵੱਖ ਆਵਾਜ਼ਾਂ ਉਸ ਨੂੰ ਸੁਣਾਈ ਦਿੰਦੀਆਂ ਹਨ।*

ਗੁਰਨਾਮ ਕੁਰ ਦੀ ਆਵਾਜ਼ : ਚੰਗਾ, ਰਹਿੰਦੇ ਵੀ ਰੱਖ ਦੇ! ਕਸਰ ਨਾ ਛੱਡੀਂ! ਤੂੰ ਜੱਟਾ ਮੇਰੇ ਪੁੱਤਾਂ ਨੂੰ ਮੰਗਤਾ ਬਣਾ ਕੇ ਠੂਠਾ ਫੜਾਉਣੈਂ, ਫੜਾ ਦੀਂ! ਤੇਰੇ ਚਾਅ ਨਾ ਦਿਲ 'ਚ ਰਹਿ ਜਾਣ ਕਿਤੇ!

ਗੇਲੇ ਦੀ ਆਵਾਜ਼ : ਗਰਜਾਂ ਕੀ ਤੈਂ ਟੱਟੂ ਦੀਆਂ ਪੂਰੀਆਂ ਕੀਤੀਐਂ ? ਕੋਈ ਵਿਆਹ ਨੀਂ ਕੀਤਾ, ਸ਼ਾਦੀ ਨੀਂ ਕੀਤੀ ? ਹੂੰ! ਗਰਜਾਂ ਪੂਰੀਆਂ ਕੀਤੀਐਂ ਇਹਨੇ!

ਸੀਤੋ ਦੀ ਆਵਾਜ਼ : ਹੁਣ ਡਰਾਮੇਂ ਪਰਖ ਦੈਂ! ਜੇ ਓਦੋਂ ਬਰੋਬਰ ਦਾ ਭਾਈ ਮੰਨ ਕੇ ਅੱਧ ਦਿੰਦਾ ? ਹੂੰ!

ਪੀਤੇ ਦੀ ਆਵਾਜ਼ : ਹੋ ਐ! ਕਿੱਤੇ ਦੁਪਹਿਰੇ ਦੁਪਹਿਰੇ ਭੈਣ ਦੇਣਿਆਂ ਨੇ ਛੇੜੇ ਐ ਪੁੱਠੇ ਰਾਗ!

ਗੁਰਨਾਮ ਕੁਰ ਦੀ ਆਵਾਜ਼ : ਸਾਡਾ ਤਾਂ ਸਾਰੀ ਉਮਰ ਇਸ ਟੁਟ-ਪੈਣੇ ਕਾਸ਼ੀ ਨੇ ਈਂ ਨੀਂ ਖਹਿੜਾ ਛਡਿਆ! ਕੰਧਾਂ ਖਾ ਗਿਆ ਮਰੇ ਪੁੱਤਾਂ ਆਲ਼ਾ ਘਰ ਦੀਆਂ!

ਕਾਸ਼ੀ ਰਾਮ ਦੀ
ਆਵਾਜ਼ : ਚਲਿਆ ਤਾਂ ਮੈਂ ਜਾਨੈਂ ਗੱਜਣ ਸਿਆਂ! ਪਰ ਇਕ ਗੱਲ ਤੂੰ ਕੰਨ ਖੋਹਲ ਕੇ ਸੁਣ ਲੈ! ਜੇ ਦਸ ਦਿਨਾਂ ਦੇ ਅੰਦਰ ਅੰਦਰ ਮੇਰਾ ਨਾਵਾਂ ਚੁਕਦਾ ਨਾ ਕੀਤਾ ਤਾਂ ਮੈਂ ਪੰਚੈਤ ਕੱਠੀ ਕਰੂੰ! ਉਥੇ ਨਾ ਨਿਬੜਿਆ ਕਚਹਿਰੀਏਂ ਚੜੂੰ!! ਮੇਰਾ ਨਾਂ ਵੀ ਕਾਸ਼ੀ ਰਾਮ ਐ, ਕਾਸ਼ੀ ਰਾਮ!! ਥੋਡੀ ਮੈਂ ਜੁੱਲੀ-ਤਪੜੀ ਵਿਕਿਆ-ਦੂੰ! ਥੋਡੀ ਮੈਂ ਜੁੱਲੀ-ਤਪੜੀ ਵਿਕਿਆ-ਦੂੰ!!

*ਕਾਸ਼ੀ ਰਾਮ ਦੇ ਵਾਰ-ਵਾਰ ਦੁਹਰਾਏ ਅਖ਼ੀਰਲੇ ਬੋਲਾਂ ਨਾਲ਼ ਗੱਜਣ ਸਿੰਘ ਬੇਰਾਮੀ ਦੀ ਸਿਖ਼ਰ ਤੇ ਪਹੁੰਚ ਜਾਂਦਾ ਹੈ। ਜਦੋਂ 'ਥੋਡੀ ਮੈਂ ਜੁੱਲੀ-ਤਪੜੀ ਵਿਕਿਆ-ਦੂੰ' ਉਕਤੀ ਲਗਾਤਾਰ ਹਵਾ ਵਿਚ ਗੂੰਜਦੀ ਰਹਿੰਦੀ ਹੈ ਤਾਂ ਗੱਜਣ ਸਿੰਘ ਸੁਫ਼ਨੇ ਵਿਚ ਡਾਂਗ ਚੁੱਕ ਕੇ ਪੂਰੇ ਗੁੱਸੇ ਵਿਚ 'ਕਾਸ਼ੀ' ਦੇ ਵਗਾਹ ਕੇ ਮਾਰਦਾ ਹੈ। ਡਾਂਗ ਇਤਨੇ ਜ਼ੋਰ ਦੀ ਮਾਰਦਾ ਹੈ ਕਿ ਉਹ ਆਪਣੇ ਜ਼ੋਰ ਨਾਲ਼ ਆਪ ਹੀ ਡਿਗ ਪੈਂਦਾ ਹੈ। ਉਧਰੋਂ ਕਾਹਲ਼ੀ ਨਾਲ਼ ਪੀਤਾ ਆਉਂਦਾ ਹੈ।*

ਪੀਤਾ : *ਡੌਰ ਭੌਰ ਹੋਇਆ ਨਾ ਸਮਝਦਾ ਗੱਜਣ ਸਿੰਘ ਨੂੰ ਸੰਭਾਲਦਾ* ਉਏ ਕਿਵੇਂ ਚਾਚਾ ਸਿਆਂ, ਖ਼ੈਰ ਐ ? *ਫੇਰ ਜਿਵੇਂ 'ਗੱਲ' ਸਮਝ ਵਿਚ ਆ ਗਈ ਹੋਵੇ ਗੱਜਣ ਸਿੰਘ ਨੂੰ ਮੰਜੇ ਉੱਤੇ ਪਾਉਂਦਾ ਹੋਇਆ* ਕੀ ਕਰੇ ਬੰਦਾ ਦੱਸ ? ਇਹ ਸਾਲ਼ੀ ਲੰਗੜੀ-ਜੀ ਕਬੀਲਦਾਰੀ ਜੱਟ ਨੂੰ ਤਾਂ ਨੀਂਦ ਵਿਚ ਵੀ ਗਧੀ-ਗੇੜ ਪਾਈ ਰਖਦੀ ਐ! *ਧਰਵਾਸ ਦੇਣ ਦੀ ਨੀਤ ਨਾਲ਼ ਗੱਜਣ ਨੂੰ* ਪਰ ਤੂੰ ਚਾਚਾ ਸਿਆਂ ਚਿੰਤਾ ਨਾ ਕਰਿਆ ਕਰ! ਚਿੰਤਾ ਕੀਤਿਆਂ ਬਣਦਾ ਕੁਸ਼ ਨੀਂ। ਬਣੂੰ ? ਨਹੀਂ ਬਣਦਾ! ਹੁਣ ਤੂੰ ਮੇਰੇ ਕੰਨੀਂ ਦੇਖ ਲੈ! ਤੀਵੀਂ ਤਾਂ ਮੁੱਲ ਲਿਆਇਆ ਮੈਂ, ਸਾਂਭ-ਲੀ ਮੇਰੇ ਆਲ਼ੇ ਛੋਟੇ ਭਾਈ ਨੇ! ਫੇਰ ਸੋਚਿਆ ਮਨਾਂ ਵਜਦੀ ਤਾਂ ਆਪਣੀ ਐਂ, ਓਹ ਜਾਣੇਂ! ਨਾਲ਼ੇ ਆਵਦੇ ਘਰ 'ਚ ਈ ਐ, ਕਿਸੇ ਬਗਾਨੇ ਦੇ ਤਾਂ ਨੀਂ! ਆਪਾਂ ਅਮਲ-ਸ਼ਮਲ ਕਰਦੇ ਸੀ, ਜੁਆਕ ਜੱਲੇ ਦਾ ਢਿੱਡ ਕਿੱਥੋਂ ਭਰਦਾ ? ਹੁਣ ਛੋਟਾ ਭੰਵੀਰੀ ਆਂਗੂ ਘੁੰਮਦਾ ਫਿਰਦੈ। ਆਪਾਂ ਨੂੰ ਦੋਏ ਵੇਲੇ ਮੰਜੇ ਤੇ ਬੈਠੇ-ਬਠਾਇਆ ਨੂੰ ਦੋ ਮੰਨੀਆਂ ਮਿਲ ਜਾਂਦੀ ਐਂ! ਹੋਰ ਦੱਸ ਬੰਦਾ ਕੀ ਭਾਲ਼ਦੈ ?

*ਗੱਜਣ ਉਸ ਦੀਆਂ ਗੱਲਾਂ ਵਲ ਕੋਈ ਧਿਆਨ ਨਹੀਂ ਦਿੰਦਾ। ਅਸਲ ਵਿਚ ਉਹ ਚੰਗੀ ਤਰ੍ਹਾਂ ਜਾਗਿਆ ਹੀ ਨਹੀਂ ਸੀ। ਸੁੱਤਾ ਅੱਧ ਸੁੱਤਾ ਉਹ ਮੰਜੇ ਉਤੇ ਉਵੇਂ ਹੀ ਪਿਆ ਰਹਿੰਦਾ ਹੈ ਜਿਵੇਂ ਪੀਤੇ ਨੇ ਉਸ ਨੂੰ ਪਾ ਦਿੱਤਾ ਸੀ। ਪੀਤਾ ਉਸ ਵੱਲ ਹਮਦਰਦੀ ਦੀ ਨਜ਼ਰ ਨਾਲ਼ ਵੇਖਦਾ ਹੈ। ਫੇਰ ਕੁਝ ਹੋਰ ਨਾ ਸੁਝਦਾ ਵੇਖ ਕੇ ਇਕ ਚਿੱਠਾ ਕਿੱਸਾ ਜੋ ਉਹ ਆਉਣ ਵੇਲੇ ਲੈ*

*ਆਇਆ ਸੀ, ਕੱਢ ਕੇ ਪੜ੍ਹਨ ਲੱਗ ਪੈਂਦਾ ਹੈ:*

'ਅਲਫ' ਆਪੇ ਦੀ ਸੂਝ ਨਾ ਤੈਂ ਕੀਤੀ,
ਛੇੜ ਰੱਖੇ ਅਵਲ਼ੜੇ ਰਾਗ ਬੰਦੇ!
ਤੂੰ ਤਾਂ ਗਾਫ਼ਲਾ ਗ਼ਫ਼ਲਤ ਦੀ ਨੀਂਦ ਸੁੱਤਾ,
ਕਦੋਂ ਆਊਗੀ ਦੱਸ ਖਾਂ ਜਾਗ ਬੰਦੇ!
ਤੇਰੀ ਰੂਹ 'ਤੇ ਪਹਿਰਾ ਏ ਪਾਪੀਆਂ ਦਾ,
ਤੇਰੇ ਮਾਸ ਨੂੰ ਚੂੰਡ-ਗੇ ਕਾਗ ਬੰਦੇ!
ਤੈਨੂੰ ਬੰਦਿਆਂ ਐਨੀ ਨਾ ਸਮਝ ਆਈ
ਕਿਹੜੀ ਗਊ ਤੇ ਕਿਹੜਾ ਹੈ ਨਾਗ ਬੰਦੇ...

*ਬਾਹਰੋਂ ਦਗੜ-ਦਗੜ ਕਰਦਾ ਕਹੀ ਚੁੱਕ ਟਹਿਲਾ ਅੰਦਰ ਜਾਂਦਾ ਹੈ। ਪੀਤਾ ਹੈਰਾਨੀ ਨਾਲ਼ ਅੰਦਰ ਵੱਲ ਵੇਖਦਾ ਹੈ।*

ਅੰਦਰੋਂ ਟਹਿਲਾ : *ਗੁੱਸੇ ਵਿਚ ਉਬਲਦੀ ਤੇ ਕੜਕਦੀ ਆਵਾਜ਼ ਵਿਚ* ਉੱਠ ਓਇ ਚਾਚਾ! ਜੇ ਦੇਖਣੈਂ ਪੰਜੀ ਦਾ ਭੌਣ!!

ਗੁਰਨਾਮ ਕੁਰ : *ਚਿੰਤਾ ਤੇ ਡਰ ਵਿਚ ਉੱਚੀ* ਬੂਹ ਵੇ ਟਹਿਲਿਆ ਕੀ ਭਾਣਾ ਵਰਤ ਗਿਆ?

ਬਾਹਰ-ਦੂਰੋਂ ਜੀਤੋ : *ਉੱਚੀ ਤੇ ਘਬਰਾਈ ਆਵਾਜ਼ ਵਿਚ* ਬਾਪੂ, ਬਾਈ ਨੂੰ ਰੋਕੋ! ਸਰਦਾਰਾਂ ਦੇ ਬੰਦਿਆਂ ਨਾਲ਼ ਲੜ ਪਿਆ!!

ਪੀਤਾ : *ਗੱਜਣ ਸਿੰਘ ਨੂੰ ਹਲੂਣਦਾ ਹੋਇਆ ਫ਼ਿਕਰ ਵਿਚ* ਚਾਚਾ! ਉਇ ਚਾਚਾ! ਉੱਠ ਲਗਦੈ ਟਹਿਲਾ ਕਿਸੇ ਨਾਲ਼ ਖਹਿਬੜ ਪਿਐ!

ਗੱਜਣ : *ਤ੍ਰਭਕ ਕੇ ਉੱਠਦਾ ਹੋਇਆ ਭਰੜਾਈ ਆਵਾਜ਼ ਵਿਚ* ਹੈਂਇ? ਕੀ ਹੋ ਗਿਆ?

ਟਹਿਲਾ : *ਗੰਡਾਸਾ ਲਈ ਬਾਹਰ ਆਉਂਦਾ ਗੁੱਸੇ ਵਿਚ ਕੰਬਦਾ ਹੋਇਆ* ਮੈਂ ਦਸਦੈਂ ਤੈਨੂੰ ਕੀ ਹੋ ਗਿਆ? ਉਨ੍ਹਾਂ ਵੱਡੇ ਸਰਦਾਰਾਂ ਦੇ ਬੰਦਿਆਂ ਨੇ ਪਾਣੀ ਵੱਢ ਲਿਆ ਵਚਾਲ਼ਿਓਂ ਹਿੱਕ ਦੇ ਜ਼ੋਰ ਨਾਲ਼ ਉਇ ਮਲੰਗ ਜੱਟਾ!!

*'ਜ਼ੋਰ ਨਾਲ਼' ਸ਼ਬਦਾਂ ਤੇ ਜ਼ੋਰ ਦਿੰਦਾ ਬਾਹਰ ਗੰਡਾਸਾ ਉਲਾਰਦਾ ਵਧਦਾ ਹੈ। ਨਾਲ਼ ਦੀ ਨਾਲ਼ ਗੇਲਾ ਸੰਲਘ ਚੁੱਕੀ ਆਉਂਦਾ ਲਲਕਾਰਾ ਮਾਰਦਾ ਹੈ।*

ਗੇਲਾ : *ਸੰਲਘ ਉਲਾਰਦਾ ਹੋਇਆ* ਲੈ-ਲਾਂਗੇ ਉਇ ਉਨ੍ਹਾਂ ਦੀ ਨਿੱਕੀ ਨਾਲ਼ ਫ਼ੇਰੇ!!

*ਬਿੰਦਰ ਵੀ ਗੇਲੇ ਨਾਲ਼ ਹਾਕੀ ਦੀ ਸਟਿਕ ਉਲਾਰਦਾ ਹੈ। ਪਿਛੋਂ ਗੁਰਨਾਮ ਕੁਰ ਦੀ ਡਰੀ ਹੋਈ ਆਵਾਜ਼ ਦੌੜਦੀ ਆਉਂਦੀ ਸੁਣਾਈ ਦਿੰਦੀ*

*ਹੈ ਅਤੇ ਨਾਲ਼ ਦੀ ਨਾਲ਼ ਗੁਰਨਾਮ ਕੁਰ ਵੀ।*

ਗੁਰਨਾਮ ਕੁਰ : ਬ੍ਹੂ... ਹ... ਵੇ ਪੱਟੇ ਜਾਵਾਂਗੇ ਸਰਦਾਰਾਂ ਨਾਲ਼ ਮੱਥਾ ਲਾ ਕੇ !!!

*ਸੀਤੋ ਵੀ ਘਾਬਰੀ ਬਾਹਰ ਆਉਂਦੀ ਹੈ। ਟਹਿਲੇ ਦੇ ਬਾਹਰ ਆਉਣ ਤੋਂ ਗੁਰਨਾਮ ਕੁਰ ਦੀ ਤਰਲੇ ਭਰੀ ਆਵਾਜ਼ ਤਕ ਇਕ ਅੱਖ ਦੇ ਫੋਰ ਵਿਚ ਸਾਰਾ ਕਾਰਜ ਵਾਪਰ ਜਾਂਦਾ ਹੈ ਅਤੇ ਗੁਰਨਾਮ ਕੁਰ ਦੀ ਆਵਾਜ਼ ਦੇ ਨਾਲ਼ ਸਾਰੇ ਆਪਣੀ ਆਪਣੀ ਸਥਿਤੀ ਵਿਚ ਸਟਿੱਲ ਹੋ ਜਾਂਦੇ ਹਨ। ਗੱਜਣ, ਗੁਰਨਾਮ ਕੁਰ ਤੇ ਸੀਤੋ ਦੇ ਚੇਹਰੇ ਭੈ ਨਾਲ਼ ਉਡੇ ਹੋਏ ਹਨ। ਟਹਿਲੇ, ਗੇਲੇ ਤੇ ਬਿੰਦਰ ਦੇ ਚਿਹਰਿਆਂ ਤੇ ਗੁੱਸਾ ਚੜ੍ਹਿਆ ਹੋਇਆ ਹੈ ਅਤੇ ਪੀਤਾ ਹੈਰਾਨੀ, ਭੈ ਅਤੇ ਗੁੱਸੇ ਵਿਚ ਉਲਝਿਆ ਹੋਇਆ। ਪਿਛੋਂ ਤੇਜ਼ੀ ਨਾਲ਼ ਹੇਕ ਉਭਰਦੀ ਹੈ ਅਤੇ ਨਾਲ਼ ਦੀ ਨਾਲ਼ ਪਰਦਾ ਡਿਗਣਾ ਸ਼ੁਰੂ ਹੋ ਜਾਂਦਾ ਹੈ:*

ਘੜੀ ਸੁੱਖ ਦੀ ਭਾਲ਼ਦੇ ਭਲਾ ਕਿਥੋਂ,
ਜਿਹੜੇ ਰਹਿਣ ਬਗਾਨੜੇ ਬੋਹੜ ਥੱਲੇ ?

**ਪਰਦਾ**

●

# ਸੁੱਕੀ ਕੁੱਖ

**ਪਾਤਰ**

| | | |
|---|---|---|
| ਧੰਨੋ | : | ਉਮਰ 35 ਸਾਲ |
| ਪੂਚ੍ਹੀ | : | ਉਮਰ 28 ਸਾਲ |
| ਭਾਗੋ | : | ਉਮਰ 30 ਸਾਲ |
| ਟੱਲੀ | : | ਉਮਰ ਪੰਜ ਸਾਲ |
| ਘੁੱਗੀ | : | ਉਮਰ ਛੇ ਸਾਲ |
| ਤੋਤੀ | : | ਉਮਰ 38 ਸਾਲ |
| ਨੌਜਵਾਨ ਸਾਧ | : | ਉਮਰ 23 ਸਾਲ |
| ਭੂਤ ਪ੍ਰੇਤ ਕੱਢਣ ਵਾਲਾ ਸਿਆਣਾ | : | ਉਮਰ 40 ਸਾਲ |
| ਇਕ ਇਸਤ੍ਰੀ | : | ਉਮਰ 55 ਸਾਲ |
| ਮਿੱਤੂ | : | ਉਮਰ 35 ਸਾਲ |
| ਕਾਲ਼ਾ ਬੰਦਾ | | |
| ਇਕ ਅਨਾਮ ਬੱਚਾ | : | ਉਮਰ ਤਿੰਨ ਕੁ ਸਾਲ |

# ਪਹਿਲੀ ਝਾਕੀ

*ਘਟਨਾ ਸਥਾਨ* : *ਇਕ ਗਰੀਬ ਮਜ਼ਬੀ ਤੋਤੀ ਦੇ ਘਰ ਦਾ ਵਿਹੜਾ*

*ਸਮਾਂ : ਗਰਮੀਆਂ ਦੀ ਇਕ ਆਥਣ*

:

*ਜਦੋਂ ਪਰਦਾ ਉਠਦਾ ਹੈ ਤਾਂ ਧੰਨੋ ਟੱਲੀ ਸੰਗ 'ਜੁਆਕਾਂ ਨਾਲ਼ ਜੁਆਕ ਬਣੀ' ਘੋਲ਼-ਘੋਲ਼ ਖੇਡ ਰਹੀ ਹੈ। ਜਾਣ ਕੇ ਕਦੇ ਉਸਨੂੰ ਬੋਚ ਕੇ ਆਪਣੇ ਹੇਠਾਂ 'ਢਾਅ' ਲੈਂਦੀ ਹੈ, ਕਦੇ ਉਸ ਤੋਂ 'ਢੈਅ' ਜਾਂਦੀ ਹੈ। ਨਾਲ਼ ਦੀ ਨਾਲ਼ ਲਾਡ ਵਿਚ ਕੁਝ ਮੂੰਹੋਂ ਬੋਲਦੀ ਰਹਿੰਦੀ ਹੈ। ਟੱਲੀ ਖਿਦ-ਖਿਦ ਕਰ ਕੇ ਹਸਦਾ ਰਹਿੰਦਾ ਹੈ। ਇਹ ਵਾਰਤਾਲਾਪ ਤੇ ਕਾਰਜ ਇਸ ਤਰ੍ਹਾਂ ਹੈ :*

ਧੰਨੋ : *ਟੱਲੀ ਤੋਂ ਢੈਅ ਕੇ* ਉਏ ਢਾਅ ਲਿਆ ਉਏ ਮੇਰੇ ਪੁੱਤ ਨੇ! *ਫੇਰ ਬੋਚ ਕੇ ਉੱਤੇ ਆਉਂਦੀ* ਖੜਜਿਆ ਫੇਰ! ਹੁਣ ਦੱਸ! ਮੈਂ ਤਕੜਾ ਕਿ ਤੂੰ ? *ਟੱਲੀ ਫੁਰਤੀ ਨਾਲ਼ ਉਸ ਹੇਠੋਂ ਨਿਕਲ ਜਾਂਦਾ ਹੈ ਤੇ ਫੇਰ ਉਸਦੇ ਢਿੱਡ ਉੱਤੇ ਆ ਬੈਠਦਾ ਹੈ* ਉਇ ਥੋਡੀ ਭੈਂ ਦੀ, ਇਹ ਤਾਂ ਫੇਰ ਆ ਗਿਆ ਉੱਤੇ! *ਟੱਲੀ ਜਿੱਤ ਦੇ ਅਹਿਸਾਸ ਨਾਲ਼ ਖ਼ੁਸ਼ ਹੁੰਦਾ ਹੈ* ਭਾਈ ਮੈਂ ਹਾਰਿਆ ਤੂੰ ਜਿੱਤਿਆ ਟੱਲੀ ਸਿਆਂ! ਤੂੰ ਤਾਂ ਬਾਹਲ਼ਾ ਦੁੱਧ ਪੀਨੈਂ! ਮੈਂ ਬੁੜ੍ਹੀ ਤੀਵੀਂ! ਉੱਤਰ ਉੱਤੋਂ! *ਟੱਲੀ ਢਿੱਡ ਉੱਤੇ ਬੈਠਾ 'ਨਾਂਹ' ਵਿਚ ਸਿਰ ਮਾਰ ਦਿੰਦਾ ਹੈ* ਉੱਤਰਦਾ ਨੀਂ ?

ਟੱਲੀ : *ਨਹੀਂ ਵਿਚ ਸਿਰ ਮਾਰਦਾ ਨਾਅ* !

ਧੰਨੋ : ਉੱਤਰ ਪੈ ? *ਟੱਲੀ ਫਿਰ ਸਿਰ ਮਾਰ ਦਿੰਦਾ ਹੈ* ਚੰਗਾ ਫੇਰ *ਉਠਦੀ* ਐਂਇੰ ਨੀਂ ਤੂੰ ਆਉਂਦਾ ਲੋਟ! *ਜਦੋਂ ਟੱਲੀ ਨੂੰ ਢਾਉਣ ਲਗਦੀ ਹੈ ਤਾਂ ਟੱਲੀ ਟਪੂਸੀ ਮਾਰ ਕੇ ਖੜ੍ਹਾ ਹੋ ਜਾਂਦਾ ਹੈ ਅਤੇ ਭੱਜ ਕੇ ਵਿਹੜੇ ਵਿਚ ਡਹੇ ਮੰਜੇ ਦੁਆਲ਼ੇ ਹੋ ਜਾਂਦਾ ਹੈ* ਹੁਣ ਭੱਜ ਕੇ ਕਿਥੇ ਜਾਏਂਗਾ ਮੇਰਿਆ ਸਕਿਆ ਪੁੱਤਾ! *ਉਹਨੂੰ ਫੜਨ ਜਾਂਦੀ ਹੈ ਪਰ ਮੰਜੇ ਦੁਆਲ਼ੇ ਚੱਕਰ ਕਟਦਾ ਟੱਲੀ ਉਸਨੂੰ ਡਾਹ ਨਹੀਂ ਦਿੰਦਾ* ਹਾਏ ਉਏ ਮੈਂ ਥੱਕ ਗਿਆ ਬੁੜ੍ਹਾ ਬੰਦਾ! ਆਪਾਂ ਨੀਂ ਭਾਈ! *ਬੈਠਦੀ ਹੋਈ* ਮੇਰੇ ਤਾਂ ਗੋਡੇ ਦੁਖਣ ਲੱਗ-ਗੇ! ਮੈਂ ਬੁੜ੍ਹਾ ਤੂੰ ਗੱਭਰੂ, ਬਾਹਲ਼ਾ ਤਕੜਾ!

ਟੱਲੀ : *ਅੰਗੂਠਾ ਵਿਖਾਉਂਦਾ* ਡੋ, ਡੋ!

ਧੰਨੋ : *ਖੜ੍ਹੀ ਹੁੰਦੀ* ਡੋ-ਡੋ ਕਰਦੈਂ ਅਵਦੀ ਸਕੀ ਮਾਂ ਨੂੰ? ਦੇਵਾਂ ਦੱਖੂ-ਦਾਣੇ?

ਟੱਲੀ : ਡੋ-ਡੋ! ਤਾਈ ਨੂੰ ਡੋ-ਡੋ!

| | | |
|---|---|---|
| ਧੰਨੋ | : | *ਮਿੱਠੀ ਘੁਰਕੀ ਨਾਲ਼* ਮੈਂ ਤੇਰੀ ਤਾਈ ਐਂ, ਮੇਰਿਆ ਸਾਲ਼ਿਆ ਕਿ ਮਾਂ? |
| ਟੱਲੀ | : | 'ਤਾਈ'! ਡੋ–ਡੋ! |
| ਧੰਨੋ | : | ਚੰਗੈ, ਉਰੇ ਆ! *ਖ਼ੀਸੇ ਵਿਚ ਹੱਥ ਪਾ ਕੇ* ਤੈਨੂੰ ਇਕ ਚੀਜੀ ਦੇਵਾਂ ਵਧੀਆ ਜੀ। |
| ਟੱਲੀ | : | *ਥੋੜ੍ਹਾ ਲਾਲਚ ਵਿਚ ਆ ਕੇ* ਕੀ? |
| ਧੰਨੋ | : | ਪਹਿਲਾਂ ਐਥੇ ਆ, ਮੇਰੇ ਕੋਲ਼। |
| ਟੱਲੀ | : | *ਸ਼ੱਕ ਅਤੇ ਲਾਲਚ ਦੇ ਭਾਵ ਨਾਲ਼* ਫੜੇਂਗੀ ਮੈਨੂੰ।? |
| ਧੰਨੋ | : | ਨਾ ਸਹੁੰ ਤੇਰੇ ਤਾਏ ਦੀ। ਆਹ ਦੇਖ ਜੇਬ ਭਰੀ ਵਈਐ। |
| ਟੱਲੀ | : | ਕਾਹਦੇ ਨਾਲ਼? |
| ਧੰਨੋ | : | ਗੋਲ਼ੀਆਂ ਨਾਲ਼। |
| ਟੱਲੀ | : | ਮੇਰੀ ਸਹੁੰ ਖਾ! |
| ਧੰਨੋ | : | ਕਿਉਂ ਤੇਰੀ ਸਹੁੰ ਕਿਉਂ ਖਾਵਾਂ? ਤੂੰ ਤਾਂ ਮੇਰਾ ਪੁੱਤ ਐਂ। |
| ਟੱਲੀ | : | *ਕੁਝ ਸੋਚਦਾ ਫੇਰ?...* ਚੰਗੈ, ਟੱਲੇ–ਆਲ਼ੇ ਸਾਧ ਦੀ ਖਾ। |
| ਧੰਨੋ | : | ਸਹੁੰ ਟੱਲੇ–ਆਲ਼ੇ ਸਾਧ ਦੀ। ਬੱਸ? ਹੁਣ ਤਾਂ ਆ–ਜਾ। |
| ਟੱਲੀ | : | ਮੁੱਠੀ ਖੋਲ੍ਹ ਕੇ ਦਖਾ! |
| ਧੰਨੋ | : | *ਮੁੜ ਖ਼ੀਸੇ ਵਿਚ ਮੁੱਠੀ ਪਾਉਂਦੀ ਐਵੇਂ–ਐਵੇਂ ਦੀ ਲਾਪਰਵਾਹੀ ਦਿਖਾਉਂਦੀ ਬੈਠਦੀ ਹੋਈ* ਨਾ ਸਹੀ। ਜੇ ਨਹੀਂ ਲੈਣੀਆਂ ਤਾਂ ਨਾ ਲੈ। ਆਪਾਂ ਨੂੰ ਕੀ! ਆਪਾਂ ਪੂਚ੍ਹੀ ਦੇ ਘੁੱਗੀ ਨੂੰ ਦੇ ਦਿਆਂਗੇ ਸਾਰੀਆਂ ਗੋਲ਼ੀਆਂ!<br>*ਟੱਲੀ ਇਸ 'ਡਰ' ਨਾਲ਼ ਕਿ ਮਤੇ ਉਸਦੀ ਤਾਈ ਸਾਰੀਆਂ ਗੋਲ਼ੀਆਂ ਸੱਚੀ–ਮੁੱਚੀਂ ਘੁੱਗੀ ਨੂੰ ਹੀ ਨਾ ਦੇ ਦੇਵੇ, ਆਪਣੀ ਜਿੱਦ ਛੱਡਣ ਲਈ ਤਿਆਰ ਹੋ ਜਾਂਦਾ ਹੈ। ਉਹ ਕੁਝ 'ਡਰਦਾ' ਕੁਝ ਗੋਲ਼ੀਆਂ ਦੀ ਲਾਲਸਾ ਵਿਚ ਬੰਨ੍ਹਿਆ ਧੰਨੋ ਵੱਲ ਆਉਂਦਾ ਹੈ। ਧੰਨੋ ਉਸ ਤੋਂ ਚੋਰੀਏਂ ਮੁਸਕੜੀਏਂ ਹਸਦੀ ਹੈ। ਜਦੋਂ ਟੱਲੀ ਉਸਦੇ ਕੋਲ਼ ਪਹੁੰਚ ਜਾਂਦਾ ਹੈ ਤਾਂ ਉਹ ਫ਼ੁਰਤੀ ਨਾਲ਼ ਉਸਦੀ ਬਾਂਹ ਫੜ ਕੇ, ਉਸ ਨੂੰ ਖਿੱਚ ਕੇ ਆਪਣੀ ਗੋਦੀ ਵਿਚ ਘੁੱਟ ਲੈਂਦੀ ਹੈ।* |
| ਧੰਨੋ | : | ਹੁਣ ਦੱਸ ਮੇਰਿਆ ਕੁਸ ਲਗਦਿਆ, ਮੈਂ ਤੇਰੀ ਤਾਈ ਐਂ ਕਿ ਮਾਂ? |
| ਟੱਲੀ | : | *ਕੜੱਕੀ ਵਿਚ ਫਸਿਆ* ਮਾਂ! |
| ਧੰਨੋ | : | ਸਕੀ? |
| ਟੱਲੀ | : | ਹਾਂ! |
| ਧੰਨੋ | : | ਜਮਾਂ ਪੱਕੀ? |
| ਟੱਲੀ | : | ਹਾਂ, ਜਮਾਂ ਪੱਕੀ, ਇੱਟ ਵਰਗੀ! |
| ਧੰਨੋ | : | ਤਾਈ ਕੌਣ ਐ? |
| ਟੱਲੀ | : | ਮੇਰੀ ਮਾਂ ਮੇਰੀ ਤਾਈਐ। |
| ਧੰਨੋ | : | ਕੀ ਨਾਂ ਐਂ ਉਹਦਾ? |
| ਟੱਲੀ | : | ਭਾਗੋ! |
| ਧੰਨੋ | : | ਹਾਂ, ਆਹ ਹੋਈ ਨਾ ਗੱਲ! *ਉਸਨੂੰ ਛੱਡਦੀ* ਲੈ ਫੇਰ ਐਂਇੰ ਕਰ! ਅੰਦਰ |

ਪਿਐ ਗੋਲ਼ੀਆਂ ਦਾ ਡੱਬਾ ਭਰਿਆ, ਹਾਰੇ 'ਤੇ! ਜਾਹ ਚੱਕ ਲੈ।

*ਟੱਲੀ ਚਾਅ ਨਾਲ਼ ਭੱਜ ਕੇ ਅੰਦਰ ਜਾਂਦਾ ਹੈ। ਧੰਨੋ ਕਿਸੇ ਸੰਤੋਖ ਨਾਲ਼ ਮੁਸਕ੍ਰਾਂਦੀ ਹੋਈ ਉਸ ਵੱਲ ਵੇਖਦੀ ਰਹਿੰਦੀ ਹੈ। ਟੱਲੀ ਡੱਬਾ ਲੈ ਕੇ ਅੰਦਰੋਂ ਬਾਹਰ ਆਉਂਦਾ ਹੈ।*

ਟੱਲੀ : *ਗੋਲ਼ੀਆਂ ਖੜਕਾਉਂਦਾ* ਤਾਈ! ਸੱਚ ਬੇਬੇ! ਆਪਾਂ ਗੋਲ਼ੀਆਂ ਖੇਡੀਏ?

ਧੰਨੋ : ਦੇਹ-ਖਾਂ! ਹੁਣ ਗੋਲ਼ੀਆਂ ਖੇਡਣ ਦਾ ਮੌਕਾ ਐ? ਦਿਨ ਚੜ੍ਹਦੈ ਕਿ ਛਿਪਦੈ? ਮੇਰਾ ਤਾਂ ਅਜੇ ਸਾਰਾ ਭਾਂਡਾ-ਠੀਕਰ ਸਮੇਟਣ ਆਲ਼ਾ ਪਿਐ। ਤੇਰਾ ਕੀ ਐ, ਤੂੰ ਵਿਹਲਾ ਬਾਂਦਰ ਐਂ! ਟਪੂਸੀ ਮਾਰੀ ਐਧਰ, ਟਪੂਸੀ ਮਾਰੀ ਓਧਰ! ਬੱਸ ਚਲੋ ਮੇਰੇ ਭਾਈ! ਨਾ ਭਾਈ ਨਾ, ਆਪਾਂ ਨੀ ਖੇਡਦੇ ਗੋਲ਼ੀਆਂ! ਨਾਲ਼ੇ ਤੇਰੇ ਤਾਏ ਨੇ ਤਾਂ ਮੇਰਾ ਢੂਕਣਾ ਆ ਕੁੱਟਣੈਂ!

ਟੱਲੀ : ਤਾਇਆ ਤੈਨੂੰ ਐੱਨਾ ਕਿਉਂ ਕੁਟਦੈ ਤਾਈ?

ਧੰਨੋ : *ਕੁਝ ਉਦਾਸ ਹੋ ਕੇ* ਬੱਸ ਐਵੇਂ ਈਂ! ਦਾਰੂ ਪੀ ਕੇ ਨਸ਼ਾ ਚੜ੍ਹ ਜਾਂਦੈ! ਫੇਰ ਉਹਦਾ ਮੈਨੂੰ ਕੁੱਟਣ ਨੂੰ ਜੀਅ ਕਰ ਆਉਂਦੈ!

ਟੱਲੀ : *ਬੱਚਿਆਂ ਵਾਲ਼ੀ ਗੰਭੀਰਤਾ ਨਾਲ਼* ਤਾਇਆ ਐੱਨੀ ਦਾਰੂ ਕਿਉਂ ਪੀਂਦੈ ਤਾਈ? ਮੇਰਾ ਬਾਪੂ ਤਾਂ ਪੀਂਦਾ ਨੀਂ। ਬੱਸ ਕਦੇ-ਕਦੇ ਈ ਪੀਂਦੈ, ਜਿੱਦੇਂ ਉਸਦਾ ਲੱਕ ਦੁਖਣ ਲੱਗ ਪੈਂਦੈ।

ਧੰਨੋ : ਤੇਰਾ ਬਾਪੂ ਸਿਆਣੈਂ, ਤੇਰੇ ਤਾਏ ਨੂੰ ਐੱਨੀ ਸਮਝ ਨੀਂ!

ਟੱਲੀ : *ਬੱਚਿਆਂ ਵਾਲ਼ੇ ਤਰਕ ਤੇ ਅਚੰਭੇ ਨਾਲ਼* ਮੇਰਾ ਬਾਪੂ ਵੀ ਚੂਹੜਾ ਐ, ਮੇਰਾ ਤਾਇਆ ਵੀ! ਉਹ ਵੀ ਜੱਟਾਂ ਨਾਲ਼ ਸੀਰੀ ਰਲ਼ਦੈ, ਉਹ ਵੀ! ਫੇਰ ਤਾਂ ਦੋਹਾਂ ਨੂੰ ਇਕੋ-ਜੇ ਸਿਆਣੇ ਹੋਣਾ ਚਾਹੀਦੈ!

ਧੰਨੋ : *ਟੱਲੀ ਦੀ 'ਸਿਆਣਪ' ਤੋਂ ਖ਼ੁਸ਼ ਹੁੰਦੀ ਉਹਦੀਆਂ ਗੱਲ੍ਹਾਂ ਪਲ਼ੋਸਦੀ* ਤੂੰ ਤਾਂ ਬਾਹਲ਼ੀਆਂ ਈਂ ਸਿਆਣੀਆਂ ਗੱਲਾਂ ਕਰਨ ਲੱਗ ਪਿਐਂ ਉਏ ਟੱਲੀ ਪੁੱਤਾ! *ਥੁੱਕ ਕੇ ਖੜ੍ਹੀ ਹੁੰਦੀ* ਕਿਤੇ ਮੇਰੀ ਨਜ਼ਰ ਈ ਨਾ ਲੱਗ-ਜੇ! ਖ਼ੈਰ ਭਾਈ, ਸਿਆਣੇ ਪਿਉ ਦਾ ਪੁੱਤ ਸਿਆਣਾ ਈ ਹੁੰਦੈ।

ਟੱਲੀ : ਮੇਰਾ ਬਾਪੂ ਕੋਈ ਸਿਆਣਾ-ਸੂਣਾ ਨੀਂ ਤਾਈ, ਤੈਨੂੰ ਐਵੇਂ ਲਗਦੈ!

ਧੰਨੋ : ਕਿਉਂ? ਸਿਆਣਾ ਕਿਉਂ ਨੀ ਤੇਰਾ ਬਾਪੂ?

ਟੱਲੀ : ਕਈ ਦਿਨ ਹੋ-ਗੇ ਮੈਨੂੰ ਕਹਿੰਦਾ, 'ਹੁਣ ਤੂੰ ਵੱਡਾ ਹੋ ਗਿਆ, ਬੱਕਰੀਆਂ ਚਾਰਨ ਵਗ ਜਿਆ ਕਰ ਅਵਦੇ ਬਾਬੇ ਨਾਲ਼। 'ਗਾਹਾਂ ਆਲ਼ੇ ਸਾਲ ਤੋਂ ਤੈਨੂੰ ਕਿਸੇ ਜੱਟ ਨਾਲ਼ ਪਾਲ਼ੀ ਰਲ਼ਾ ਦਿਆ ਕਰਾਂਗੇ।'... ਇਹ ਵੀ ਕੋਈ ਸਿਆਣਪ ਦੀ ਗੱਲ ਐ! ਨਾ ਮੈਨੂੰ ਪੜ੍ਹਨ ਬਠਾਉਂਦੈ। ਕਹਿੰਦਾ, 'ਪੜ੍ਹ ਕੇ ਕਿਹੜਾ ਠਾਣੇਦਾਰ ਬਣ ਜੇਂ-ਗਾ। ਆਹੀ ਜੱਟਾਂ ਦਾ ਗੋਲ਼ਪੁਣਾ ਕਰਨੈ। ਉਹ ਹੁਣੇ ਤੋਂ ਈ ਕਰਨ ਲੱਗ ਜਾ।' ਇਹਾ-ਜਿਆ ਤਾਂ ਮੇਰਾ ਪਿਉ ਸਿਆਣੈ, ਤਾਈ।

ਧੰਨੋ : ਤੇਰਾ ਪਿਉ ਵੀ ਕੀ ਕਰੇ ਪੁੱਤ? ਉਹਦੀ ਵੀ ਬੇਵਾਹ ਐ। ਜੇ ਤੁਸੀਂ

ਚਾਰ-ਪੰਜ ਭਾਈ ਹੁੰਦੇ, ਤਾਂ ਖ਼ਬਰੈ ਇਕ ਅੱਧੇ ਨੂੰ ਪੜ੍ਹਨ ਈ ਪਾ ਦਿੰਦੇ। ਨਾਲ਼ੇ ਜਿੱਦੋਂ ਦਾ ਤੇਰਾ ਪਿਉ ਲਾਂਙੇ ਆਲ਼ੇ ਗੰਡੇ ਤੋਂ ਲਾਂਙਾ ਲੱਦ-ਦਾ ਡਿੱਗਿਐ, ਉਹ ਤਾਂ ਊਈਂ ਨਕਾਰਾ ਹੋਇਆ ਪਿਐ ਬਚਾਰਾ। ਹੁਣ ਤਾਂ ਜੱਟ ਵੀ ਸੌ ਨੱਕ-ਬੁੱਲ੍ਹ ਚੜ੍ਹਾਉਂਦੇ ਐ ਉਹਨੂੰ ਸੀਰੀ ਰਲ਼ਾਉਣ ਵੇਲ਼ੇ। ਐਤਕੀਂ ਸੌ-ਸੌ ਮਿੰਨਤਾਂ ਕੀਤੀਆਂ ਕੁੰਢੇ ਦੀਆਂ, ਤਾਂ ਜਾ ਕੇ ਮੰਨਿਆ ਤੇਰੇ ਪਿਉ ਨੂੰ ਸੀਰੀ ਰਲ਼ਾਉਣ ਨੂੰ। ਹੁਣ ਤਾਂ ਉਨ੍ਹਾਂ ਦੀਆਂ ਸਭ ਤੇਰੇ 'ਤੇ ਆਸਾਂ ਨੇ। ਤੂੰ ਛੇਤੀ-ਛੇਤੀ ਵੱਡਾ ਹੋ। ਪਹਿਲਾਂ ਮਾਲ ਚਾਰਨ ਸਿੱਖ, ਫੇਰ ਸੀਰ-ਸੱਪੇ ਦਾ ਕੰਮ ਸਿੱਖ ਜੇਂ-ਗਾ ਆਪੇ ਹੌਲ਼ੀ-ਹੌਲ਼ੀ ਸੁੱਖ ਨਾਲ਼!

ਟੱਲੀ : ਚੰਗਾ ਤਾਈ ਹੁਣ ਮੈਂ ਛੇਤੀ-ਛੇਤੀ ਵੱਡਾ ਹੋਊਂ, *ਖੜ੍ਹਾ ਹੁੰਦਾ ਉਤਾਂਹ ਬਾਂਹ ਕਰਕੇ* ਐਡਾ ਵੱਡਾ! ਰੱਬ ਜਿੱਡਾ! ਫੇਰ ਮੈਂ ਜੱਟਾਂ ਨਾਲ਼ ਸੀਰੀ ਰਲ਼ਿਆ ਕਰੂੰ! ਹਲ਼ ਵਾਹਿਆ ਕਰੂੰ, ਵੱਡੀਆਂ ਵੱਡੀਆਂ ਪੰਡਾਂ ਚੱਕਿਆ ਕਰੂੰ, ਨੱਕੇ ਵੱਢਿਆ...

ਧੰਨੋ : *ਉਸਦੇ ਲਮਕਦੇ ਨਾਲ਼ੇ ਨੂੰ ਵੇਖ ਕੇ ਹਸਦੀ* ਵੇ ਮਾਂ ਦਿਆ ਮਿਰਜਿਆ! ਪਹਿਲਾਂ ਨਾਲ਼ਾ ਟੰਗਣਾ ਤਾਂ ਸਿੱਖ ਲੈ! ਇਹ ਤਾਂ ਥੱਲੇ ਲਮਕੀ ਜਾਂਦੈ!

ਟੱਲੀ : *ਫੁਰਤੀ ਨਾਲ਼ ਨਾਲ਼ਾ ਟੰਗਦਾ* ਉਏ ਥੋਡੀ ਭੈਣ ਦੀ! ਇਹ ਤਾਂ ਤਾਈ ਮੇਰੀ ਮਾਂ ਨੇ ਅਵਦੀ ਸੁੱਥਣ ਆਲ਼ਾ ਪਾ-ਤਾ! ਤਾਂ ਨੀਂ ਆਉਂਦਾ ਲੋਟ!

ਧੰਨੋ : *ਲਾਡ ਵਿਚ ਉਸਦੀਆਂ ਗੱਲ੍ਹਾਂ ਨੂੰ ਜ਼ੋਰ ਦੀ ਘੁਟਦੀ* ਗੱਲਾਂ 'ਚ ਤਾਂ ਨੀਂ ਆਉਣ ਦਿੰਦਾ ਕਿਸੇ ਨੂੰ ਮੇਰਾ ਸਾਲਕੜਾ! ਚੰਗਾ, ਬਹਿ ਜਾ ਮੰਜੇ 'ਤੇ ਪਲਾਥੀ ਮਾਰ ਕੇ। ਮੈਂ ਦੁੱਧ-ਰੋਟੀ ਲਿਆਉਨੀਐਂ!

*ਧੰਨੋ ਝਲਾਨੀ ਵਿਚ ਚਲੀ ਜਾਂਦੀ ਹੈ। ਟੱਲੀ ਪਲੱਥੀ ਮਾਰ ਕੇ ਮੰਜੇ ਉੱਤੇ ਬੈਠ ਜਾਂਦਾ ਹੈ। ਫੇਰ ਬੁੱਲ੍ਹਾਂ ਉੱਤੇ ਉਂਗਲ਼ੀ ਮਾਰ ਕੇ ਤੂੰਬੀ ਵਜਾਉਣ ਲੱਗ ਜਾਂਦਾ ਹੈ। ਫੇਰ 'ਗੀਤ' ਗਾਉਣ ਲੱਗ ਪੈਂਦਾ ਹੈ।*

ਟੱਲੀ : ਬਾਬਾ ਵੇ ਕਲਾ ਮਰੋੜ।
ਨੀ ਲੱਛੀਏ ਲਾ ਦੇ ਜ਼ੋਰ।
ਬਾਬਾ ਵੇ ਕਲਾ ਮਰੋੜ।
ਨੀ ਲੱਛੀਏ ਲਾ ਦੇ ਜ਼ੋਰ।

ਧੰਨੋ : *ਬਾਹਰ ਆਉਂਦੀ* ਉਏ ਕੰਜਰਾ, ਲੁੱਚੇ ਗਾਉਣ ਗਾਉਨੈਂ? *ਰੋਟੀ ਅਤੇ ਦੁੱਧ ਦੀ ਬਾਟੀ ਉਸ ਨੂੰ ਫੜਾ ਦਿੰਦੀ ਹੈ।*

ਟੱਲੀ : ਇਹ ਕੋਈ ਲੁੱਚੇ ਗਾਉਣ ਐਂ? ਸਾਰੇ ਲੋਕ ਤਾਂ ਗਾਉਂਦੇ ਐ ਵਿਆਹਾਂ-ਮੰਗਣਿਆਂ 'ਤੇ?

ਧੰਨੋ : ਲੋਕ ਵੀ ਤਾਂ ਕੰਜਰ ਬਣੇ ਪਏ ਐ ਹੁਣ ਸਾਰੇ।

ਟੱਲੀ : ਕੰਜਲ ਕੀ ਹੁੰਦੈ ਤਾਈ?

ਧੰਨੋ : ਰਾਮ ਨਾਲ਼ ਬਹਿ ਕੇ ਰੋਟੀ ਖਾ ਲੈ। ਹੁਣ ਇਹਨੂੰ ਇਹ ਵੀ ਦੱਸੋ ਬਈ

'ਕੰਜਰ ਕੀ ਹੁੰਦੇ ?' *ਜਾਣ ਲੱਗਦੀ ਹੈ।*

ਟੱਲੀ : *ਮੂੰਹ ਵਿਚ ਬੁਰਕੀ ਸਮੇਤ* ਮੈਂ ਦੱਸੈਂ ਤਾਈ 'ਕੰਜਲ' ਕੀ ਹੁੰਦੇ ?

ਧੰਨੋ : *ਜੋ ਟੱਲੀ ਦੀ ਗੱਲ ਸੁਣ ਕੇ ਰੁਕ ਗਈ ਸੀ, ਹਾਸੀ ਰੋਕਦੀ* ਹਾਂ ਦੱਸ, ਕੰਜਰ ਕੀ ਹੁੰਦੇ ?

ਟੱਲੀ : *ਸੋਚ ਸੋਚ ਕੇ* ਕੰਜਲ ? ਕੰਜਲ ?

ਧੰਨੋ : ਹਾਂ, ਕੰਜਲ!?

ਟੱਲੀ : *ਬੁਰਕੀ ਲੰਘਾ ਕੇ* ਕੰਜਲ ਕੰਜਲ ਹੁੰਦੈ, ਹੋਰ ਕੀ ਹੁੰਦੈ ਕੰਜਲ ?

ਧੰਨੋ : *ਹੱਸਦੀ* ਹੈਂਇ ਤੇਰੀ ਕੰਜਰ ਦੀ!

*ਅੰਦਰ ਚਲੀ ਜਾਂਦੀ ਹੈ। ਥੋੜ੍ਹੇ ਚਿਰ ਪਿੱਛੋਂ ਇਕ ਹੋਰ ਬੱਚਾ ਘੁੱਗੀ ਆਉਂਦਾ ਹੈ। ਟੱਲੀ ਉਸਨੂੰ ਵੇਖ ਤਾਂ ਲੈਂਦਾ ਹੈ ਪਰ ਬੋਲਦਾ ਨਹੀਂ। ਨਾਲ਼ੇ ਦੁੱਧ ਪੀਈਂ ਜਾਂਦਾ ਹੈ ਨਾਲ਼ੇ ਕੁਣੱਖਾ ਘੁੱਗੀ ਨੂੰ ਵੀ ਵੇਖਦਾ ਰਹਿੰਦਾ ਹੈ। ਘੁੱਗੀ ਲਾਲਸਾ ਨਾਲ਼ ਭਰਿਆ ਉਸ ਵੱਲ ਵੇਖਦਾ ਰਹਿੰਦਾ ਹੈ। ਟੱਲੀ ਨੂੰ ਦੁੱਧ ਪੀਂਦੇ ਨੂੰ ਵੇਖ ਕੇ ਉਸਦੇ ਮੂੰਹ ਵਿਚ 'ਪਾਣੀ' ਆ ਜਾਂਦਾ ਹੈ। ਫੇਰ ਟੱਲੀ ਦਾਲ਼ ਨਾਲ਼ ਰੋਟੀ ਇੰਜ ਖਾਂਦਾ ਹੈ ਜਿਵੇਂ ਘੁੱਗੀ ਨੂੰ 'ਝਿਟਿਆ' ਰਿਹਾ ਹੋਵੇ। ਅਖ਼ੀਰ ਘੁੱਗੀ ਬੋਲ ਹੀ ਪੈਂਦਾ ਹੈ।*

ਘੁੱਗੀ : ਉਏ ਕੀ ਖਾਨੈਂ ਉਏ ਟੱਲੀ ?

ਟੱਲੀ : ਦੁੱਧ, ਦਾਲ਼ ਨਾਲ਼ ਰੋਟੀ ਖਾਨੈਂ, ਹੋਰ ਕੀ ਬਤਾਊਂ ਖਾਨੈਂ ?

ਘੁੱਗੀ : ਕੀਹਨੇ ਦਿੱਤਾ ਐ ਤੈਨੂੰ ਐਨਾ ਕੁਸ਼ ? ਨਾਲ਼ੇ ਦੁੱਧ, ਨਾਲ਼ੇ ਰੋਟੀ, ਨਾਲ਼ੇ ਦਾਲ਼। ਤੇਰੀ ਤਾਈ ਨੇ ?

ਟੱਲੀ : *ਮਾਣ ਨਾਲ਼* ਹਾਂਅ! ਪਤਾ ਬੀ ਐ ਤੈਨੂੰ, ਮੇਰੀ ਤਾਈ ਧੰਨੋ ਨਾ ਮੇਰੀ ਮਾਂ ਐਂ!

ਘੁੱਗੀ : ਐਵੇਂ ਐ ਤੇਰੀ 'ਮਾਂ' ਧੰਨੋਂ ਤਾਈ! ਉਹ ਤਾਂ ਆਪਣੀ ਸਾਰਿਆਂ ਦੀ ਤਾਈ ਲਗਦੀ ਐ। ਤੇਰੀ ਮਾਂ ਤੇਰੀ ਬੇਬੇ ਐ। ਭਾਗੋ ਐ ਉਹਦਾ ਨਾਂ ਤਾਂ।

*ਘੁੱਗੀ ਦੀ ਮਾਂ ਪੂਚ੍ਹੀ ਗੁੱਸੇ ਵਿਚ ਕਚੀਚੀ ਵਟਦੀ ਕਾਹਲ਼ੀ-ਕਾਹਲ਼ੀ ਆਉਂਦੀ ਹੈ। ਉਹ ਆਉਣ-ਸਾਰ ਹੀ ਘੁੱਗੀ ਦੀ ਬਾਂਹ ਫੜ੍ਹ ਕੇ ਦੋ-ਤਿੰਨ ਚਪੇੜਾਂ ਜੜ ਦਿੰਦੀ ਹੈ।*

ਪੂਚ੍ਹੀ : *ਚਪੇੜਾਂ ਮਾਰਦੀ* ਤੈਨੂੰ ਕੈ ਵਾਰ ਸਮਝਾਇਐ ਬਈ ਤੂੰ ਨਾ ਵੜਿਆ ਕਰ ਇਸ ਘਰੇ, ਨਾ ਵੜਿਆ ਕਰ! ਪਰ ਤੂੰ ਏਹਾ-ਜਿਆ ਕੁ-ਬੀ ਜੰਮਿਐਂ, ਗੇੜਾ ਦਿੱਨੈਂ, ਠੂਹ ਏਥੇ ਆ ਵਜਦੈਂ! ਏਥੇ ਦੱਸ ਕੀ ਅੰਬਾਂ ਦੇ ਦਰਖਤ ਲੱਗੇ ਐ ਬਈ ਉਹ ਅੰਬ ਚੂਪਣ ਆਉਨੈਂ!

*ਨਾਲ਼ ਦੀ ਨਾਲ਼ ਘੁੱਗੀ ਨੂੰ ਘਸੀਟਦੀ ਬਾਹਰ ਲੈ ਜਾਂਦੀ ਹੈ। ਜਦੋਂ ਉਹ ਘੁੱਗੀ ਨੂੰ ਘਸੀਟਦੀ ਬਾਹਰ ਨਿਕਲ਼ਦੀ ਸੀ, ਅੰਦਰੋਂ ਧੰਨੋ ਵੀ ਨਿਕਲ਼ ਆਉਂਦੀ ਹੈ। ਸ਼ਾਇਦ ਉਹਦੇ ਕੰਨੀਂ ਪੂਚ੍ਹੀ ਦੇ ਰੁੱਖੇ ਤੇ ਚੁਭਵੇਂ ਬੋਲ ਪੈ ਗਏ ਸਨ। ਉਸਦੇ ਕਾਲਜੇ ਚੀਸ ਜਿਹੀ ਉਠਦੀ ਹੈ ਤੇ ਉਹ ਉਦਾਸ ਹੋ ਜਾਂਦੀ ਹੈ। ਟੱਲੀ ਵੀ*

*ਇਹ ਸਭ ਕੁਝ ਵੇਖਦਾ ਹੱਕਾ-ਬੱਕਾ ਹੋ ਗਿਆ ਸੀ। ਧੰਨੋ ਨੂੰ ਉਦਾਸ ਵੇਖ ਕੇ ਸਿਆਣੇ ਬੱਚਿਆਂ ਵਾਂਗ ਗੰਭੀਰ ਹੋ ਜਾਂਦਾ ਹੈ।*

ਟੱਲੀ : ਤਾਈ ?

ਧੰਨੋ : ਹੂੰ!

ਟੱਲੀ : ਮੇਰੀ ਚਾਚੀ ਪੂਚ੍ਹੀ ਘੁੱਗੀ ਨੂੰ ਆਪਣੇ ਘਰ ਕਿਉਂ ਨੀ ਆਉਣ ਦਿੰਦੀ ?

ਧੰਨੋ : *ਹੋਰ ਹੌਕਾ ਭਰਦੀ* ਮੇਰੇ ਅਵਦੇ 'ਅਵਦਾ' ਧੀ-ਪੁੱਤ ਨੀਂ ਨਾ ਕੋਈ ਪੁੱਤ! ਘੁੱਗੀ ਦੀ ਬੇਬੇ ਸੋਚਦੀ ਐ ਬਈ ਮੈਂ ਘੁੱਗੀ ਨੂੰ ਕੁਸ ਕਰਾ-ਦੂੰ।

ਟੱਲੀ : ਤੂੰ ਕੀ ਕਰਾ ਦੇਂ-ਗੀ! ਤੂੰ ਤਾਂ ਐਂਨਾ ਪਿਆਰ ਕਰਦੀ ਐਂ ਮੈਨੂੰ ਤੇ ਘੁੱਗੀ ਨੂੰ! ਖਾਣ ਨੂੰ ਸੌ-ਸੌ ਚੀਜ਼ਾਂ ਦਿੱਨੀ ਐਂ, ਬਾਹਲ਼ੀ ਚੰਗੀ ਐਂ ਤੂੰ ਤਾਂ!

ਧੰਨੋ : *ਅੰਦਰਲ਼ੀ ਪੀੜ 'ਤੇ ਕਾਬੂ ਪਾ ਕੇ ਲਮਕਵੇਂ ਲਹਿਜ਼ੇ ਵਿਚ* ਘੁੱਗੀ ਦੀ ਬੇਬੇ ਨੀਂ ਨਾ ਤੇਰੇ ਆਂਗੂੰ ਸੋਚਦੀ ਪੁੱਤ!

ਟੱਲੀ : *ਧੰਨੋ ਦਾ ਦੁੱਖ ਮਹਿਸੂਸ ਕਰ ਕੇ ਦੁੱਖ ਦਾ ਸਾਂਝੀਦਾਰ ਬਣਨ ਦੀ ਇੱਛਾ ਨਾਲ਼* ਤੂੰ ਫ਼ਿਕਰ ਨਾ ਕਰਿਆ ਕਰ ਤਾਈ! ਮੈਂ ਤੇਰਾ ਪੁੱਤ ਐਂ! ਮੈਂ ਨੀ ਅਵਦੀ ਬੇਬੇ ਦਾ ਪੁੱਤ ਬਣਦਾ! ਮੈਂ ਤਾਂ ਤੇਰਾ ਪੁੱਤ ਬਣੂੰ! ਵੱਡਾ ਹੋ ਕੇ ਮੈਂ ਜੱਟਾਂ ਨਾਲ਼ ਸੀਰੀ ਰਲ਼ ਕੇ ਥੋਡੀ ਖਾਤਰ ਬਹੁਤੇ-ਬਹੁਤੇ ਦਾਣੇ ਲਿਆਇਆ ਕਰੂੰ, ਪਕਾਹ ਲਿਆਇਆ ਕਰੂੰ, ਗੰਨੇ ਗੁੜ ਲਿਆਇਆ ਕਰੂੰ!

ਧੰਨੋ : *ਖ਼ੁਸ਼ੀ ਵਿਚ ਉਸਦੀਆਂ ਅੱਖਾਂ ਛਲਕ ਆਉਂਦੀਆਂ ਹਨ। ਉਹ ਟੱਲੀ ਨੂੰ ਆਪਣੀ ਹਿੱਕ ਨਾਲ਼ ਲਾ ਲੈਂਦੀ ਹੈ* ਜਿਉਂਦਾ ਰਹਿ ਵੇ ਪੁੱਤਾ! ਰੱਬ ਮੇਰੀ ਉਮਰ ਵੀ ਤੈਨੂੰ ਲਾਵੇ! ਐਂਨਾ ਕਹੇ ਤੋਂ ਈ ਮੇਰੇ ਤਾਂ ਕਾਲਜੇ ਠੰਡ-ਜੀ ਪੈ-ਗੀ! *ਭਾਗੋ ਆਉਂਦੀ ਹੈ।*

ਭਾਗੋ : ਕੀ ਸਲਾਹਾਂ-ਮਤੇ ਪਕਾ ਰਹੇ ਐ ਮਾਂ-ਪੁੱਤ ?

ਟੱਲੀ : *ਆਪਣੀ ਮਾਂ ਨੂੰ* ਬੇਬੇ ਮੈਂ ਨੀ ਤੇਰਾ ਪੁੱਤ ਬਣਦਾ! ਮੈਂ ਤਾਂ ਤਾਈ ਦਾ ਪੁੱਤ ਬਣੂੰ!

ਭਾਗੋ : ਠੀਕ ਐ ਭਾਈ, ਨਾ ਬਣ। ਸਾਨੂੰ ਮਨਜ਼ੂਰ ਐ। ਤੇਰੀ ਤਾਈ ਤੇਰੀ ਮਾਂ, ਤੇਰਾ ਤਾਇਆ ਤੇਰਾ ਪਿਉ।

ਧੰਨੋ : ਫੇਰ ਭਾਈ, ਤੇਰੇ ਅਹਿ-ਮਾਂ-ਪਿਉ ਦਾ ਕੀ ਬਣੂੰ ? ਇਨ੍ਹਾਂ ਨੂੰ ਬੁੱਢਿਆਂ ਹੋਇਆਂ ਨੂੰ ਕੌਣ ਖਵਾਇਆ ਕਰੂ ਕਮਾ ਕੇ ?

ਟੱਲੀ : ਇਨ੍ਹਾਂ ਨੂੰ ਆਪਾਂ ਤਾਈ *ਪਿੱਛੇ ਵੱਲ ਹੱਥ ਕਰ ਕੇ* ਅਹੁ ਪਿਛਲਾ ਕੋਠਾ ਦੇ ਦਿਆਂ-ਗੇ, ਜਿਥੇ ਬਾਬਾ ਪਿਐ! ਬਾਬਾ ਤਾਂ ਮਰ-ਜੂ ਮੀਨ੍ਹੇ ਕੁ ਨੂੰ! ਚੰਗਾ ?

ਭਾਗੋ : ਦੇਖ ਕੇਹੀ ਚੰਦਰੀ ਭਾਖਿਆ ਕਢਦੈਂ ਮੂੰਹੋਂ! ਬੁੜ੍ਹੇ ਨੂੰ ਹੁਣੇ ਤੋਂ ਈ ਮਾਰਨ ਨੂੰ ਫਿਰਦੈ। ਉਹਨੇ ਤੇਰਾ ਕੀ ਵਗਾੜਿਐ ਵੇ! *ਟੱਲੀ ਹੀਂ ਹੀਂ ਕਰਦਾ ਫੇਰ ਗੋਲ਼ੀਆਂ ਖੇਡਣ ਲੱਗ ਪੈਂਦਾ ਹੈ।*

ਧੰਨੋ : ਊਂ ਤਾਂ ਭਾਗੋ, ਜੇ ਬੁੜ੍ਹੇ ਦੇ ਮੂੰਹ 'ਤੇ ਪੱਲਾ ਪੈ-ਜੇ, ਭਲੀ ਐ। ਬਾਹਰ-ਅੰਦਰ ਵੀ ਬਾਂਹ ਫੜ ਕੇ ਬਠਾਉਣਾ ਪੈਂਦੈ ਹੁਣ ਤਾਂ!

ਭਾਗੋ : ਜਿਹੜਾ ਦੁੱਖ ਭੋਗਣੈਂ ਭੈਣੇ, ਉਹ ਤਾਂ ਹਰ ਹੀਲੇ ਭੋਗਣੈਂ। ਤੇਰੇ-ਮੇਰੇ ਵੱਸ ਦੀ ਗੱਲ ਐ ਕੋਈ।

*ਪਹਿਲਾਂ ਵਾਂਗ ਹੀ ਚੜ੍ਹੀ ਚੜ੍ਹਾਈ ਘੁੱਗੀ ਨੂੰ ਲਈਂ ਪੂਚ੍ਹੀ ਆਉਂਦੀ ਹੈ।*

ਪੂਚ੍ਹੀ : *ਘੁੱਗੀ ਨੂੰ ਅਗਾਂਹ ਧਕਦੀ ਹੋਈ* ਆਹ ਦੇਖ ਨੀਂ ਟੂਣੇਹਾਰੀਏ! *ਘੁੱਗੀ ਦੀਆਂ ਜੰਭੂਰੀਆਂ ਵੱਲ ਹੱਥ ਕਰ ਕੇ* ਆਹ ਦੇਖ ਭਾਈਆਂ-ਪਿੱਟੀਏ ਅਵਦੀ ਕਰਤੂਤ!

ਭਾਗੋ : ਕੁੜੇ ਕੀ ਹੋ ਗਿਆ ਪੂਚ੍ਹੀ? ਐਂਇੰ ਕਿਉਂ ਬੇਬਜ੍ਹਾ ਈ ਆਉਣ-ਸਾਰ ਗਾਲ਼ਾਂ ਦੇਣ 'ਤੇ ਉੱਤਰ ਆਈ?

ਪੂਚ੍ਹੀ : ਗਾਲ਼ਾਂ ਦੇਣ 'ਤੇ ਨਾ ਉੱਤਰਾਂ, ਹੋਰ ਭਾਗੋ ਆਵਦੇ ਜਣਦਿਆਂ ਨੂੰ ਪਿੱਟਾਂ? ਆਹ ਤੂੰ ਮੁੰਡੇ ਦੀਆਂ ਜੰਭੂਰੀਆਂ ਦੇਖ! ਦੇਖ, ਪਤਾ ਨੀਂ ਖਸਮਾਂ-ਖਾਣੀ ਨੇ ਕੀ ਖੇਹ-ਸੁਆਹ ਪਾਈ ਐ ਮੁੰਡੇ ਦੇ ਸਿਰ 'ਚ! ਖਬਰੈ ਕੀ ਟੂਣਾ ਕੀਤੈ ਟੂਣੇਹਾਰੀ ਨੇ!

*ਧੰਨੋ ਇਕ ਕਸੀਸ ਵਟਦੀ ਹੈ। ਉਸਨੂੰ ਸੁੱਝ ਨਹੀਂ ਰਿਹਾ ਉਹ ਕੀ ਜਵਾਬ ਦੇਵੇ।*

ਭਾਗੋ : ਪੂਚ੍ਹੀ ਭੈਣੇ, ਪਹਿਲਾਂ ਗੱਲ ਦਾ ਸਾਰਾ ਨਿਤਾਰਾ ਕਰ ਲੈਣਾ ਚਾਹੀਦੈ ਬੰਦੇ ਨੂੰ, ਫ਼ੇਰ ਈ ਉੱਚਾ-ਨੀਵਾਂ ਬੋਲਣਾ ਬਣਦੈ। ਜੁਆਕਾਂ ਦਾ ਕੀ ਐ, ਖੇਡਾਂ ਖੇਡਦੇ ਸੌ ਚੰਗੇ-ਮਾੜੇ ਥਾਂ ਪੈਰ ਧਰਦੇ ਐ। ਫੇਰ ਰੂੜ੍ਹੀਆਂ 'ਤੇ ਤਾਂ ਇਹ ਖੇਡਦੇ ਰਹਿੰਦੇ ਐ ਸਾਰਾ ਦਿਨ।?

ਪੂਚ੍ਹੀ : ਰੂੜ੍ਹੀਆਂ 'ਤੇ ਕਿਹੜਾ ਖੇਲਣ ਗਿਐ ਏਹੇ? ਅਜੇ ਮਿੰਟ ਤਾਂ ਇਕ ਨੀ ਹੋਇਆ ਮੈਂ ਐਥੋਂ ਘਸੀਟ ਕੇ ਲੈ ਕੇ ਗਈਐਂ ਇਸਨੂੰ! ਏਸੇ ਨੇ ਕੀਤੈ! ਅੱਗੇ ਭੰਤੀ ਦੇ ਮੁੰਡੇ ਨੂੰ ਨੀਂ ਕਰਵਾਇਆ ਇਹਨੇ? ਚਾਰ ਦਿਨ ਨੀ ਕੱਟੇ, ਮੁੰਡਾ ਘੁਲ਼-ਘੁਲ਼ ਕੇ ਮੌਤੋਂ ਕਮੌਤ ਹੋ ਕੇ ਮਰਿਆ!

ਧੰਨੋ : *ਝੂਠੀ 'ਦੂਸ਼ਣਬਾਜ਼ੀ' ਤੋਂ ਪੀੜਤ ਹੋ ਕੇ ਤਰਲੇ-ਭਰੀ ਆਵਾਜ਼ ਵਿਚ* ਪੂਚ੍ਹੀ ਭੈਣੇਂ *ਹੱਥ ਜੋੜ ਕੇ* ਐੱਡੇ ਪੱਥਰ ਨਾ ਤੋਲ! ਆਹ ਦੇਖ ਮੈਂ ਤੇਰੇ ਅੱਗੇ ਹੱਥ ਬੰਨ੍ਹਦੀ ਐਂ! ਮੈਨੂੰ ਤਾਂ ਅਵਦੇ ਦੋਵੇਂ ਭਾਈਆਂ ਦੀ ਸਹੁੰ ਜੇ...

ਪੂਚ੍ਹੀ : *ਕੱਟ ਕੇ* ਕਿਉਂ ਕਲ਼ਜੋਗਣੇ ਭਾਈਆਂ ਦੀ ਝੂਠੀ ਸਹੁੰ ਖਾਨੀ ਐਂ! ਆਪ ਤਾਂ ਜਿਹੀ-ਜੀ ਆਈ-ਐਂ, ਤੁਰਜੇਂ-ਗੀ ਜੱਗ ਤੋਂ! ਉਨ੍ਹਾਂ ਦੇ ਵਿਹੜੇ ਤਾਂ ਨਾ ਮਾਂਜਾ ਫੇਰ!

ਭਾਗੋ : ਕੁੜੇ ਪੂਚ੍ਹੀ ਨਾ ਬੋਲ-ਕੁਬੋਲ ਕੱਢ ਮੂੰਹੋਂ! ਇਹ ਤਾਂ ਪਹਿਲਾਂ ਈਂ ਰੱਬ ਦੀ ਬਥੇਰੀ ਸਤਾਈ ਹੋਈ ਐ, ਉੱਤੋਂ ਤੂੰ ਅਹੋ-ਜੇ ਦੂਸ਼ਣ ਲਾ-ਲਾ ਮਨ ਤਪਾਉਂਨੀ ਐਂ ਇਹਦਾ!

ਪੂਚ੍ਹੀ : ਜਿਹੜੀ ਤੂੰ ਇਹਦੀ ਉਲ਼ਟੀ ਵਕੀਲਣੀ ਬਣੀ ਫਿਰਦੀ ਐਂ ਨਾ, ਕੋ ਨੀਂ ਤੈਨੂੰ ਵੀ ਪਤਾ ਲੱਗ-ਜੂ ਜਿੱਦੇਂ *ਟੱਲੀ ਵੱਲ ਹੱਥ ਕਰ ਕੇ* ਅਹਿ ਨੂੰ ਖੁਹਾ ਬੈਠੀ! ਜਿੰਨਾ ਚਿਰ ਸੇਕ ਨਾ ਲੱਗੇ, ਵੜਦੀ ਨੀਂ ਖਾਨੇ 'ਚ! ਤੇਰੇ ਕੀ ਸਾਰੇ ਐ!

ਭਾਗੋ : *ਆਪਣੇ ਸੁਭਾਅ ਦੇ ਉਲ਼ਟ ਥੋੜ੍ਹਾ ਰੁੱਖਾ ਬਣਦੀ* ਪੁੱਤ ਨੂੰ ਹੋਊ ਕੁਸ ਭੈਣੇ ਤਾਂ

ਹੋਊ ਮੇਰੇ ਨੂੰ! ਤੇਰੇ ਨੂੰ ਤਾਂ ਨੀਂ? ਤੇਰੇ ਨੂੰ ਕੁਸ ਹੁੰਦੈ ਤਾਂ ਬੀਹ ਵਾਰੀਂ ਨਾ ਵੜਨ ਦਿਆ ਕਰ ਇਹਦੇ ਘਰੇਂ! ਇਹ ਕੋਈ ਬਾਂਹ ਫੜ ਕੇ ਖਿੱਚ ਕੇ ਤਾਂ ਲਿਆਉਂਦੀ ਨੀਂ ਕਿਸੇ ਦੇ ਧੀ-ਪੁੱਤ ਨੂੰ!

ਪੂਚ੍ਹੀ : ਖਿੱਚ ਕੇ ਈ ਲਿਆਉਂਦੀ ਐ ਇਹ, ਹੋਰ ਕੀ ਕਰਦੀ ਐ? ਕਦੇ ਇਨ੍ਹਾਂ ਨੂੰ ਗੋਲ਼ੀਆਂ ਦੇ-ਤੀਆਂ ਮਿੱਠੀਆਂ, ਕਦੇ ਚੁਸਕੀਆਂ! ਇਹਨਾਂ ਜੁਆਕਾਂ ਨੂੰ ਹੁਣ ਕੀ ਪਤੈ' ਇਹਦੀਆਂ ਮੋਮੋਠਗਣੀਆਂ ਵਿਚ ਆ ਜਾਂਦੇ ਐ! ਇਹ ਕੋਈ ਇਕ ਖੇਖਣ ਕਰਦੀ ਐ ਕੁੱਤੀ ਤੀਵੀਂ!

*ਹੁਣ ਤੱਕ ਧੰਨੋ ਆਪਣੇ ਗੁੱਸੇ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਵਿਚ ਹੀ ਸੀ। ਪਰ ਹੁਣ ਉਹ ਕਾਬੂ ਤੋਂ ਬਾਹਰ ਹੋ ਰਿਹਾ ਸੀ। 'ਕੁੱਤੀ ਤੀਵੀਂ' ਕਹਿਣ ਉੱਤੇ ਇਹ ਗੁੱਸਾ ਦੱਬੇ ਲਾਵੇ ਵਾਂਗ ਬਾਹਰ ਫੁੱਟ ਆਉਂਦਾ ਹੈ।*

ਧੰਨੋ : *ਗੁੱਸੇ ਵਿਚ ਭੜਕਦੀ ਕੰਬਦੀ ਦੇਹ ਨਾਲ਼* ਕੁੱਤਾ ਤੇਰਾ ਖ਼ਸਮ! ਕੁੱਤੀ ਤੇਰੀ ਮਾਂ! ਮੈਂ ਕਿਉਂ ਕੁੱਤੀ, ਕੁੱਤੀ ਤੀਵੀਂਏਂ? *ਚੀਖ਼ਦੀ ਹੋਈ* ਨਿਕਲ਼ ਜਾ ਮੇਰੇ ਘਰੋਂ! ਨਈਂ ਤਾਂ ਸਿਰ ਪਾੜ-ਦੂੰ ਮੇਰੇ ਪਿਉਂ ਦੀ ਰੰਨ ਦਾ!

*ਧੰਨੋ ਦੀਆਂ ਬਲ਼ਦੀਆਂ ਅੱਖਾਂ ਤੇ ਕੰਬਦੇ ਸਰੀਰ ਨੂੰ ਵੇਖ ਕੇ ਇਕ ਵਾਰ ਤਾਂ ਪੂਚ੍ਹੀ ਸਹਿਮ ਜਾਂਦੀ ਹੈ। ਪਰ ਆਪਣੀ ਆਦਤ ਮੁਤਾਬਿਕ ਉਹ ਪਹਿਲੀ 'ਸੱਟੇ' ਮੈਦਾਨ ਛੱਡਣਾ ਵੀ ਨਹੀਂ ਚਾਹੁੰਦੀ। ਇਸ ਲਈ ਮੁਕਾਬਲ਼ੇ ਦੀ ਭਾਵਨਾ ਕਾਇਮ ਰੱਖਦੀ ਉੱਤਰ ਦਿੰਦੀ ਹੈ।*

ਪੂਚ੍ਹੀ : ਰੰਨ ਤੂੰ ਆਵਦੇ ਬਾਪੂ ਦੀ ਲਫੰਡਰ ਤੀਵੀਂਏ! ਜਿਹੜੀ 'ਲਾਦ ਦੀ ਖ਼ਾਤਰ ਜਣੇਂ-ਖਣੇਂ ਨੂੰ ਖਸਮ ਬਣਾਈ ਫਿਰਦੀ ਐਂ!

ਭਾਗੋ : *ਲੜਾਈ ਟਾਲ਼ਣ ਦੀ ਇੱਛਾ ਨਾਲ਼ ਹੱਥ ਬੰਨ੍ਹਦੀ* ਨੀਂ ਜਾਣਦੇ ਨੀਂ ਪੂਚ੍ਹੀ, ਜਾਣ ਦੇ! ਜਾਹ, ਭੈਣ ਬਣ ਕੇ, ਵਗ ਜਾ! ਵਗ ਜਾ, ਐਵੇਂ ਬੰਦਿਆਂ ਦੇ ਸਿਰ ਵਢਵਾ ਕੇ ਮਾਰੇਂਗੀ!

ਪੂਚ੍ਹੀ : *ਜਾਂਦੀ-ਜਾਂਦੀ ਲਾ-ਲਾ ਕੇ ਧੰਨੋ ਨੂੰ ਸੁਣਾਉਣ ਦੀ ਮਾਰੀ* ਕੀੜੇ ਪੈਣਗੇ ਤੇਰੇ ਧੰਨੋ ਬੰਦੀਏ, ਕੀੜੇ! *ਘੁੱਗੀ ਦੀ ਬਾਂਹ ਫੜ ਕੇ* ਜਿਹੜਾ ਤੂੰ ਮੇਰੇ ਪੁੱਤ ਦੇ ਸਿਰ ਟੂਣਾ ਪਾਇਐ! ਭਟਕਦੀ ਫਿਰੇਂਗੀ! ਕੁੱਖ ਨੀਂ ਹਰੀ ਹੋਣੀ, ਭਾਮੇਂ ਚੜ੍ਹਦੇ ਤੋਂ ਲਹਿੰਦੇ ਤੱਕ ਦੇ ਯਤਨ ਕਰ ਲੀਂ! ਅਹੀ-ਜੀ ਰਹੇਂਗੀ ਖੱਾਲੀ ਝੋਲ਼ੀ ਵਾਲ਼ੀ! *ਬਾਹਰ ਨਿਕਲ਼ਦੀ* ਇਹ ਤੂੰ ਮੇਰੇ ਬੋਲ ਯਾਦ ਰੱਖੀਂ!

*ਪੂਚ੍ਹੀ ਦੇ ਤਾਹਨੇ ਧੰਨੋ ਦੀ ਛਾਤੀ ਵਿਚ ਇਸ ਤਰ੍ਹਾਂ ਵਜਦੇ ਹਨ ਕਿ ਉਹ ਬੌਂਦਲ ਜਿਹੀ ਜਾਂਦੀ ਹੈ। ਸਾਹ-ਸਤਹੀਣ ਜਿਹੀ ਹੈ ਕਿ ਉਹ ਭੁੰਜੇ ਬੈਠ ਜਾਂਦੀ ਹੈ। ਭਾਗੋ ਉਸ ਵੱਲ ਵੇਖਦੀ ਹੈ। ਉਸ ਦੀ ਮਾਨਸਿਕ ਪੀੜ ਨੂੰ ਸਮਝਦੀ ਹੋਈ ਉਸਨੂੰ ਧਰਵਾਸ ਦੇਣ ਦੇ ਇਰਾਦੇ ਨਾਲ਼ ਹਮਦਰਦੀ ਦੇ ਕੁਝ ਬੋਲ ਬੋਲਦੀ ਹੈ।*

ਭਾਗੋ : ਐਵੇਂ ਦਿਲ 'ਤੇ ਨਾ ਲਾਇਆ ਕਰ ਏਹੀ- ਜੀ ਦੀ ਕਹੀ ਗੱਲ ਦਾ ਭੈਣੇ! ਇਹ ਤਾਂ ਹਈ ਕੁਪੱਤੀ! ਸਾਰੇ ਵਿਹੜੇ ਨਾਲ਼ ਆਢਾ ਲਾਈ ਰੱਖੂ ਮਰੇ-ਭਾਈਆਂ ਆਲ਼ੀ! ਨਾ ਪਿਉ ਦੀ ਦਾੜ੍ਹੀ ਦਾ ਖ਼ਿਆਲ, ਨਾ ਖ਼ਸਮ

ਦਾ ਡਰ ਭੈ! ਲੋਈ ਲਾਹੀ ਫਿਰਦੀਐ ਇਹ ਤਾਂ! ਇਹੋ ਜੀਆਂ ਦੇ ਕਹੇ ਦਾ ਕੀ ਹੁੰਦੈ? ਇਹ ਤਾਂ ਜੋ ਮੂੰਹ ਆਉਂਦੈ, ਭੌਂਕੀ ਜਾਂਦੀ ਐ! ਜ਼ਬਾਨ ਫੜ ਲੈਣੀ ਐਂ ਕਿਸੇ ਨੇ! ਨਾ ਭੈਣੇ ਇਨ੍ਹਾਂ ਤੋਂ ਤਾਂ ਰੱਬ ਈ ਬਚਾਏ!

*ਪੂਚ੍ਹੀ ਦੇ ਆਉਣ ਤੇ ਜਾਣ ਦੇ ਦੁਰਾਨ ਟੱਲੀ ਕੀ ਕਰਦਾ ਰਿਹਾ। ਪਹਿਲਾਂ ਤਾਂ ਉਹ ਇਸ ਲੜਾਈ ਨੂੰ 'ਮਾਮੂਲੀ' ਸਮਝ ਕੇ ਗੋਲ਼ੀਆਂ ਹੀ ਖੇਡਦਾ ਰਿਹਾ, ਸਗੋਂ ਘੁੱਗੀ ਨੂੰ ਗੋਲ਼ੀਆਂ ਦਿਖਾ-ਦਿਖਾ ਚੋਰੀਓਂ ਝਿਟਾਂਦਾ ਵੀ ਰਿਹਾ। ਘੁੱਗੀ ਦੇ ਪੈਂਦੀਆਂ ਵੇਖ ਕੇ ਉਹ ਅੰਦਰੋਂ ਅੰਦਰ ਖ਼ੁਸ਼ ਵੀ ਸੀ। ਘੁੱਗੀ ਵੀ ਉਸ ਕੋਲ਼ ਬਹੁਤ ਸਾਰੀਆਂ ਗੋਲ਼ੀਆਂ ਵੇਖ ਕੇ ਈਰਖਾ ਦੇ ਪ੍ਰਭਾਵ ਦਿੰਦਾ ਰਿਹਾ। ਪ੍ਰੰਤੂ ਜਦੋਂ ਧੰਨੋ ਗੁੱਸੇ ਵਿਚ ਆ ਕੇ ਪੂਚ੍ਹੀ ਨੂੰ ਘਰੋਂ ਨਿਕਲ਼ਣ ਲਈ ਆਖਦੀ ਹੈ ਉਹ ਦੋਵੇਂ ਸਹਿਮ ਜਾਂਦੇ ਹਨ। ਤੇ ਜਦੋਂ ਧੰਨੋ ਪੱਥਰ ਬਣੀ ਧਰਤੀ 'ਤੇ ਬੈਠ ਜਾਂਦੀ ਹੈ ਅਤੇ ਉਹਦੀ ਮਾਂ ਉਸਨੂੰ ਹਮਦਰਦੀ ਦੇ ਸ਼ਬਦ ਬੋਲਦੀ ਹੈ ਤਾਂ ਉਸਦੇ ਮਨ ਅੰਦਰ ਵੀ ਧੰਨੋ ਲਈ ਤਰਸ ਪੈਦਾ ਹੋ ਜਾਂਦਾ ਹੈ। ਇਸ ਲਈ ਆਪਣੀ ਮਾਂ ਤੋਂ ਪਿੱਛੋਂ ਉਹ ਵੀ ਇਕ ਤਰ੍ਹਾਂ ਨਾਲ਼ ਧੰਨੋ ਨੂੰ ਧਰਵਾਸ ਦੇਣ ਲਈ ਬੋਲਦਾ ਹੈ।*

ਟੱਲੀ : ਤਾਈ ਮੈਂ ਇਸ ਸਾਲ਼ੀ ਦੀਆਂ ਟੰਗਾਂ ਵੱਢੂੰ ਜਦੋਂ ਵੱਡਾ ਹੋ ਗਿਆ!

ਧੰਨੋ : *ਉਸਦਾ ਭਰਿਆ ਮਨ ਛਲ਼ਕ ਪੈਂਦਾ ਹੈ* ਭਾਗੋ ਭੈਣੇ, ਮੈਂ ਕੇਹੇ ਚੰਦਰੇ ਲੇਖ ਲਖਾ ਕੇ ਆਈਐਂ ਨੀਂ ਇਸ ਧਰਤੀ 'ਤੇ? ਨੀਂ ਮੈਂ ਪਿਛਲੇ ਜਰਮ ਦੇ ਕੀਤੇ ਕਿਹੜੇ ਪਾਪ ਦੀ ਸਜ਼ਾ ਭੁਗਤ ਰਹੀ ਐਂ! *ਰੱਬ ਨੂੰ ਉਲ੍ਹਾਂਭਾ ਦਿੰਦੀ ਹੋਈ* ਵੇ ਡਾਢਿਆ! ਇਕ ਵਾਰੀ ਤਾਂ ਸੁਣ ਲੈ ਇਸ ਦੁਖਿਆਰਨ ਦੀ! *ਫੇਰ ਭੁਸਕਣ ਲੱਗ ਪੈਂਦੀ ਹੈ।*

ਭਾਗੋ : ਜ਼ਰੂਰ ਸੁਣੂ ਭੈਣੇ! ਸੁਣੂ ਕਿਉਂ ਨੀਂ? ਤੈਂ ਉਹਦਾ ਕੀ ਵਗਾੜਿਐ! ਕਿਸੇ ਦੀ ਨਿੰਦਿਆ ਨੀਂ ਕਰਦੀ ਚੁਗਲ਼ੀ ਨੀਂ ਕਰਦੀ। ਤੇਰੇ ਅਰਗੀ ਧਰਮਾਤਮਾ ਦੀ ਨੀਂ ਸੁਣੂ ਹੋਰ ਕੀਹਦੀ ਸੁਣੂ? ਐਵੇਂ ਝੋਰਾ ਕਰ-ਕਰ ਦੇਹੀ ਰੋਗ ਨਾ ਲਾ! ਉਹਦੇ ਘਰ ਡੇਰ ਹੋ ਸਕਦੀ ਐ, ਨ੍ਹੇਰ ਤਾਂ ਨੀਂ?... ਨਾਲ਼ੇ ਤੂੰ ਕੀ ਕਿਤੇ ਬੁੱਢੀ ਹੋ-ਗੀ! ਅਹੁ ਦੇਖ, ਤੇਰੇ ਸਾਹਮਣੇ ਸੰਤੀ ਨੂੰ ਦੇਖ ਲੈ, ਪੂਰੇ ਬੀਹ ਸਾਲਾਂ ਪਿੱਛੋਂ ਦਾਤੇ ਨੇ ਹਰਿਆਵਲ਼-ਹਰਿਆਵਲ਼ ਕਰ-ਤੀ! ਜਦੋਂ ਭੈਣੇ ਉਹਦੇ ਘਰ ਮਿਹਰ ਦੇ ਦੀਵੇ ਜਗਣ 'ਤੇ ਆਉਣ, ਤਾਂ ਝੱਟ ਜਗ ਪੈਂਦੇ ਐ! ਉਹ ਤਾਂ ਪਰਤਿਆਵੇ ਲੈਂਦਾ ਹੁੰਦੈ, ਉਹ ਲਈ ਜਾਂਦੈ! ਉਹ ਜਾਣੋਂ ਲੈ-ਲੇ!... *ਰੱਬ ਨੂੰ* ਸੱਚਿਆ ਪਾਛਾ! ਬਹੁਤ ਹੋ ਗੀ, ਹੁਣ ਅਵਦੀ ਭਗਤਨੀ ਦੀ ਸੁਣ!... *ਟੱਲੀ ਨੂੰ* ਜਾਹ ਓਇ, ਪਾਣੀ ਲਿਆ ਆਵਦੀ ਬੇਬੇ ਵਾਸਤੇ! *ਟੱਲੀ ਪਾਣੀ ਲੈਣ ਜਾਂਦਾ ਹੈ* ਦੇਖ, ਮੇਰਾ ਤਾਂ ਇਕ ਆਹ ਟੱਲੀ ਐ! ਤੂੰ ਇਹਨੂੰ ਆਵਦਾ ਈ ਸਮਝ! ਜਿੰਨਾ ਪਿਆਰ ਤੂੰ ਇਹਨੂੰ ਕਰਦੀ ਐਂ, ਮੈਂ ਤਾਂ ਮਾਂ ਹੋ ਕੇ ਨੀਂ ਕਰਦੀ? ਉਹ ਜਾਣੋ ਤੇਰੇ ਕਾਲਜੇ ਠੰਢ ਪਈ ਰਹੇ, ਐੱਨੇ ਆਪੇ ਵਾਖਰੂ ਕੋਈ ਕਲਾ ਵਰਤਾਊ! *ਟੱਲੀ ਪਾਣੀ ਲੈ ਆਉਂਦਾ ਹੈ* ਲੈ, ਪੀ ਪਾਣੀ ਦੀ ਘੁੱਟ!

*ਧੰਨੋ ਪਾਣੀ ਪੀਂਦੀ ਹੈ। ਭਾਗੋ ਦੀਆਂ ਗੱਲਾਂ ਨਾਲ਼ ਸੱਚ-ਮੁੱਚ ਹੀ ਉਸਨੂੰ ਸ਼ਾਂਤੀ ਜਿਹੀ ਆ ਜਾਂਦੀ ਹੈ। ਚੁੰਨੀ ਦੇ ਪੱਲੇ ਨਾਲ਼ ਮੂੰਹ ਪੂੰਝਦੀ ਉਹ ਭਾਗੋ ਨੂੰ ਆਉਣ ਦਾ ਕਾਰਨ ਪੁੱਛਦੀ ਹੈ।*

ਧੰਨੋ : ਤੂੰ ਕਿਵੇਂ ਆਈ ਸੀ ਭੈਣੇ ?

ਭਾਗੋ : ਮੈਂ ਕਿਵੇਂ ਆਉਣਾ ਸੀ, ਹੁਣ ਕੀ ਦੱਸਾਂ ? ਦਸਦੀ ਨੂੰ ਵੀ ਸੰਗ ਆਉਂਦੀ ਐ! ਮੈਂ ਤਾਂ ਆਟੇ ਦੀ ਮੁੱਠੀ ਲੈਣ ਆਈ ਐਂ। ਕੈ ਦਿਨ ਹੋਗੇ ਇਹਦੇ ਪਿਉ ਨਾਲ਼ ਮੱਥਾ ਮਾਰਦੀ ਨੂੰ ਬਈ ਜੇ ਕੁੰਢਾ ਨੀਂ ਹੰਮਾਂ ਭਰਦਾ ਤਾਂ ਸਿਆਮੇ ਬਾਣੀਏ ਤੋਂ ਪੁਛ ਲੈ ਮਣ-ਧੌਣ ਦਾਣਿਆਂ ਦੀ ? ਉਹ ਜਾਣੇ, ਦਸੋ-ਗਿਆਰ੍ਹੀਂ ਲਾ-ਲੂ। ਹੁਣ ਟੱਬਰ ਤਾਂ ਭੁੱਖਾ ਮਰਦਾ ਦੇਖਿਆ ਨੀਂ ਜਾਂਦਾ! ਜਣੇ-ਖਣੇ ਨੂੰ ਤਾਂ ਢਿੱਡ ਵੀ ਵਖਾਇਆ ਨੀਂ ਜਾਂਦਾ ? ਪਰ ਤੇਰੇ ਕੋਲ਼ੋਂ ਕੀ ਲਕੋਅ ਐ! ਆਹ ਤੇਰਾ ਘਰ ਚੌਥਾ ਘਰ ਐ, ਜੀਹਤੋਂ ਉਧਾਰ ਮੰਗਣ ਆਈ ਐਂ! ਸੱਚੀ ਗੱਲ ਐ, ਹੁਣ ਤਾਂ ਭਾਂਡਾ ਚੱਕ ਕੇ ਤੁਰਦਿਆਂ ਸ਼ਰਮ ਆਉਂਦੀ ਐ!

ਧੰਨੋ : *ਆਟਾ ਲਿਆਉਣ ਲਈ ਉਠਦੀ ਹੋਈ* ਸਾਰਿਆਂ ਦੀਆਂ ਈ ਕਬੀਲਦਾਰੀਆਂ ਇਹੋ-ਜੀਐਂ ਭੈਣੇ! ਕੋਈ ਮਾਸਾ ਵੱਧ ਔਖੈ, ਕੋਈ ਮਾਸਾ ਘੱਟ! *ਅੰਦਰ ਵੱਲ ਜਾਂਦੀ ਹੈ।*

ਭਾਗੋ : ਸੱਚੀ ਗੱਲ ਐ ਭੈਣੇ ਤੇਰੀ! ਗਰੀਬ-ਗੁਰਬੇ ਦਾ ਜਿਉਣਾ ਤਾਂ ਦੁੱਭਰ ਬਣਿਆ ਪਿਐ! *ਟੱਲੀ ਨੂੰ* ਜਾ ਉਏ ਘਰ ਨੂੰ! ਆਪਣੀ ਬੱਕਰੀ ਨੇ ਦੋ ਬਲ਼ਾਂ ਸੋਹਣੇ ਮੇਮਣੇ ਦਿੱਤੇ ਐ!

ਟੱਲੀ : *ਖ਼ੁਸ਼ੀ ਨਾਲ਼* ਹੈ ਸਕਤੇ ਦੋ-ਦੋ ਮੇਮਣੇ! *ਭੱਜ ਕੇ ਬਾਹਰ ਜਾਂਦਾ* ਉਏ ਥੋਡੀ ਭੈਂ ਦੀ!

*ਟੱਲੀ ਚਲਿਆ ਜਾਂਦਾ ਹੈ। ਭਾਗੋ ਉਸਨੂੰ ਭੱਜੇ ਜਾਂਦੇ ਨੂੰ ਅੰਦਰੂਨੀ ਖ਼ੁਸ਼ੀ ਨਾਲ਼ ਦੇਖਦੀ ਰਹਿੰਦੀ ਹੈ। ਅੰਦਰੋਂ ਥਾਲ਼ੀ ਵਿਚ ਆਟਾ ਪਾਈ ਧੰਨੋ ਆਉਂਦੀ ਹੈ।*

ਧੰਨੋ : ਲੈ ਭੈਣੇ ਸਰ-ਜੂ ਕਿ ਵੱਡੇ ਭਾਂਡੇ 'ਚ ਪਾਵਾਂ ?

ਭਾਗੋ : ਬਥੇਰਾ ਐ ਭੈਣੇ। ਜਿਉਂਦੀ ਰਹਿ! ਅੱਜ ਦਾ ਡੰਗ ਨੰਘ ਜੂ! *ਉਠਦੀ* ਕੱਲ੍ਹ ਨੂੰ ਆਪੇ ਵਾਖਰੂ ਕੋਈ ਢਾਣਸ ਬਣਾਊ!

*ਭਾਗੋ ਚਲੀ ਜਾਂਦੀ ਹੈ। ਧੰਨੋ ਕੰਮ-ਧੰਦੇ ਵਿਚ ਰੁਝ ਜਾਂਦੀ ਹੈ। ਥੋੜ੍ਹੇ ਚਿਰ ਪਿੱਛੋਂ ਬਾਹਰੋਂ ਕਿਸੇ ਸਾਧੂ ਦੇ ਗਾਉਣ ਦੀ ਆਵਾਜ਼ ਉਸਦੇ ਕੰਨੀਂ ਪੈਂਦੀ ਹੈ ਤੇ ਉਹ ਖੜ੍ਹ ਕੇ ਧਿਆਨ ਨਾਲ਼ ਉਸਨੂੰ ਸੁਣਦੀ ਹੈ।*

ਬਾਹਰੋਂ ਸਾਧੂ ਦੀ ਆਵਾਜ਼ : ਨਾਲ਼ ਪੁੱਤਾਂ ਦੇ ਜੱਗ 'ਚ ਸੀਰ ਪੈਂਦਾ
ਹੋਣ ਮਾਪੇ ਤਾਂ ਸਿਰਾਂ 'ਤੇ ਛਾਂ ਹੁੰਦੀ।
ਜਿਹੜੀ ਵੱਛੇ ਤੋਂ ਬਾਅਦ ਦੇਈ ਜਾਏ ਵੱਛਾ
ਭਾਗਾਂ ਵਾਲ਼ੀ ਉਹ ਜੱਟ ਲਈ ਗਾਂ ਹੁੰਦੀ।

*ਅੰਦਰ ਆ ਜਾਂਦਾ ਹੈ।*

ਨਾਲ਼ 'ਲਾਦ ਦੇ ਤੀਵੀਂ ਦੀ ਕਦਰ ਪੈਂਦੀ
ਬਿਨਾ 'ਲਾਦ ਨਾ ਘਰ ਵਿਚ ਥਾਂ ਹੁੰਦੀ।
ਧੀਆਂ-ਪੁੱਤ ਨੇ ਵਿਹੜੇ ਦੇ ਫੁੱਲ ਲੋਕੋ
ਜਿਥੇ ਇਹ ਨਾ ਹੁੰਦੇ, ਭਾਂ ਭਾਂ ਹੁੰਦੀ!

*ਧੰਨੋ ਅੰਦਰੋਂ ਆਟੇ ਦੀ ਮੁੱਠ ਲਿਆ ਕੇ ਸਾਧੂ ਦੀ ਬਗਲੀ ਵਿਚ ਪਾਉਂਦੀ ਹੈ।*

ਸਾਧੂ : ਜਿਉਂਦੀ ਰਹੋ ਮਾਤਾ! ਪਰਮਾਤਮਾ ਰੰਗ-ਭਾਗ ਲਾਈ ਰੱਖੇ!

*ਸਾਧੂ ਉਪਰੋਕਤ ਬੈਂਤ ਦੀਆਂ ਸਤਰਾਂ 'ਰੱਬ ਕੁੱਖ ਨਾ...' ਗਾਉਂਦਾ ਚਲਿਆ ਜਾਂਦਾ ਹੈ। ਧੰਨੋ ਉਸਨੂੰ ਜਾਂਦੇ ਨੂੰ ਵੇਖਦੀ ਰਹਿੰਦੀ ਹੈ। ਸਪੱਸ਼ਟ ਹੈ ਸਾਧੂ ਦੇ ਗਾਉਣ ਦਾ ਉਸ ਉੱਤੇ ਅਸਰ ਪਿਆ ਹੈ। ਬਾਹਰੋਂ ਸ਼ਰਾਬ ਦਾ ਰੱਜਿਆ ਤੋਤੀ ਆਉਂਦਾ ਹੈ। ਉਹ ਕਦੇ ਜਾਂਦੇ ਸਾਧੂ ਨੂੰ ਵੇਖਦਾ ਹੈ, ਕਦੇ ਧੰਨੋ ਨੂੰ। ਧੰਨੋ ਉਸਨੂੰ ਇੰਜ ਕਰਦੇ ਨੂੰ ਵੇਖ ਕੇ ਕੰਮ ਵਿਚ ਰੁੱਝ ਜਾਂਦੀ ਹੈ।*

ਤੋਤੀ : ਇਹ ਬੂਵਨਾ ਏਥੇ ਕੀ ਕਰਨ ਆਇਆ ਸੀ?

ਧੰਨੋ : ਕੀ ਕਰਨ ਆਉਂਦੇ ਹੁੰਦੇ ਨੇ ਗ੍ਰਿਹਸਤੀਆਂ ਦੇ ਘਰ ਸਾਧ-ਸੰਤ?

ਤੋਤੀ : ਸਾਥ-ਸੰਤ ਇਹ ਆਵਦੀ ਭੈਣ ਦੇ ਫੇਰਿਆਂ ਦੈ? ਬਾਵਰੀਆਂ ਤਾਂ ਚੋਪੜ-ਚੋਪੜ ਰਖਦੈ?

ਧੰਨੋ : ਤੈਨੂੰ ਤਾਂ ਚੌਵੀ ਘੰਟੇ ਸ਼ੱਕ ਦੇ ਸੱਪ ਲੜੇ ਰਹਿੰਦੈ ਐ! ਕਦੇ ਆਖੂ, 'ਫਲਾਣਾ ਕਿਉਂ ਆਇਆ ਸੀ, ਧਿਮਕਾ ਕੀ ਕਰਨ ਆਇਆ ਸੀ!' ਬੰਦ ਕਰ ਜਿਆ ਕਰ ਮੈਨੂੰ ਕੋਠੇ 'ਚ ਜਿੰਦਾ ਲਾ ਕੇ! ਕੂੰਜੀ ਜੇਬ 'ਚ ਪਾ ਕੇ ਲੈ ਜਿਆ ਕਰ! *ਉਸ ਅੱਗੇ ਰੋਟੀ ਰਖਦੀ ਹੈ।*

ਤੋਤੀ : *ਮੰਜੇ ਉੱਤੇ ਬੈਠਦਾ* ਜਿੰਦੇ ਕੂੰਜੀ ਦਾ ਤਾਂ ਮੈਨੂੰ ਪਤਾ ਨੀਂ, ਜੇ ਇਹ ਬੂਵਨਾ ਮੁੜ ਕੇ ਘਰ ਵੜਿਐ ਨਾ, ਮੈਂ ਮੇਰੇ ਸਾਲ਼ੇ ਦੀਆਂ ਬਾਵਰੀਆਂ ਪੱਟ-ਦੂੰ?

ਧੰਨੋ : ਦੂਜਿਆਂ ਨੂੰ ਦੋਸ਼ ਦੇਣ 'ਤੇ ਈ ਐਂ! ਕਦੇ ਅਵਦੇ ਵੱਲ ਵੀ ਦੇਖ ਲਿਆ ਕਰ! ਨਿਤ ਮੁਤਰਾਲ਼ ਡੱਫੀਂ ਰਖਦੈਂ! ਮਜ਼ਹਬੀ ਦਾ ਪੁੱਤ ਐਂ, ਕਿਸੇ ਸਰਦਾਰ ਦਾ ਤਾਂ ਨੀਂ, ਬਈ ਮੁਰੱਬਿਆਂ ਦਾ ਮਾਲਕ ਐਂ!

ਤੋਤੀ : ਮੁਰੱਬਿਆਂ ਦਾ ਮਾਲਕ ਹੁੰਦਾ ਫੇਰ ਕੀ ਹੋ ਜਾਂਦਾ! ਮੁਰੱਬੇ ਕਿਸੇ ਹੋਰ ਨੇ ਈਂ ਸਾਂਭ ਲੈਣੇ ਸੀ! ਮੁਰੱਬੇ ਸਾਂਭਣ ਨੂੰ ਕਿਹੜਾ ਜੁਆਕਾਂ ਦੀ ਲਾਰ ਲੱਗੀ ਪਈ ਐ?

ਧੰਨੋ : *ਚੋਭ ਦਾ ਬੁਰਾ ਮਨਾ ਕੇ* ਜੁਆਕ ਨੀਂ ਹੁਣ ਫੇਰ ਕੀਹਦੇ ਨਾਲ਼ ਟੱਕਰ ਮਾਰ ਕੇ ਮਰ ਜੀਏ! ਰੱਬ ਦੇ ਤਾਂ ਗੰਡਾਸਾ ਮਾਰਿਆ ਨੀਂ ਜਾਂਦਾ?

ਤੋਤੀ : ਤੈਨੂੰ ਕਿੰਨੀ ਵਾਰੀ ਆਖਿਐ ਬਈ ਅਵਦੀ ਛੋਟੀ ਭੈਣ ਦਾ ਸਾਕ ਲੈ ਆ।

ਧੰਨੋ : ਉਹਦਾ ਸਾਕ ਮੈਂ ਕਿਥੋਂ ਲੈ ਆਵਾਂ ਮੰਗੀ-ਤੰਗੀ ਦਾ? ਮੰਗੀ ਮੰਗ ਛਡੀ ਜਾਂਦੀ ਐ ਕਿਤੇ?

ਤੋਤੀ : ਨਹੀਂ ਛੱਡੀਂ-ਦੀ, ਨਾ ਛਡੋ!, ਮਰਾਓ ਭੈਂ ਦੀ! ਪਰ ਇਕ ਗੱਲ ਮੇਰੀ

ਵੀ ਸੁਣ ਲੈ, ਜੇ ਤੇਰੇ ਪਿਉ ਕੰਜਰ ਨੇ ਐਸ ਘਰ 'ਚ ਪੈਰ ਪਾਇਐ ਨਾ, ਮੈਂ ਮੇਰੇ ਸਾਲ਼ੇ ਦੀ ਦਾੜ੍ਹੀ ਪੱਟ-ਦੂੰ!

ਧੰਨੋ : ਕਿਵੇਂ ਪੱਟ ਦੇਂ-ਗਾ ਤੂੰ ਦਾੜ੍ਹੀ? ਆਊ ਨੀ ਉਹ ਆਵਦੀ ਧੀ ਦੇ ਘਰ! ਉਹਨੇ ਤੇਰਾ ਵਗਾੜਿਐ ਕੁਸ਼?

ਤੋਤੀ : ਅਜੇ ਵਿਗਾੜਿਆ ਈ ਨੀ ਕੁਸ਼? ਫੰਡਰ ਝੋਟੀ ਤੋਰ-ਤੀ ਮੇਰੇ ਮਗਰ ਲਾ ਕੇ!

ਧੰਨੋ : *'ਫੰਡਰ' ਸ਼ਬਦ ਤੋਂ ਗੁੱਸੇ ਵਿਚ ਬੇਕਾਬੂ ਹੁੰਦੀ* ਫੰਡਰ ਤੇਰੀ ਮਾਂ! ਫੰਡਰ ਤੇਰੀ ਭੈਣ! ਮੈਂ ਕਿਉਂ ਫੰਡਰ?

ਤੋਤੀ : *ਅੱਗ ਬਬੂਲ਼ਾ ਹੋ ਕੇ ਮਾਰਨ ਜਾਂਦਾ* ਖੜ ਜਿਆ ਮੈਂ ਤੇਰੀ ਮਾਂ ਦੀ! *ਧੰਨੋ ਦੀ ਗਿੱਚੀ ਵਿਚ ਦੋ-ਤਿੰਨ ਮੁੱਕੀਆਂ ਮਾਰਦਾ* ਫੇਰ ਕਹੀਂ ਫੰਡਰ!

*ਦੋ-ਤਿੰਨ ਲੱਤਾਂ ਵੀ ਮਾਰਦਾ ਹੈ। ਧੰਨੋ ਕੁੱਟ ਖਾਈ ਜਾਂਦੀ ਹੈ ਪਰ ਬਹੁਤਾ ਉੱਚੀ ਰੌਲ਼ਾ ਨਹੀਂ ਪਾਉਂਦੀ। ਬਸ ਇਤਨਾ ਹੀ ਕਹਿੰਦੀ ਰਹਿੰਦੀ ਹੈ : 'ਹੋਰ ਮਾਰ ਕੰਜਰਾ, ਹੋਰ ਮਾਰ! ਮਾਰ ਦੇ ਮੈਨੂੰ, ਮੁਕਾ ਦੇ ਸਿਆਪਾ! ਬੂਹ ਵੇ ਬਾਬਲਾ ਕਿਥੇ ਕਸਾਈ ਦੇ ਵਸ ਪਾ-ਤੀ! ਬੂਹ! ਹਾਏ! ਹਾਏ ਨੀਂ ਅੰਮੜੀਏ!' ਆਦਿ*

ਤੋਤੀ : ਬੁੱਚੀਏ ਤੀਵੀਂਏ! ਨਿਕਲ਼-ਜਾ ਮੇਰੇ ਘਰੋਂ! ਮੈਂ ਤੈਨੂੰ ਅੰਨ ਖਾਣ ਨੂੰ ਨੀਂ ਰੱਖਿਆ ਘਰੇ! ਤੇਰੇ ਨਾਲ਼ੋਂ ਤਾਂ ਸੂਰੀ ਚੰਗੀ ਐ ਸੂਰੀ, ਜਿਹੜੀ ਸੂ-ਸੂ ਘੁਰਨਾ ਭਰ ਦਿੰਦੀਐ! *ਇਕ ਲਪੜਾ ਪੂਰੇ ਗੁੱਸੇ ਵਿਚ ਮਾਰਦਾ* ਜਾਹ ਦਫਾ ਹੋ ਜਾ, ਕੰਜਰ ਦੀਏ ਕੰਜਰੀਏ! *ਭਾਗੋ ਥਾਲ਼ੀ ਲਈਂ ਆਉਂਦੀ ਹੈ।*

ਭਾਗੋ : *ਭੱਜ ਕੇ ਤੋਤੀ ਨੂੰ ਹਟਾਉਂਦੀ ਹੋਈ* ਕਮਲ਼ਾ ਤਾਂ ਨੀਂ ਹੋ ਗਿਐ ਟੱਲੀ ਦੇ ਤਾਇਆ! ਕਿਉਂ ਜ਼ੁਲਮ ਢਾਉਂਨੈ ਇਸ ਗਰੀਬਨੀ 'ਤੇ।

ਤੋਤੀ : ਹਟ-ਜਾ ਭਾਗੋ ਇਕ ਪਾਸੇ! ਕੱਢ ਲੈਣ ਦੇ ਮੈਨੂੰ ਇਹਦੇ ਵਿੰਗ-ਵਲ਼ੇਵੇਂ!

ਭਾਗੋ : ਸਿਆਣਾ ਬਣ ਸਿਆਣਾ! ਕਿਉਂ ਅਵਦਾ ਘਰ ਅਵਦੇ ਹੱਥੀਂ ਪੱਟ-ਦੈਂ!

ਤੋਤੀ : ਘਰ ਪੱਟਣ ਨੂੰ ਅੱਗੇ ਕਿਹੜਾ ਵਸਿਆ ਵਿਐ! ਅਉਤਾਂ ਦਾ ਵੀ ਕੋਈ ਘਰ ਹੁੰਦੈ! ਘਰ ਹੁੰਦੇ ਐ ਪੁੱਤਾਂ-ਧੀਆਂ ਨਾਲ਼, ਜਿਨ੍ਹਾਂ ਨਾਲ਼ ਬੰਦੇ ਦੀ, ਉਹਦੇ ਘਰ ਦੀ ਜੜ ਲਗਦੀ ਐ, ਅੱਗੇ ਵਧਦੀ ਐ! ਤੇ ਇਹ ਮੈਂ ਏਹਾ-ਜਿਆ ਖੁੰਢ ਲਿਆ ਧਰਿਆ ਘਰੇਂ, ਜੀਹਨੇ ਹਰਾ ਤਾਂ ਕੀ ਹੋਣਾ ਸੀ, ਉਲ਼ਟਾ ਸਿਉਂਖ ਬਣ ਕੇ ਘਰ ਦੇ ਲਿਉੜ ਵੀ ਖਾਈ ਜਾਂਦੈ!

ਭਾਗੋ : ਜੇ ਹੁਣ ਨਈਂ ਕਰਮਾਂ 'ਚ ਲਿਖੇ ਧੀ-ਪੁੱਤ ਟੱਲੀ ਦੇ ਤਾਇਆ, ਉਹ ਕਿਸੇ ਦੇ ਘਰੋਂ ਚੱਕ ਲਿਆਵੇ! ਇਹਨੇ ਤਾਂ ਬਥੇਰੀਆਂ ਜੜੀਆਂ-ਬੂਟੀਆਂ ਲਈਆਂ, ਮਾਰ ਜਿਹੜੇ ਡਾਕਧਾਰ ਦੀ ਦੱਸ ਪਈ, ਓਥੇ ਤੱਕ ਤੁਸੀਂ ਜਾ ਆਏ! ਧਾਗੇ-ਤਵੀਤਾਂ ਦੀ ਤਾਂ ਕੋਈ ਕਸਰ ਨੀਂ ਛੱਡੀ! ਹੁਣ ਜੇ ਉਤਲੇ ਦੇ ਮਨ ਨੂੰ ਪੁੱਠੀ ਜਚੀ ਹੋਵੇ, ਉਹਨੂੰ ਸਿੱਧੀ ਕੌਣ ਕਰੇ? ਉਸ ਬਦਲੇ-ਲੈਣੇ ਨੂੰ ਕੌਣ ਕਹੇ ਬਈ ਤੂੰ ਐਂਇੰ ਨੀਂ, ਐਂਇੰ ਕਰ!

ਤੋਤੀ : *ਭਾਗੋ ਦੀ ਦਲੀਲ ਅੱਗੇ ਨਿਰਉੱਤਰ ਹੁੰਦਾ।* ਐਂਇੰ ਕਰ, ਨਾਲ਼ੇ ਐਂਇੰ ਨਾ ਕਰ! ਕਿਥੇ ਕੰਜਰ ਰੱਬ ਨੇ ਫੰਡਰ ਤੀਵੀਂ ਨਾਲ਼ ਨੂੜ ਤੇ! *ਅੰਦਰ ਵੱਲ*

*ਜਾਂਦਾ ਬੱਕਰਾ ਬੁਲਾਉਂਦਾ* ਹਐ! ਬ ਬ ਬ ਬ ਬ! ਢਾ ਦਿਆਂਗੇ ਓਏ ਦਿੱਲੀ ਦੇ ਕੀਂਗਰੇ! ਬ ਬ ਬ ਬ! ਹੈਇ! *ਅੰਦਰ ਚਲਿਆ ਜਾਂਦਾ ਹੈ।*

ਭਾਗੋ : ਦੇਹ-ਖਾਂ, ਕਿਵੇਂ ਬੱਕਰਾ ਬੁਲਾਉਂਦੈ, ਜਿਵੇਂ ਬਲਾਸਪੁਰੀਆਂ ਦਾ ਕਾਕਾ ਹੁੰਦੈ! ਸੰਗ ਸ਼ਰਮ ਹੈ ਈ ਨੀਂ ਨਾ!

ਤੋਤੀ : *ਅੰਦਰੋਂ ਹੀ* ਸੰਗ ਸ਼ਰਮ ਧੀਆਂ-ਪੁੱਤਾਂ ਆਲ਼ਿਆਂ ਨੂੰ ਹੁੰਦੀ-ਐ ਭਾਗ ਕੁਰੇ! ਸਾਨੂੰ ਕਾਹਦੀ! ਅਸੀਂ ਤਾਂ ਲੰਡੇ ਚਿੜੇ ਐਂ, ਲੰਡੇ ਚਿੜੇ! ਅਖੇ, 'ਲੰਡਾ ਚਿੜਾ ਪਹਾੜਾਂ ਦਾ ਸਾਥੀ!'

ਭਾਗੋ : ਚੰਗੈ, ਚੰਗੈ! ਭਕਾਈ ਨਾ ਮਾਰ, ਪੈ ਜਾ 'ਰਾਮ ਨਾਲ਼!

*ਤੋਤੀ ਸ਼ਰਾਬੀਆਂ ਵਾਲ਼ੀ ਇਕ ਕਿਲਕਾਰੀ ਜਿਹੀ ਹੋਰ ਮਾਰਦਾ ਹੈ ਅਤੇ ਫੇਰ ਚੁੱਪ ਹੋ ਜਾਂਦਾ ਹੈ।*

ਭਾਗੋ : *ਧੰਨੋ ਦੀ ਹਾਲਤ ਵੇਖ ਕੇ* ਦੇਖ ਕੀ ਹਾਲ ਕੀਤੈ ਕੁੱਟ-ਕੁੱਟ ਦਰਵੇਸ ਦਾ! ਨਿੱਤ ਢਾ ਲੈਂਦੈ! ਪਸ਼ੂ ਤਾਂ ਨੀਂ, ਬੰਦੈ ਫਿਰ ਵੀ! ਥੋੜ੍ਹੀ ਘਣੀ ਤਾਂ ਸਿਆਣਫ ਚਾਹੀਦੀ ਐ ਬੰਦੇ ਨੂੰ! *ਧੰਨੋ ਨੂੰ* ਲੈ ਉੱਠ ਭੈਣੇ! ਮੈਂ ਤੈਨੂੰ ਮੰਜੇ 'ਤੇ...

*ਪਰ ਜਦੋਂ ਉਹ ਉਸਦੀਆਂ ਅੱਖਾਂ ਵਿਚ ਵੇਖਦੀ ਹੈ, ਉਹ ਹੋਰ ਹੀ ਬਣੀਆਂ ਹੋਈਆਂ ਹਨ। ਭਾਗੋ ਸਮਝ ਜਾਂਦੀ ਹੈ ਕਿ ਧੰਨੋ ਨੂੰ 'ਕਸਰ' ਹੋ ਗਈ ਹੈ। ਧੰਨੋ 'ਕਸਰ ਵਾਲ਼ਿਆਂ' ਵਾਂਗ ਸਿਰ ਮਾਰਨ ਲੱਗ ਪੈਂਦੀ ਹੈ।*

ਧੰਨੋ : ਐਂਇ ਨੀਂ ਜਾਣ ਦਿੰਦਾ? ਜਾਏਂਗੀ ਕਿਥੇ? ਪਿੱਛਾ ਕਰੂੰ ਪੂਰਾ!

ਭਾਗੋ : *ਪਲੱਥੀ ਮਾਰ ਕੇ ਹੱਥ ਜੋੜ ਕੇ ਬਹਿ ਜਾਂਦੀ* ਬਾਬਾ ਜੀ, ਰਹਿਮ ਕਰੋ! ਇਸ ਬਚਾਰੀ 'ਤੇ ਤਰਸ ਕਰੋ!

ਧੰਨੋ : ਕਾਹਦਾ ਤਰਸ! ਮੰਨ ਦਿਓਂ ਤੁਸੀਂ ਮੇਰੀ?

ਭਾਗੋ : ਸਭ ਮੰਨਾਂ-ਗੇ ਬਾਬਾ ਜੀ! ਇਸ ਦੁਖਿਆਰਨ ਦਾ ਖਹਿੜਾ ਛੱਡੋ!

ਧੰਨੋ : ਐਂਇ ਨੀਂ ਛੱਡਦਾ ਖਹਿੜਾ! ਉਹ ਦਿਨ ਭੁੱਲ-ਗੀ ਜਿੱਦੇਂ ਸਿੱਖਰ ਦੁਪਹਿਰੇ ਕੇਸੀ ਨਾਹ ਕੇ ਦਗੜ-ਦਗੜ ਕਰਦੀ ਫਿਰਦੀ ਸੀ!

ਭਾਗੋ : ਕਿਥੇ ਬਾਬਾ ਜੀ, ਇਸ ਸੜੇ ਕਰਮਾਂ-ਆਲ਼ੀ ਤੋਂ ਕਿਹੜੇ ਵੇਲ਼ੇ ਐਸੀ ਭੁੱਲ ਹੋ-ਗੀ?

ਧੰਨੋ : ਰੜੀ-ਆਲ਼ੀ ਪੱਕੀ ਕਿੱਕਰ ਹੇਠ ਦੀ ਨੀਂ ਨੰਘੀ ਰੋਟੀਆਂ ਤੇ ਲੱਸੀ ਦਾ ਕੁੱਜਾ ਲੈ ਕੇ?

ਭਾਗੋ : ਨੰਘੀ ਹੋਣੀਐ ਬਾਬਾ ਜੀ! ਆਵਦੇ ਘਰ ਵਾਲ਼ੇ ਦੀ ਰੋਟੀ ਲੈ ਕੇ ਜਾਂਦੀ ਹੁੰਦੀ ਐ ਓਧਰ ਦੀ!

ਧੰਨੋ : ਫੇਰ?

ਭਾਗੋ : ਫੇਰ ਕੀ, ਜੋ ਹੋ-ਗੀ ਸੋ ਬਖਸ਼ੋ!

ਧੰਨੋ : ਐਂਇ ਈਂ ਬਖਸ਼ ਦਿਆਂ?

ਭਾਗੋ : ਤੁਸੀਂ ਜਿਵੇਂ ਕਹੋਂਗੇ, ਮੰਨਤ ਮੰਨਾਂ-ਗੇ ਬਾਬਾ ਜੀ!

ਧੰਨੋ : ਮੰਨਤ ਮੰਨਦੇ ਨੀਂ ਤੁਸੀਂ!

ਭਾਗੋ : ਨਈਂ, ਮੰਨਾ-ਗੇ ਬਾਬਾ ਜੀ, ਮੰਨਾਂ-ਗੇ ਕਿਉਂ ਨੀਂ?

ਧੰਨੋ : ਚੰਗਾ, ਤਾਂ ਸੁਣੋ ਫੇਰ! ਸਵਾ ਮਣ ਆਟਾ, ਸਵਾ ਪੰਜ ਸੇਰ ਚੌਲ਼, ਸਵਾ ਪੰਜ ਸੇਰ ਈ ਕੱਚਾ ਮਿੱਠਾ, ਸੁਣਦੀ ਐਂ?

ਭਾਗੋ : ਹਾਂ ਬਾਬਾ ਜੀ, ਸੁਣਦੀ ਐਂ!

ਧੰਨੋ : ਸਵਾ ਪੰਜ ਗਜ਼ ਖੱਦਰ, ਸਵਾ-ਸਵਾ ਛਟਾਂਕ ਸਰਸੋਂ ਦਾ ਤੇਲ, ਹਲ਼ਦੀ! ਸਵਾ ਗਜ਼ ਖੰਭਣੀ, ਰੜੀ-ਆਲੇ ਸੰਤਾਂ ਦੀ ਸਮਾਧ 'ਤੇ ਭੇਟਾ ਚੜ੍ਹਾਓ!

ਭਾਗੋ : ਅੱਛਾ ਬਾਬਿਓ!

ਧੰਨੋ : ਚੜ੍ਹਾ ਕੇ ਸ਼ਨੀਵਾਰ ਦਾ ਵਰਤ ਰਖੋ!

ਭਾਗੋ : ਚੰਗਾ ਬਾਬਾ ਜੀ! ਥੋਡੀ ਸਾਰੀ ਮੰਨਤ ਮੰਨੂੰ! ਹੁਣ ਤੁਸੀਂ ਜਾਓ! *ਮੱਥਾ ਟੇਕਦੀ* ਮਿਹਰ ਕਰੋ!

ਧੰਨੋ : ਜਾਨੈਂ! ਪਰ ਇਸ ਨੂੰ ਕਹਿ ਦੇ ਕੇਸੀ ਨਾਹ ਕੇ ਸਿਖਰ ਦੁਪਹਿਰੇ ਬਾਹਰ-ਤੋਰਾ-ਫੇਰਾ ਨਾ ਕਰਿਆ ਕਰੇ!

ਭਾਗੋ : ਅੱਛਾ ਬਾਬਾ ਜੀ। ਨਹੀਂ ਕਰਿਆ ਕਰੂਗੀ!

*ਹੌਲ਼ੀ-ਹੌਲ਼ੀ ਧੰਨੋ ਥਾਂ-ਸਿਰ ਹੋਣਾ ਸ਼ੁਰੂ ਹੋ ਜਾਂਦੀ ਹੈ। ਉਹ ਇੱਧਰ ਉੱਧਰ ਵੇਖਦੀ ਹੈ। ਭਾਗੋ ਕਾਹਲ਼ੀ ਨਾਲ਼ ਪਾਣੀ ਦਾ ਗਲਾਸ ਲੈ ਕੇ ਆਉਂਦੀ ਹੈ।*

ਭਾਗੋ : *ਅੱਖਾਂ ਭਰ ਕੇ ਪਾਣੀ ਦਾ ਗਲਾਸ ਦਿੰਦੀ ਹੋਈ* ਲੈ ਨਕਰਮਣੇਂ! ਪਾਣੀ ਦੀ ਘੁੱਟ ਨੰਘਾ ਲੈ!

*ਪਾਣੀ ਪੀਣ ਦੀ ਥਾਂ ਧੰਨੋ ਦੀ ਭੁੱਬ ਨਿਕਲ਼ ਜਾਂਦੀ ਹੈ ਤੇ ਉਹਦੇ ਮੂੰਹੋਂ ਸਿਰਫ਼ 'ਭਾ... ਗੋ' ਸ਼ਬਦ ਨਿਕਲ਼ਦਾ ਹੈ। 'ਭਾਗੋ' ਕਹਿ ਕੇ ਉਹ ਭਾਗੋ ਦੀ ਝੋਲ਼ੀ ਵਿਚ ਡਿੱਗ ਕੇ ਡੁਸਕਣ ਲੱਗ ਪੈਂਦੀ ਹੈ।*

ਭਾਗੋ : *ਧੰਨੋ ਨੂੰ ਧਰਵਾਸ ਦਿੰਦੀ* ਬੱਸ ਭੈਣੇ ਬੱਸ! ਦਿਲ ਰੱਖ! ਰੱਬ ਸਭ ਠੀਕ ਕਰੂ, ਜ਼ਰੂਰ ਕਰੂ! ਤੂੰ ਉਹਦੇ 'ਤੇ ਭਰੋਸਾ ਰੱਖ!

*ਧੰਨੋ ਡੁਸਕਦੀ ਰਹਿੰਦੀ ਹੈ।*

*ਹੌਲ਼ੀ ਹੌਲ਼ੀ ਹਨੇਰਾ ਹੋਣਾ ਸ਼ੁਰੂ ਹੋ ਜਾਂਦਾ ਹੈ।*

•

# ਝਾਕੀ ਦੂਜੀ

*ਘਟਨਾ ਸਥਾਨ : ਭੂਤਾਂ-ਪ੍ਰੇਤਾਂ ਕਢਣ ਵਾਲੇ ਇਕ 'ਸਿਆਣੇ' ਦੀ ਝੌਂਪੜੀ ਦੀ ਅਗਲੀ ਥਾਂ*
*ਸਮਾਂ : ਪਹਿਲੀ ਝਾਕੀ ਤੋਂ ਕਈ ਦਿਨ ਪਿੱਛੋਂ। ਰਾਤ ਦੇ ਅੱਠ ਨੌਂ ਵਜੇ।*

:

*ਜਦੋਂ ਚਾਨਣ ਹੁੰਦਾ ਹੈ ਤਾਂ ਸਾਹਮਣੇ ਇਕ ਝੌਂਪੜੀ ਵਿਖਾਈ ਦਿੰਦੀ ਹੈ। ਝੌਂਪੜੀ ਦੇ ਅੱਗੇ ਇਕ ਧੂਣੀ ਹੈ, ਜਿਸ ਵਿਚ ਇਕ ਤ੍ਰਸ਼ੂਲ ਗੱਡਿਆ ਹੋਇਆ ਹੈ। ਧੂਣੀ ਕੋਲ਼ ਸਾਹਮਣੇ ਕਾਲ਼ੀ ਤੇ ਡਰਾਉਣੀ ਸੂਰਤ ਵਾਲ਼ਾ ਇਕ ਸਾਧ ਸਿਆਣਾ ਬੈਠਾ ਹੈ।*

*ਥੋੜ੍ਹੇ ਚਿਰ ਪਿੱਛੋਂ ਇਕ ਪਾਸੇ ਤੋਂ ਧੰਨੋ ਅਤੇ ਇਕ ਪੰਜਾਹ-ਪਚਵੰਜਾ ਸਾਲ ਦੀ ਇਸਤ੍ਰੀ ਪਰਾਂਤ ਵਿਚ ਕੁਝ ਲਈ ਪਿੱਛੇ ਜਾਂਦੀਆਂ ਵਿਖਾਈ ਦਿੰਦੀਆਂ ਹਨ ਤੇ ਫਿਰ ਬਿਨਾਂ ਪਰਾਂਤ ਵਾਪਸ ਆ ਜਾਂਦੀਅ ਹਨ। ਇਸਤ੍ਰੀ ਦੇ ਚਿਹਰੇ ਦੇ ਪ੍ਰਭਾਵ ਤੋਂ ਸਪੱਸ਼ਟ ਹੈ ਕਿ ਉਹ 'ਸਿਆਣੇ' ਦੀ ਪੱਕੀ 'ਭਗਤਨ' ਹੈ।*

ਇਸਤਰੀ : ਲੈ ਧੰਨੋ ਧੀਏ, ਤੇਰੇ ਚੰਗੇ ਕਰਮਾਂ ਨੂੰ ਸੰਤ ਬਾਬਾ ਜੀ ਸਮਾਧੀ ਲਾਈ ਬੈਠੇ ਐ। ਇਨ੍ਹਾਂ ਬਾਰੇ ਤਾਂ ਮਸ਼ਹੂਰ ਐ ਬਈ ਸਮਾਧੀ ਖੁੱਲ੍ਹਣ ਵੇਲ਼ੇ ਜਿਹੜਾ ਬੰਦਾ ਪਹਿਲਾਂ ਚਰਨ ਪਕੜ ਲੇ, ਉਹਦੀਆਂ ਭੌਣੀਆਂ ਪੂਰੀਆਂ ਹੋ ਜਾਂਦੀ ਐਂ। ਤਾਂ ਹੀ ਮੈਂ ਤੈਨੂੰ ਰਾਤ ਵੇਲ਼ੇ ਲੈ ਕੇ ਆਈ-ਐਂ ਬਈ ਹੋਰ ਕੋਈ ਨੀਂ ਹੁੰਦਾ ਇਸ ਵੇਲ਼ੇ। ਦਿਨ ਵੇਲ਼ੇ ਤਾਂ 'ਕੱਠ ਬੱਝਿਐ ਰਹਿੰਦੈ ਪੁੱਛਾਂ ਪੁੱਛਣ, ਮੰਨਤਾਂ ਮੰਨਾਉਣ ਵਾਲ਼ਿਆਂ ਦਾ। ਮਾਰ ਸੌ-ਸੌ ਕੋਹ ਤੋਂ ਚਲ ਕੇ ਆਉਂਦੀ ਐ ਲੋਕੀ!

ਧੰਨੋ : *ਜਿਹੜੀ ਥੋੜ੍ਹੀ ਸਹਿਮੀ ਹੋਈ ਹੈ।* ਸਮਾਧੀ ਕਦੋਂ ਕੁ ਖੋਲ੍ਹਣ-ਗੇ ਸੰਤ ਮਹਾਰਾਜ, ਭੂਆ?

ਇਸਤ੍ਰੀ : ਬਸ ਖੋਲ੍ਹਣ ਈ ਵਾਲ਼ੇ ਐ। ਮੈਂ ਤੈਨੂੰ ਟੈਮ-ਸਿਰ ਈ ਲੈ ਕੇ ਆਈ-ਐਂ। ਚਲ, ਲਾ ਚਰਨਾਂ ਨੂੰ ਹੱਥ!

ਧੰਨੋ : ਪਤਾ ਨੀਂ ਕਿਉਂ ਭੂਆ, ਮੇਰਾ ਡਰ ਨਾਲ਼ ਅੰਦਰ ਕੰਬੀ ਜਾਂਦੈ!

ਇਸਤ੍ਰੀ : ਲੈ ਹੈ ਕਮਲ਼ੀ, ਡਰ ਕਾਹਦਾ? ਤੂੰ ਸ਼ੁਕਰ ਕਰ ਰੱਬ ਦਾ ਜੀਹਨੇ ਤੈਨੂੰ ਭੁੱਲੀ-ਭਟਕੀ ਨੂੰ ਇਸ ਡੇਰੇ ਦੇ ਰਾਹ ਪਾ-ਤਾ! ਫੇਰ ਆਉਂਦਿਆਂ ਨੂੰ ਸਮਾਧੀ ਲੱਗੀ ਹੋਈ! ਹੋਰ ਕੋਈ ਨੇੜੇ ਨਾ ਤੇੜੇ। ਤੂੰ ਤਾਂ ਐਂਇ ਸਮਝ ਧੀਏ ਬਈ ਦਾਤੇ ਨੇ ਤੇਰੀ ਝੋਲ਼ੀ ਭਰੀ ਕਿ ਭਰੀ! ਚੱਲ, ਐਵੇਂ ਕਮਲ਼ੀ ਬਣ ਕੇ ਹੱਥ ਆਇਆ ਮੌਕਾ ਨਾ ਖੁੰਝਾ ਬੈਠੀਂ ਕਿਤੇ!

*ਦੋਵੇਂ ਧੂਣੀ ਵੱਲ ਵਧਦੀਆਂ ਹਨ। ਧੰਨੋ ਇਕ ਫੁਲਕਾਰੀ ਉਤੇ ਗਿਆਰਾਂ ਰੁਪਏ, ਖੋਪੇ ਦੀ ਠੂਠੀ ਆਦਿ ਰੱਖ ਕੇ ਮੱਥਾ ਟੇਕਦੀ ਹੈ। ਫੇਰ ਇਕ ਪਾਸੇ ਹੋ ਕੇ ਖੜ੍ਹ ਜਾਂਦੀ ਹੈ। ਇਸਤ੍ਰੀ ਵੀ ਮੱਥਾ ਟੇਕ ਕੇ ਹੱਥ ਜੋੜ ਕੇ ਇਕ ਪਾਸੇ ਆ ਬੈਠਦੀ ਹੈ। ਧੰਨੋ ਵੀ ਉਸਦੀ ਨਕਲ਼ ਕਰਦੀ ਹੋਈ ਉਸ ਕੋਲ਼ ਬੈਠ ਜਾਂਦੀ ਹੈ।*

*ਥੋੜ੍ਹੇ ਚਿਰ ਪਿੱਛੋਂ 'ਸਿਆਣਾ' ਸਮਾਧੀ ਖੋਲ੍ਹਣ ਦੀ ਅਵਸਥਾ ਵਿਚ 'ਪਰਤਦਾ' ਹੈ। ਉਹ ਕੁਝ ਬੁੜਬੁੜਾਉਂਦਾ ਹੈ। ਫੇਰ ਉੱਚੀ ਉੱਚੀ ਟੁੱਟੀ-ਭੱਜੀ ਹਿੰਦੀ, ਪੰਜਾਬੀ ਤੇ ਸਾਧ ਭਾਸ਼ਾ ਦੀ ਰਲ਼ਵੀਂ ਡਰਾਉਣੀ ਬੋਲੀ ਬੋਲਣ ਲੱਗ ਪੈਂਦਾ ਹੈ।*

ਸਿਆਣਾ : ਡਰਰਰ-ਡਾ! ਡਰਰਰ-ਡਾ! ਡਰਰਰ-ਡਾ! ਡਰਰਰ-ਡਾ! ਹੱਛ! ਹੱਛ! ਹੱਛ! ਹੱਛ! ਅੱਜਾ! ਛੰਭੂ! ਅੱਜਾ! ਭੋਲੇ ਛੰਭੂ! ਅੱਜਾ! ਅੱਜਾ! ਅੱਜਾ ਛੰਭੂ ਅੱਜਾ! *ਫੇਰ ਹਾਲ਼ ਪੈਣ ਵਾਲਿਆਂ ਵਾਂਗ ਪੂਰੀ ਰਫ਼ਤਾਰ ਵਿਚ* ਅੱਜਾ ਛੰਭੂ! ਅੱਜਾ! ਅੱਜਾ ਛੰਭੂ ਅੱਜਾ! *ਇਸ ਤਰ੍ਹਾਂ ਦੁਹਰਾਉਂਦਾ ਰਹਿੰਦਾ ਹੈ। ਰਫ਼ਤਾਰ ਦੀ ਸਿਖ਼ਰ 'ਤੇ ਪਹੁੰਚ ਕੇ ਇਕਦਮ ਉਤਾਂਹ ਮੂੰਹ ਕਰ ਕੇ ਝਾਕਦਾ ਅਹਿੱਲ ਹੋ ਜਾਂਦਾ ਹੈ। ਕੁਝ ਚਿਰ ਇਸ ਸਥਿਤੀ ਵਿਚ ਰਹਿੰਦਾ ਹੈ। ਫਿਰ ਉਤਾਂਹ ਮੂੰਹ ਕਰੀਂ ਹੀ ਬੋਲਦਾ ਹੈ* ਕੌਣ ਹੈ?

ਇਸਤ੍ਰੀ : *ਜਿਵੇਂ ਮੌਕੇ ਦਾ ਫਾਇਦਾ ਉਠਾਉਂਦੀ ਹੋਵੇ* ਦੁਖਿਆਰਨ ਐ ਬਾਬਾ ਜੀ! ਦੁੱਖ ਲੈ ਕੇ ਆਈ ਐ ਅਵਦਾ!

ਸਿਆਣਾ : ਬਾਂਝ ਹੈ, ਬਾਲਕ ਭਾਲਤੀ ਹੈ?

ਇਸਤ੍ਰੀ : ਤੁਸੀਂ ਜਾਣੀ-ਜਾਣ ਹੋ ਬਾਬਾ ਜੀ!

ਸਿਆਣਾ : ਛੰਕਿਆਂ ਬੀਚ ਡੂਬੀ ਹੈ! ਬਾਲਕ ਨਹੀਂ ਮਿਲੇਗਾ!

ਇਸਤ੍ਰੀ : *ਪੈਰੀਂ ਹੱਥ ਲਾਉਂਦੀ* ਐਂਇ ਕਰੋਪ ਨਾ ਹੋਵੋ ਬਾਬਾ ਜੀ! ਦਇਆ ਦਾ ਹੱਥ ਰੱਖੋ! ਸ਼ੰਕੇ ਵੀ ਤੁਸੀਂ ਹੀ ਨਿਵਾਰਨੇ ਐਂ! *ਧੰਨੋ ਨੂੰ ਪੈਰ ਛੂਹਣ ਲਈ ਇਸ਼ਾਰਾ ਕਰਦੀ ਹੈ।*

ਧੰਨੋ : *ਪੈਰ ਛੂੰਹਦੀ* ਭਖਿਆਰਨ ਹਾਂ ਮਹਾਰਾਜ! ਭੀਖ ਮੰਗਣ ਆਈ ਐਂ!

ਸਿਆਣਾ : ਬਾਲਕ ਨਹੀਂ ਮਿਲੇਗਾ! ਮਨ ਛੰਕਿਆਂ ਬੀਚ ਘਿਰਿਆ ਹੋਇਆ ਹੈ!

ਧੰਨੋ : ਨਈਂ ਮਹਾਰਾਜ, ਸਭ ਸ਼ੰਕੇ ਮਿਟਾ ਕੇ ਥੋਡੇ ਚਰਨਾਂ ਵਿਚ ਆਈ ਐਂ!

ਇਸਤ੍ਰੀ : ਹਾਂ ਬਾਬਾ ਜੀ। ਪੂਰਨ ਸ਼ਰਧਾ ਨਾਲ਼ ਥੋਡੀ ਓਟ ਤੱਕੀ ਐ! ਭਗਤਨੀ ਦਾ ਬੇੜਾ ਬੰਨੇ ਲਾਵੋ!

ਸਿਆਣਾ : ਕਠਿੱਨ ਤਪੱਛਿਆ ਹੈ! ਕਰ ਛਕੇਂਗੀ?

ਧੰਨੋ : 'ਲਾਦ ਦੀ ਖਾਤਰ ਮੈਂ ਭਖਦੇ ਕੋਲਿਆਂ ਉੱਤੇ ਨੰਗੇ ਪੈਰੀਂ ਵੀ ਤੁਰ ਲਾਂ-ਗੀ ਮਹਾਰਾਜ! ਮੇਰੀ ਕੁੱਖ ਹਰੀ ਹੋ ਜਾਵੇ, ਮੈਂ ਚਿੜੀਆਂ ਦਾ ਦੁੱਧ ਥੋਡੇ ਚਰਨਾਂ 'ਚ ਲਿਆ ਧਰਾਂ-ਗੀ! *ਕਹਿੰਦਿਆਂ ਕਹਿੰਦਿਆਂ ਉਹਦਾ ਮਨ ਭਰ ਆਉਂਦਾ ਹੈ।*

ਸਿਆਣਾ : ਚਿੜੀਓਂ ਕਾ ਦੂਧ ਨਹੀਂ! ਮਨ ਕੀ ਤਪੱਛਿਆ ਹੈ! ਕਠੋਰ ਹੋਣਾ ਪੜੇਗਾ!

ਧੰਨੋ : ਮੈਂ ਕਠੋਰ ਵੀ ਹੋਲਾਂ-ਗੀ ਮਹਾਰਾਜ!

ਸਿਆਣਾ : ਅੱਛੀ ਤਰ੍ਹਾਂ ਛੋਚ ਲੋ!

ਧੰਨੋ : ਸੋਚ ਲਿਆ ਮਹਾਰਾਜ! ਸਭ ਕੁਝ ਸੋਚ-ਵਚਾਰ ਕੇ ਈ ਏਥੇ ਆਈ ਐਂ!

ਸਿਆਣਾ : *ਇਸਤ੍ਰੀ ਨੂੰ* ਭਗਤਨੀ ?

ਧੰਨੋ : ਹਾਂ ਬਾਬਾ ਜੀ!

ਸਿਆਣੀ : ਛਮਗਰੀ ਛੰਪੂਰਨ ਹੈ ?

ਇਸਤ੍ਰੀ : ਹਾਂ ਬਾਬਾ ਜੀ ਸੰਪੂਰਨ ਹੈ। ਛੋਟੇ ਬਾਬਿਆਂ ਦੇ ਸਪੁਰਦ ਕਰ ਦਿੱਤੀ ਐ!

ਸਿਆਣਾ : ਜਾਓ, ਏਕ ਬਰਤਨ ਬੀਚ ਪ੍ਰਤੇਕ ਵਛਤੂ ਥੋੜ੍ਹੀ-ਥੋੜ੍ਹੀ ਡਾਲ ਕਰ ਲੈ ਆਉ!

ਇਸਤ੍ਰੀ : *ਉਠਦੀ* ਅੱਛਾ ਬਾਬਾ ਜੀ! *ਪਿਛੇ ਚਲੀ ਜਾਂਦੀ ਹੈ।*

ਸਿਆਣਾ : *ਧੰਨੋ ਨੂੰ* ਬੇਟੀ! ਨਿਰਾਂਸ਼ ਮੱਤ ਹੋ! ਅਗਰ ਤੂੰ ਕਠਿੱਨ ਪ੍ਰੀਕਛਾ ਕਰ ਛਕੀ ਤੋ ਛੰਭੂ ਭਲੀ ਕਰੇਂਗੇ!

ਧੰਨੋ : ਥੋਡੀ ਮਿਹਰ ਚਾਹੀਦੀ ਐ ਮਹਾਰਾਜ!

ਸਿਆਣਾ : ਤੇਰੇ ਮਛਤਕ ਕੀ ਰੇਖਾ ਬਤਾਤੀ ਹੈ ਕਿ ਛੁੱਖ ਤੋਂ ਲਿਖਾ ਹੈ ਪ੍ਰੰਤੂ ਕਛਟ ਕਟਨੇ ਕੇ ਪਛਾਤ।

ਧੰਨੋ : ਹੁਣ ਤਕ ਕਸ਼ਟ ਈ ਕਸ਼ਟ ਕੱਟੇ ਨੇ ਮਹਾਰਾਜ!

*ਇਸਤ੍ਰੀ ਇਕ ਥਾਲ਼ੀ ਵਿਚ ਸਮੱਗਰੀ ਲਿਆ ਰੱਖਦੀ ਹੈ।*

ਇਸਤ੍ਰੀ : ਲਉ ਬਾਬਾ ਜੀ!

*ਇਸਤ੍ਰੀ ਪਹਿਲੀ ਥਾਂ 'ਤੇ ਹੀ ਬੈਠ ਜਾਂਦੀ ਹੈ। 'ਸਿਆਣਾ' ਇਕ ਸਰਸਰੀ ਨਜ਼ਰ ਸਮੱਗਰੀ ਉੱਤੇ ਮਾਰਦਾ ਹੈ।*

ਸਿਆਣਾ : ਅੱਛਾ ਅਬ ਮੰਤਰ ਪੜ੍ਹਤਾ ਹੂੰ! ਆਂਖੇਂ ਮੀਚ ਕਰ ਲਵਲੀਨ ਹੋ ਜਾਓ!

*ਦੋਵੇਂ ਅੱਖਾਂ ਬੰਦ ਕਰ ਕੇ ਲੀਨ ਹੁੰਦੀਆਂ ਹਨ। 'ਸਿਆਣਾ' ਵੀ ਅੱਖਾਂ ਬੰਦ ਕਰ ਕੇ 'ਮੰਤਰ' ਪੜ੍ਹਨ ਲੱਗ ਪੈਂਦਾ ਹੈ। ਥੋੜ੍ਹੇ ਚਿਰ ਪਿੱਛੋਂ 'ਅਸਰ' ਆਉਣ ਦੀ ਸਥਿਤੀ ਵਿਚ ਆਉਂਦਾ ਹੈ ਤੇ ਬੋਲਣ ਲੱਗ ਜਾਂਦਾ ਹੈ।*

ਸਿਆਣਾ : ਡਰਰਰ-ਡਾ! ਡਰਰਰ-ਡਾ! ਡਰਰਰ-ਡਾ! ਡਰਰਰ-ਡਾ! ਹੱਛ! ਹੱਛ! ਹੱਛ! ਹੱਛ! ਅੱਜਾ! ਅੱਜਾ! ਭੋਲੇ ਛੰਭੂ ਅੱਜਾ! ਅੱਜਾ! ਛੰਭੂ ਅੱਜਾ! *ਵਕਫ਼ਾ। 'ਸਿਆਣਾ' ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ ਹੈ ਜਿਵੇਂ ਕਿਸੇ 'ਦੇਵੀ' ਆਵਾਜ਼ ਨੂੰ ਸੁਣਦਾ ਹੋਵੇ। ਫੇਰ ਅਰਜ਼ ਕਰਨ ਵਾਲ਼ੇ ਫਰਿਆਦੀਆਂ ਵਾਂਗ ਬੋਲਦਾ ਹੈ* ਨਹੀਂ ਛੰਭੂ! ਨਹੀਂ! ਬਾਲਕੀ ਹੈ ਇਛੇ ਐਛੀ ਕਠਿਨ ਤਪੱਸ਼ਿਆ ਬੀਚ ਮਤ ਡਾਲੋ! *ਫੇਰ ਪਹਿਲਾਂ ਵਾਂਗ 'ਦੇਵੀ' ਆਵਾਜ਼ ਸੁਣਦਾ ਤੇ ਨਿਰਾਸ਼ ਹੋ ਜਾਂਦਾ ਹੈ। ਧੰਨੋ ਦਾ ਮੂੰਹ ਵੀ ਉੱਤਰ ਜਾਂਦਾ ਹੈ। ਫੇਰ ਦੂਜੇ ਪਾਸੇ ਉਤਾਂਹ ਵੱਲ ਮੂੰਹ ਕਰ ਕੇ* ਹੱਛ! ਹੱਛ! ਹੱਛ! ਅੱਜਾ! ਅੱਜਾ! ਅੱਜਾ ਭੈਰੋਂ ਨਾਥ ਅੱਜਾ! ਅੱਜਾ ਭੈਰੋਂ ਨਾਥ ਅੱਜਾ। *ਦੇਵੀ ਅਵਾਜ਼ ਸੁਣਨ ਲਈ ਚੁੱਪ।* ਨਹੀਂ ਭੈਰੋਂ ਨਾਥ ਤੁਮ ਤੋ ਕੁਛ ਦਇਆ ਕਰੋ! ਬਾਲਕੀ ਹੈ, ਤਪੱਛਿਆ ਸੇ ਘਬਰਾ ਜਾਏਗੀ! *ਚੁੱਪ। ਨਿਰਾਸ਼ਾ ਵਿਚ ਸਿਰ ਮਾਰਦਾ ਹੈ।*

ਇਸਤਰੀ : ਕੀ ਕਹਿੰਦੇ ਐ ਭੈਰੋਂ ਨਾਥ, ਬਾਬਾ ਜੀ ?

ਸਿਆਣਾ : ਭੋਲੇ ਛੰਭੂ ਅਰ ਭੈਰੋਂ ਨਾਥ ਏਕ ਹੀ ਬਾਤ 'ਤਪੱਛਿਆ' ਪਰ ਜਿੱਦ ਕਰੇਂ ਹੂਏ ਹੈਂ!

ਧੰਨੋ : ਮੈਂ ਤਪੱਸਿਆ ਵਿਚ ਪੈਣ ਲਈ ਤਿਆਰ ਹਾਂ ਮਹਾਰਾਜ! ਮੈਨੂੰ ਦੱਸੋ ਮੈਂ ਕਿਹੜੀ ਤਪੱਸਿਆ ਕਰਨੀ ਐਂ?

ਸਿਆਣਾ : ਬੇਟੀ ਤੁਮ ਕਭੀ ਦੁਪਹਿਰ ਕੋ ਤੁਮਾਰੇ ਗਾਂਵ ਕੀ ਪੱਛਮ ਕੀ ਓਰ ਜੋ ਪੀਪਲ ਹੈ, ਉਛ ਕੇ ਪਾਂਛ ਛੇ ਗੁਜ਼ਰੀ ਹੈਂ?

ਧੰਨੋ : ਕੰਮ-ਧੰਦੇ ਵਿਚ ਸੌ-ਵਾਰ ਬਾਹਰ-ਅੰਦਰ ਜਾਈਂ-ਦੈ ਮਹਾਰਾਜ! *ਗੁਨਾਹੀਆਂ ਵਾਂਗ ਨੀਵੀਂ ਪਾ ਲੈਂਦੀ ਹੈ।*

ਸਿਆਣਾ : ਬਹੁਤ ਬੜੀ ਬਲਾ ਚਿੰਬੜ ਗਈ ਹੈ ਬੇਟੀ! ਬਲੀ ਮਾਂਗਤੀ ਹੈ!

ਧੰਨੋ : ਮੈਂ ਬਲੀ ਚੜ੍ਹਾ ਦਿਆਂਗੀ ਮਹਾਰਾਜ, ਬੱਕਰੇ ਦੀ, ਭੇਡ ਦੀ...

ਸਿਆਣਾ : *ਉਸਦੀ ਗੱਲ ਕੱਟ ਕੇ ਇਕ ਦਮ ਸਿੱਧਾ ਖੜ੍ਹਾ ਹੋ ਕੇ* ਬੱਕਰੇ ਭੇਡ ਕੀ ਨਹੀਂ! ਬਲੀ ਕਿਸੇ ਪਰਾਏ ਬਾਲ ਕੀ ਦੇਨੀ ਹੋਗੀ!

ਧੰਨੋ : *ਜਿਵੇਂ 'ਚਾਣਚੱਕ' ਉਸਦੇ ਸਿਰ ਵਿਚ ਤੱਤਾ ਰੇਤਾ ਪੈਗਿਆ ਹੋਵੇ, ਬੌਂਦਲੀ ਜਿਹੀ ਖੜ੍ਹੀ ਹੋ ਕੇ ਹੈਅ ਅਂ??*

ਸਿਆਣਾ : ਹਾਂ! ਪਰਾਏ ਬਾਲ ਕੀ ਬਲੀ! *ਕੜਕਦਾ* ਬੋਲੋ ਦੇ ਛਕੋਗੀ?

ਧੰਨੋ : *ਘਬਰਾਹਟ ਤੇ ਡਰ ਵਿਚ ਕੰਬਦੀ* ਪਰਾਏ ਬਾਲ ਦੀ???

ਸਿਆਣਾ : ਬਾਲਕ ਪਾਉਣਾ ਹੈ ਤੋ ਕਿਸੀ ਕੇ ਬਾਲਕ ਕੀ ਬਲੀ ਕੀ ਅਵਛਕਤਾ ਹੈ! ਬੋਲੋ ਕਰ ਛਕੋਗੀ ਯੇਹ ਕਠਿਨ ਤਪੱਛਿਆ?

ਧੰਨੋ : *ਉਹਦੇ ਮੂੰਹ ਦਾ ਰੰਗ ਉੱਡ ਜਾਂਦਾ ਹੈ* ਹਅਂ??

*ਉਸਦੇ ਬੁੱਲ੍ਹ ਕੰਬਣ ਲੱਗ ਪੈਂਦੇ ਹਨ। ਅੱਖਾਂ ਟੱਡੀਆਂ ਜਾਂਦੀਆਂ ਹਨ। ਸਿਰ ਚਕਰਾਉਣ ਲੱਗ ਪੈਂਦਾ ਹੈ ਅਤੇ ਉਹ ਗਸ਼ ਖਾ ਕੇ 'ਦੜੰਮ' ਕਰ ਕੇ ਡਿੱਗ ਪੈਂਦੀ ਹੈ।*

*ਨਾਲ਼ ਦੀ ਨਾਲ਼ ਹਨੇਰਾ ਹੋ ਜਾਂਦਾ ਹੈ।*

•

# ਝਾਕੀ ਤੀਜੀ

*ਸਥਾਨ : ਪਹਿਲੀ ਝਾਕੀ ਵਾਲ਼ਾ।*

*ਸਮਾਂ : ਗਰਮੀਆਂ ਦੀ ਰਾਤ ਦੇ ਅੱਠ ਕੁ ਵਜੇ।*

:

*ਜਦੋਂ ਚਾਨਣ ਹੁੰਦਾ ਹੈ ਤਾਂ ਤੋਤੀ ਮੰਜੇ ਉੱਤੇ ਬੈਠਾ ਰੋਟੀ ਖਾ ਰਿਹਾ ਹੈ। ਧੰਨੋ ਝਲਾਣੀ ਮੂਹਰਲ਼ੀ ਰੋਟੀ-ਪਾਣੀ ਵਾਲੀ ਥਾਂ 'ਤੇ ਭਾਂਡੇ ਠੀਕਰ ਦੀ ਸਾਂਭ-ਸੰਭਾਈ ਵਿਚ ਰੁੱਝੀ ਹੋਈ ਹੈ। ਫੇਰ ਇਕ ਰੋਟੀ ਲੈ ਕੇ ਤੋਤੀ ਨੂੰ ਦੇਣ ਵਾਸਤੇ ਆਉਂਦੀ ਹੈ।*

ਧੰਨੋ : *ਤੋਤੀ ਨੂੰ ਰੋਟੀ ਫੜਾਉਂਦੀ* ਤੂੰ ਅੱਜ ਕੋਠੇ 'ਤੇ ਪੈ-ਜੀਂ।

ਤੋਤੀ : ਕਿਉਂ ਯਾਰ ਬੁਲਾਉਣੈ ਕੋਈ ?

ਧੰਨੋ : ਐਵੇਂ ਭਕਾਈ ਨਾ ਮਾਰੀ ਜਾਇਆ ਕਰ ਹਰ ਵੇਲ਼ੇ ! ਵੇਲ਼ਾ ਕੁਵੇਲ਼ਾ ਵੀ ਦੇਖ ਲਿਆ ਕਰ! ਮੈਂ ਭੈਰੋਂ ਨਾਥ ਦਾ ਪਾਠ ਕਰਨੈਂ ਰਾਤ ਅੱਧੀ-ਰਾਤ ਨੂੰ!

ਤੋਤੀ : ਫੇਰ ਦੇ-ਦੂ ਭੈਰੋਂ ਨਾਥ ਜੁਆਕ ?

ਧੰਨੋ : ਤੇਰੇ ਅਰਗੇ ਦੁਰਜਨ ਨੂੰ ਕਿੱਥੋਂ ਦੇ-ਦੂ ਭੈਰੋਂ ਨਾਥ ਜੁਆਕ! ਕਦੇ ਮੂੰਹੋਂ ਆਦਰ ਸਤਕਾਰ ਨਾਲ਼ ਵੀ ਬੋਲਿਐਂ ਕਿਸੇ ਦੇਵੀ ਦਿਉਤੇ ਨੂੰ ?

ਤੋਤੀ ਸਤਕਾਰ ਨੂੰ ਮੈਂ ਲੱਤਾਂ ਘੁੱਟਣ ਲੱਗ-ਜਿਆਂ ਤੇਰੇ ਦੇਵੀ-ਦਿਉਤਿਆਂ ਦੀਆਂ ? ਤੇਰੇ ਕਹੇ ਤੋਂ ਅੱਜ ਛੀ ਦਿਨ ਹੋ-ਗੇ ਦਾਰੂ ਨੀ ਪੀਤੀ! ਅਜੇ ਇਕ ਦਿਨ ਹੋਰ ਨੀਂ ਪੀਂਦਾ!

ਧੰਨੋ : ਜੇ ਜਮਾਂ ਈ ਨਾ ਪੀਵੇਂ ਫੇਰ ਰੱਬ ਤਾਂ ਨੀ ਡਿਗਣ ਲੱਗਿਆ ਉੱਤੇ ?

ਤੋਤੀ : ਨਾ ਪੀਵਾਂ ਤਾਂ ਜੁਆਕ ਸਿੱਟ-ਦੂ 'ਤਾਹਾਂ ਤੋਂ ਰੱਬ ?

ਧੰਨੋ : *ਲੜਾਈ ਟਾਲ਼ਣ ਦੇ ਇਰਾਦੇ ਨਾਲ਼ ਨਰਮਾਈ ਵਰਤਦੀ* ਸੱਚੀਂ, ਸਤ ਮਹਾਰਾਜ ਜੀ ਕਹਿੰਦੇ ਸੀ ਬਈ ਜੇ ਤੇਰੇ ਘਰ ਵਾਲ਼ਾ ਦਾਰੂ ਪੀਣੀ ਛੱਡ-ਜੇ ਤਾਂ ਭੈਰੋਂ ਨਾਥ..

ਤੋਤੀ : *ਗੱਲ ਕੱਟ ਕੇ* ਕਿਉਂ ਗੱਪ ਮਾਰਦੀ ਐਂ! ਉਹ ਸਾਧ ਤਾਂ ਆਪ ਪੀਂਦੈ ਦਾਰੂ! ਨਾਲ਼ੇ ਭੈਰੋਂ ਨੂੰ ਚੜ੍ਹਾਉਂਦੈ ਦਾਰੂ ਦਾ ਚੜ੍ਹਾਵਾ! ਤੂੰ ਨੀਂ ਦੇ ਕੇ ਆਈ ਬੋਤਲ਼ ?

ਧੰਨੋ : *ਪਾੜ 'ਤੇ ਫੜੇ ਚੋਰ ਵਾਂਗ* ਦੇਵੀ-ਦਿਉਤਿਆਂ ਦਾ ਕੀ ਐ! ਆਪਾਂ

ਧਰਤੀ ਦੇ ਜੀਅ ਤਾਂ ਨੀਂ ਨਾ ਰਲ਼-ਗੇ ਉਨ੍ਹਾਂ ਨਾਲ਼ ?

ਤੋਤੀ : ਫੇਰ ਮੈਂ ਤਾਂ ਸੱਤ ਦਿਨ ਵਾਸਤੇ ਛਡ-ਤੀ ਤੇਰੇ ਦਿਉਤਿਆਂ ਦੇ ਕਹੇ ਤੋਂ! ਅੱਗੇ ਤੂੰ ਜਾਣੇਂ ਤੇਰਾ ਭੈਰੋਂ ਨਾਥ! *ਰੋਟੀ ਖਾ ਕੇ ਖੜਾ ਹੋ ਜਾਂਦਾ ਹੈ* ਚੰਗਾ, ਤੜਕੇ ਸੰਦੇਹਾਂ ਚਾਹ ਕਰ ਲੀਂ, ਪਾਣੀ ਲਾਉਣੈਂ ਵੱਡੇ ਤੜਕੇ!

*ਤੋਤੀ ਪਿੱਛੇ ਚਲਿਆ ਜਾਂਦਾ ਹੈ। ਉਸਦੇ ਜਾਣ ਪਿੱਛੋਂ ਧੰਨੋ ਉੱਖੜੀ ਜਿਹੀ ਜਾਪਦੀ ਹੈ। ਉਹ ਕਿਸੇ ਦੁਬਿਧਾ ਵਿਚ ਫਸੀ ਹੋਈ ਹੈ। ਕੁਝ ਕਰਨ ਨਾ-ਕਰਨ ਦੇ ਵਿਚਕਾਰ ਲਟਕੀ ਹੋਈ ਹੈ। ਫੇਰ ਆਪ ਰੋਟੀ ਖਾਣ ਦੀ ਸੋਚਦੀ ਹੈ। ਰੋਟੀ ਲੈ ਕੇ ਦਾਲ਼ ਪਾਉਣ ਲਗਦੀ ਹੈ ਤਾਂ ਥੱਲੇ ਹੀ ਡੋਲ੍ਹ ਬੈਠਦੀ ਹੈ। ਫੇਰ ਰੋਟੀ ਉੱਤੇ ਥੋੜ੍ਹੀ ਦਾਲ਼ ਪਾਉਂਦੀ ਹੈ। ਬੁਰਕੀ ਮੂੰਹ ਵਿਚ ਪਾਉਂਦੀ ਹੈ ਪਰ ਖਾਣ ਨੂੰ ਜੀਅ ਨਹੀਂ ਕਰਦਾ। ਅਖ਼ੀਰ ਇਕ ਪਾਸੇ ਪਏ ਬੱਠਲ਼ ਵਿਚ ਰੋਟੀ ਸਿੱਟ ਦਿੰਦੀ ਹੈ। ਕਈ ਤਰ੍ਹਾਂ ਦੇ ਪਰਸਪਰ ਵਿਰੋਧੀ ਵਿਚਾਰ ਉਸਦੇ ਮਨ ਵਿਚ ਉਠਦੇ ਹਨ।*

ਧੰਨੋ : *ਆਪਣੇ ਹੀ ਮਨ ਨਾਲ਼* ਅੱਜ ਜੁੰਮਾ ਹੋ ਗਿਆ। ਸ਼ਨੀਵਾਰ ਨੂੰ ਕਿਹੈ ਸੰਤ ਮਹਾਰਾਜ ਨੇ... ਅੱਜ ਭੈਰੋਂ ਦਾ ਪਾਠ, ਕੱਲ੍ਹ ਨੂੰ...? ਨਹੀਂ, ਨਹੀਂ! ਇਹ ਪਾਪ ਮੈਥੋਂ ਨੀ ਹੋਣਾ।... ਅਵਦੀ 'ਲਾਦ ਖ਼ਾਤਰ ਕਿਸੇ ਦੇ ਬੱਚੇ?... ਨਈਂ, ਨਈਂ?

*ਬਾਹਰੋਂ ਟੱਲੀ ਨੂੰ ਲੈ ਕੇ ਮਿੱਤੂ ਆਉਂਦਾ ਹੈ।*

ਮਿੱਤੂ : ਲੈ ਸਾਂਭ ਆਪਣੇ ਪੁੱਤ ਨੂੰ। ਤੇਰੇ ਆਲ਼ੀ ਭੈਣ ਤਾਂ ਅੱਜ ਵੀ ਨੀਂ ਮੁੜੀ ਆਵਦੇ ਪੇਕਿਆਂ ਤੋਂ। ਸੁਨੇਹਾ ਭੇਜ-ਤਾ ਅਖੇ, 'ਪਰਸੋਂ ਨੂੰ ਆਊਂ।' ਮਗਰ ਦਾ ਫਿਕਰ ਤਾਂ ਜਮਾਂ ਈ ਨੀਂ ਰਖਦੀ। ਓਧਰੋਂ ਬੁੜ੍ਹੇ-ਬੁੜ੍ਹੀ ਨੇ ਅੱਡ ਜਾਨ ਔਖੀ ਕਰ ਰਖੀ ਐ। ਅਖੇ, 'ਅਸੀਂ ਤਾਂ ਕਲਾਣੇ ਦੇ ਮੇਲੇ 'ਤੇ ਮਿੱਟੀ ਕੱਢਣ ਜਾਣਾ ਐਂ।' ਹੁਣ ਮੈਂ ਸੀਰ ਕਮਾਵਾਂ ਕਿ ਘਰ ਸਾਂਭਾਂ?

ਧੰਨੋ : *ਜਿਵੇਂ ਸੁਫਨੇ ਵਿਚੋਂ ਜਾਗੀ ਹੋਵੇ* ਹੈਂਇਂ?

ਮਿੱਤੂ : ਕਿਵੇਂ ਭਮੰਤਰੀ-ਜੀ ਖੜ੍ਹੀਐਂ, ਖੈਰ ਐ? ਕਿਤੇ ਅੱਜ ਫੇਰ ਤਾਂ ਨੀਂ ਕਰ-ਤੀ ਸਾਡੇ ਆਲ਼ੇ ਬਾਈ ਨੇ ਡੰਡਾ ਪਰੇਡ? ਹੁਣ ਤਾਂ ਨਾਲ਼ੇ ਕਹਿੰਦਾ ਸੀ, 'ਮੈਂ ਛਡ-ਤੀ ਦਾਰੂ ਪੀਣੀ।'

ਧੰਨੋ : ਹੈਂਇਂ? ਅਜੇ ਆਈ ਨੀ ਭਾਗੋ? ਟੱਲੀ? ਟੱਲੀ ਨੂੰ ਐਥੇ ਮੇਰੇ ਕੋਲ਼ ਛੱਡ ਜਾ, ਮੇਰੇ ਨਾਲ਼ ਪੈ-ਜੂ। ਆਈ ਨੀਂ ਭਾਗੋ?

ਮਿੱਤੂ : ਤੇਰੀ ਤਬੀਤ ਤਾਂ ਨੀਂ ਖਰਾਬ ਧੰਨੋ? ਮੈਂ ਬਾਈ ਨੂੰ ਲਿਆਵਾਂ ਸੱਦ ਕੇ?

ਧੰਨੋ : ਹੈਂਇਂ? ਨਈਂ! ਬਾਈ ਤਾਂ ਤੇਰਾ ਕੋਠੇ 'ਤੇ ਪਿਐ! ਬੁੜ੍ਹਾ-ਬੁੜ੍ਹੀ ਆਏ ਨੀਂ ਅਜੇ ਮਿੱਟੀ ਕੱਢ ਕੇ?

ਮਿੱਤੂ : ਨਈਂ, ਮੈਂ ਦੱਸਿਆ ਤਾਂ ਸੀ ਤੈਨੂੰ ਹੁਣੇ ਈਂ!

ਧੰਨੋ : ਹਾਂ, ਸੱਚ! ਤੂੰ ਰੋਟੀ ਖਾ ਲੈ ਮਿੱਤੂ?

ਮਿੱਤੂ : ਰੋਟੀ ਤਾਂ ਮੈਂ ਖਾ ਆਇਐਂ। ਇਹਨੇ ਵੀ ਖਾ-ਲੀ। ਤੂੰ ਇਹਨੂੰ ਪਾ-ਲੈ ਆਵਦੇ ਕੋਲ਼।

*ਚਲਿਆ ਜਾਂਦਾ ਹੈ।*

ਧੰਨੋ : *ਟੱਲੀ ਨੂੰ* ਤੂੰ ਬਹਿ ਜਾ ਉਏ ਮੰਜੇ 'ਤੇ ਰੋਟੀ ਖਾ-ਲੀ? *ਟੱਲੀ 'ਹਾਂ' ਵਿਚ ਸਿਰ ਹਿਲਾਉਂਦਾ ਹੈ* ਚੰਗਾ ਪੈ-ਜਾ। ਖੜ ਜਾ ਸੱਚ, ਮੈਂ ਕੱਪੜਾ ਵਛਾ ਦਿਆਂ। *ਦਰੀ ਲਿਆ ਕੇ ਵਿਛਾ ਦਿੰਦੀ ਹੈ। ਉੱਤੇ ਲੈਣ ਨੂੰ ਵੀ ਇਕ ਕਪੜਾ ਪੈਂਦੀ ਰੱਖ ਦਿੰਦੀ ਹੈ।* ਲੈ ਪੈ-ਜਾ 'ਰਾਮ ਨਾਲ਼!

ਟੱਲੀ : ਤਾਈ ਮੈਂ ਤਾਂ ਦੁੱਧ ਪੀਊਂਗਾ!

ਧੰਨੋ : ਦੁੱਧ ਤਾਂ ਅੱਜ ਮੁੱਕ ਗਿਆ! ਖਬਰਨੀ ਹੋਵੇ ਈ। *ਡੋਲੂ ਵਿਚ ਦੁੱਧ ਵੇਖਦੀ ਹੈ* ਲੈ ਥੋੜ੍ਹਾ-ਜਿਆ ਤਾਂ ਹੈ-ਗਾ ਤੇਰੇ ਜੋਕਰਾ!... ਪਰ ਤੇਰੇ ਤਾਏ ਨੂੰ ਚਾਹ ਕਰਨੀ ਐਂ ਤੜਕੇ? ਉਹਨੇ ਪਾਣੀ ਲਾਉਣ ਜਾਣੈਂ ਵੱਡੇ ਤੜਕੇ?... ਚੰਗਾ ਥੋੜ੍ਹਾ-ਜਿਆ ਤੂੰ ਪੀ-ਲੈ, ਬਾਕੀ ਦੀ ਤੇਰੇ ਤਾਏ ਨੂੰ ਚਾਹ ਕਰ ਦਿਆਂਗੇ।

*ਦੁੱਧ ਪਾ ਕੇ ਟੱਲੀ ਨੂੰ ਦਿੰਦੀ ਹੈ। ਉਹ ਇਕੋ ਵਾਰ ਸਾਰੇ ਦਾ ਸਾਰਾ ਦੁੱਧ ਸੜ੍ਹਾਕ ਜਾਂਦਾ ਹੈ ਅਤੇ ਆਪਣੀ ਇਸ 'ਕਰਾਮਾਤ' 'ਤੇ ਖ਼ੁਸ਼ ਹੁੰਦਾ ਹੈ। ਦੁੱਧ ਨਾਲ਼ ਬੁੱਲ੍ਹਾਂ ਦੇ ਉਤਲੇ ਪਾਸੇ ਬਣੀ ਲਕੀਰ ਧੰਨੋ ਨੂੰ ਵਿਖਾਉਂਦਾ ਹੈ।*

ਟੱਲੀ : ਦੇਖ ਤਾਈ, ਮੇਰੇ ਮੁੱਛਾਂ ਲੱਗੀਆਂ! ਹੁਣ ਤਾਂ ਮੈਂ ਵੱਡਾ ਹੋ ਗਿਆ, ਮੇਰਾ ਵਿਆਹ ਕਰ ਦਿਉ!

*ਟੱਲੀ ਦੀ ਇਸ ਬੱਚਿਆਂ ਵਾਲ਼ੀ ਗੱਲ 'ਤੇ ਧੰਨੋ ਦੇ ਚਿਹਰੇ 'ਤੇ ਖ਼ੁਸ਼ੀ ਦੇ ਚਿੰਨ੍ਹ ਉਭਰ ਆਏ ਹਨ। ਪਲ ਦੀ ਪਲ ਦੁਬਿਧਾ ਤੋਂ ਮੁਕਤ ਹੋ ਗਈ ਜਾਪਦੀ ਹੈ।*

ਧੰਨੋ : *ਮੁਸਕ੍ਰਾਉਂਦੀ ਹੋਈ* ਵਿਆਹ ਤੇਰਾ ਤੇਰੀ ਬੇਬੇ ਨਾਲ਼ ਕਰਦੀ ਏ?

ਟੱਲੀ : ਨਈਂ, ਮੈਂ ਤਾਂ ਤੇਰੇ ਨਾਲ਼ ਕਰਾਊਂ। ਬੇਬੇ ਦੇ ਘਰੋਂ ਤਾਂ ਆਟਾ ਈ ਮੁੱਕਿਆ ਰਹਿੰਦੈ। ਹੁਣੇ ਈ ਰੱਜਵੀਂ ਰੋਟੀ ਨੀਂ ਮਿਲਦੀ। ਵਿਆਹ ਕੇ ਕਿਥੋਂ ਖਵਾ-ਦੂ ਉਹ ਮੈਨੂੰ ਦੋੜਾਂ?

ਧੰਨੋ : ਚੰਗਾ ਪੈ-ਜਾ ਖੱਚਰਿਆ! ਗੱਲਾਂ ਕਰਨ ਨੂੰ ਪਤਾ ਨੀਂ ਇਹਦਾ ਕਾਹਦਾ ਡਮਾਕ ਬਣਿਐ!

ਟੱਲੀ : ਜੇ ਤਾਈ, ਮੈਨੂੰ ਮੇਰਾ ਬਾਪੂ ਪੜ੍ਹਣ ਪਾ-ਦੇ ਨਾ, ਮੈਂ ਆਪਣੇ ਡਮਾਕ ਨਾਲ਼ ਇਕ ਆਟੇ ਦੀ ਮਸ਼ੀਨ ਬਣਾਵਾਂ; ਜਿਹੜੀ ਨਾਲ਼ੇ ਤਾਂ ਆਟਾ ਦੇਈ ਜਾਵੇ ਨਾਲ਼ੇ ਕਰੇ *ਹੱਥ ਤੇ ਮੂੰਹ ਨਾਲ਼ ਚਲਦੀ ਮਸ਼ੀਨ ਦੀ ਆਵਾਜ਼ ਕਢਦਾ* ਛੁੱਕ! ਛੁੱਕ! ਛੁੱਕ! ਛੁੱਕ!

ਧੰਨੋ : *ਲਾਡ ਨਾਲ਼ ਘੂਰਦੀ* ਪੈਨੈਂ ਕਿ ਨਈਂ ਮੋਰਿਆ ਕੁਸ਼ ਲਗਦਿਆ?

ਟੱਲੀ : *ਖਿਦ ਖਿਦ ਹਸਦਾ ਉੱਤੇ ਕਪੜਾ ਲੈ ਕੇ ਪੈ ਜਾਂਦਾ ਹੈ* ਮੈਂ ਤਾਈ, ਤੇਰਾ ਕੁਸ ਲਗਦਾ ਨੀਂ! ਪੁੱਤ ਐਂ ਜਮਾਂ ਇੱਟ ਵਰਗਾ ਪੱਕਾ! ਹੈ ਕੁ ਨਾ?

ਧੰਨੋ : ਆਹੋ ਖਸਮਾ ਪੁੱਤ ਲਗਦੈਂ ਇੱਟ ਵਰਗਾ! ਪੈ-ਜਾ! ਬਿੰਦ ਲੁੱਤਰੋ ਨੂੰ ਵੀ 'ਰਾਮ ਕਰ ਲੈਣ ਦੇ!

*ਧੰਨੋ ਇਕ ਮੰਜਾ ਹੋਰ ਡਾਹੁੰਦੀ ਹੈ। ਟੱਲੀ ਮੂੰਹ ਤੋਂ ਪੱਲਾ ਚੁੱਕ ਕੇ ਉਹਨੂੰ ਵੇਖਦਾ ਹੈ।*

ਟੱਲੀ : ਤਾਈ, ਆਹ ਮੱਜੇ 'ਤੇ ਕੌਣ ਪਊ? ਮੇਰਾ ਤਾਇਆ?

ਧੰਨੋ : ਨਈਂ, ਮੈਂ ਪਊਂ।

ਟੱਲੀ : *ਫ਼ੁਰਤੀ ਨਾਲ਼ ਬੈਠਦਾ* ਮੈਂ ਨੀ ਗਾ! *ਖੜ੍ਹਾ ਹੁੰਦਾ* ਮੈਂ ਤਾਂ ਤੇਰੇ ਨਾਲ਼ ਪਊਂ!

ਧੰਨੋ : ਨਾ ਭਾਈ ਨਾ! ਤੂੰ ਹੁਣ ਵੱਡਾ ਹੋ ਗਿਆ, ਵਿਆਹੁਣ ਜੋਗਾ!

ਟੱਲੀ : ਫੇਰ ਕੀ ਹੋ-ਗਿਆ? ਮੈਂ ਤਾਂ ਤੇਰੇ ਨਾਲ਼ ਪਊਂ! ਲਾ ਲੈ ਜੋਰ, ਬਜਾ ਲੈ ਢੋਲ!

ਧੰਨੋ : ਤੂੰ ਤਾਂ ਢਿੱਡ ਭੰਨ ਦਿੰਨੈ ਅਗਲੇ ਦਾ ਮਾਰ-ਮਾਰ ਵਿੰਗੇ ਜੇ ਗੋਡੇ?

ਟੱਲੀ : *ਤਰਲੇ ਨਾਲ਼* ਸਹੁੰ ਮਹਾਰਾਜ ਦੀ ਹੁਣ ਨੀਂ ਭੰਨਦਾ! ਜਮਾਂ ਸਿੱਧਾ ਪਊਂ! *ਮੰਜੇ 'ਤੇ ਪੈ ਕੇ ਵਿਖਾਉਂਦਾ* ਐਂਇੰ! ਆਖੀਂਦਾ ਮੇਰੇ ਨਾਲ਼ ਪੈ-ਜਾ!

ਧੰਨੋ : ਨਈਂ, ਤੂੰ ਅੱਜ 'ਕੱਲਾ ਈ ਪੈ-ਜਾ। ਮੇਰਾ ਚਿੱਤ ਨੀਂ ਰਾਜ਼ੀ।

ਟੱਲੀ : *ਉੱਠ ਕੇ ਬੈਠਦਾ* ਫੇਰ ਤੂੰ ਮੇਰੀ ਮਾਂ ਨੀ! ਤੇਰੀ ਮੇਰੀ ਆੜੀ ਟੁੱਕ!

ਧੰਨੋ : *ਪਿਆਰ ਭਰੀ ਹਾਰ ਮੰਨਦੀ ਹੋਈ* ਚੰਗਾ ਬਾਬਾ ਚੰਗਾ, ਪੈ-ਜੂੰ! ਤੇਰੇ ਨਾਲ਼ ਨੀ ਕੋਈ ਮੜਿਕ ਸਕਦਾ। ਹੁਣ ਮਿਹਰਬਾਨੀ ਕਰ ਕੇ ਜ਼ਬਾਨ ਤੇ ਅੱਖਾਂ ਦੋਵੇਂ ਕਰ ਲੈ ਬੰਦ ਤੇ ਲਮਲੇਟ ਹੋ ਜਾ! ਮੈਂ ਭਾਂਡੇ-ਠੀਕਰ ਨੂੰ ਤਾਂ ਬਿੱਲੇ ਲਾ ਲਵਾਂ?

*ਟੱਲੀ ਪੈ ਜਾਂਦਾ ਹੈ। ਧੰਨੋ ਛੇਤੀ ਛੇਤੀ ਭਾਂਡੇ ਠੀਕਰ ਦਾ ਮੁਕਾ ਕੇ ਹੱਥ ਧੋਂਦੀ ਹੈ। ਫੇਰ ਚੁੰਨੀ ਨਾਲ਼ ਹੱਥ ਸਾਫ਼ ਕਰਦੀ ਟੱਲੀ ਦੇ ਮੰਜੇ ਕੋਲ਼ ਆਉਂਦੀ ਹੈ।*

ਧੰਨੋ : ਉਏ ਟੱਲੀ?

ਟੱਲੀ : ਹੂੰ!?

ਧੰਨੋ : ਅਜੈ ਜਾਗ-ਦੈਂ ਕੰਜਰਾ, ਸੁੱਤਾ ਨੀਂ? *ਉਹਦੇ ਮੰਜੇ ਦੀ ਬਾਹੀ ਉੱਤੇ ਬੈਠ ਜਾਂਦੀ ਹੈ।*

ਟੱਲੀ : ਨੀਂਦ ਨੀਂ ਆਉਂਦੀ ਤਾਈ। *ਉਠ ਕੇ ਬੈਠ ਜਾਂਦਾ ਹੈ* ਡਰ ਲਗਦੈ!

ਧੰਨੋ : ਬੱਲੇ ਉਏ ਮਾਂ ਦਿਆ ਸੁੱਚਿਆ! ਡਰ ਕਾਹਤੋਂ?

ਟੱਲੀ : ਪਤਾ ਨੀਂ ਤਾਈ, ਰਾਤ ਮੈਨੂੰ ਬਲ਼ਾ ਬਾਹਲ਼ਾ ਡਰ ਲੱਗਿਆ! ਮੈਨੂੰ ਇਕ ਸੁਫਨਾ ਆਇਆ! ਜਾਣੀਂ-ਦੀ ਇਕ ਕਾਲ਼ਾ ਸਾਧ ਮੈਨੂੰ ਅਵਦੀ ਬਗਲ਼ੀ 'ਚ ਪਾ-ਕੇ ਭਜ ਗਿਆ। ਮੈਂ ਬਥੇਰੀਆਂ

ਚੀਕਾਂ ਮਾਰੀਆਂ, ਬਥੇਰੀਆਂ ਮਾਰੀਆਂ, ਪਰ ਕਿਸੇ ਨੇ ਸੁਣੀਆਂ ਈਂ ਨਾ! ਸਾਧ ਇਕ ਦਾਤ ਲੈ ਕੇ ਮੇਰਾ ਗਲ਼ ਵੱਢਣ ਲੱਗ ਪਿਆ! ਮੈਂ ਜ਼ੋਰ ਦੀ ਕਿਲਕਾਰੀ ਮਾਰ ਕੇ ਮੰਜੇ ਤੋਂ ਹੇਠਾਂ ਜਾ ਡਿੱਗਿਆ! ਫੇਰ ਮੇਰੇ ਬਾਪੂ ਨੂੰ ਜਾਗ ਆ-ਗੀ! ਅਸੀਂ ਸਾਰੀ ਰਾਤ ਦੀਵਾ ਲਾ ਕੇ ਰੱਖਿਆ!

*ਟੱਲੀ ਦਾ ਸੁਫਨਾ ਸੁਣ ਕੇ ਧੰਨੋ ਭੈ-ਭੀਤ ਹੋ ਗਈ ਸੀ ਪਰ ਫਿਰ ਵੀ ਉਸਨੇ ਟੱਲੀ ਨੂੰ ਧਰਵਾਸ ਦਿੱਤਾ।*

ਧੰਨੋ : ਪੈ-ਜਾ ਪੁੱਤ! ਸੁਫਨਿਆਂ ਦਾ ਕੀ ਹੁੰਦੈ! ਇਹ ਤਾਂ ਐਵੇਂ ਈਂ ਆ ਜਾਂਦੈ ਐ! ਇਹਨਾਂ ਤੋਂ ਨੀ ਡਰੀਂ-ਦਾ ਹੁੰਦਾ! ਨਾਲ਼ੇ ਸੁਫਨੇ ਵਿਚ ਜੇ ਕੋਈ ਕਿਸੇ ਨੂੰ ਮਾਰੇ, ਉਸਦੀ ਉਮਰ ਵੱਡੀ ਹੋ ਜਾਂਦੀ ਐ! ਸੌਂ-ਜਾ, ਐਵੇਂ ਨੀਂ ਡਰੀ-ਦਾ ਹੁੰਦਾ! ਨਾਲ਼ੇ ਅੱਜ ਤਾਂ ਮੈਂ ਤੇਰੇ ਕੋਲ਼ ਐਂ, ਤੈਨੂੰ ਕਾਹਦਾ ਡਰ!

*ਟੱਲੀ ਪੈ ਜਾਂਦਾ ਹੈ ਧੰਨੋ ਉਸਨੂੰ ਥਾਪੜਣ ਲੱਗ ਪੈਂਦੀ ਹੈ। ਟੱਲੀ ਨੂੰ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ। ਪਰ ਟੱਲੀ ਮੂੰਹੋਂ ਸੁਫਨਾ ਸੁਣ ਕੇ ਉਹ ਮੁੜ ਘੁੰਮਣ-ਘੇਰੀਆਂ ਵਿਚ ਘਿਰ ਜਾਂਦੀ ਹੈ। ਵੱਖ-ਵੱਖ ਖ਼ਿਆਲ ਉਸਦੇ ਦਿਮਾਗ ਵਿਚੋਂ ਗੁਜ਼ਰਦੇ ਹਨ :*

ਨੌਜਵਾਨ ਸਾਧ ਦੀ ਆਵਾਜ਼ : ਰੱਬਾ ਕੁੱਖ ਨਾ ਤੀਵੀਂ ਦੀ ਰੱਖੀਂ ਸੁੱਕੀ
ਸੁੱਕੀ ਕੁੱਖ ਨਾ ਕਦੇ ਵੀ ਮਾਂ ਹੁੰਦੀ।
ਨਾਲ਼ 'ਲਾਦ ਦੇ ਤੀਵੀਂ ਦੀ ਕਦਰ ਪੈਂਦੀ
ਬਿਨਾਂ 'ਲਾਦ ਨਾ ਘਰ ਵਿਚ ਥਾਂ ਹੁੰਦੀ!

ਤੋਤੀ ਦੀ ਆਵਾਜ਼ : ਬੁੱਚੀਏ ਤੀਵੀਂਏ! ਨਿਕਲ਼ ਜਾ ਮੇਰੇ ਘਰੋਂ! ਤੇਰੇ ਨਾਲ਼ੋਂ ਤਾਂ ਸੂਰੀ ਚੰਗੀ ਐ ਸੂਰੀ! ਜਿਹੜੀ ਸੂ-ਸੂ ਕੇ ਘੋਰਨਾ ਭਰ ਦਿੰਦੀ ਐ!

ਪ੍ਰੀਤੀ ਦੀ ਆਵਾਜ਼ : ਰੰਨ ਤੂੰ ਆਪਦੇ ਬਾਪ ਦੀ ਲਫੰਡਰ ਤੀਵੀਂਏ! ਜਿਹੜੀ 'ਲਾਦ ਦੀ ਖ਼ਾਤਰ ਜਣੇ-ਖਣੇ ਨੂੰ ਖਸਮ ਬਣਾਈ ਫਿਰਦੀ ਐਂ!... ਭਟਕਦੀ ਫਿਰੇਂਗੀ! ਕੁੱਖ ਨੀ ਹਰੀ ਹੋਣੀ, ਭਾਮੇਂ ਚੜ੍ਹਦੇ ਤੋਂ ਲਹਿੰਦੇ ਤੱਕ ਦੇ ਜਤਨ ਕਰ-ਲੀਂ!

ਉਸਦੀ ਆਵਾਜ਼ : ਭਖਿਆਰਨ ਹਾਂ ਮਹਾਰਾਜ! ਭੀਖ ਮੰਗਣ ਆਈ-ਐਂ!...

ਸਿਆਣੇ ਦੀ ਆਵਾਜ਼ : ਮਨ ਛੰਕਿਆਂ ਬੀਚ ਘਿਰਿਆ ਹੋਇਆ ਹੈ! ਬਾਲਕ ਨਹੀਂ ਮਿਲੇਗਾ।

ਉਸਦੀ ਆਪਣੀ ਆਵਾਜ਼ : ਸਭ ਸ਼ੰਕੇ ਮਿਟਾ ਕੇ ਥੋਡੇ ਚਰਨਾਂ ਵਿਚ ਆਈ-ਐਂ।... 'ਲਾਦ ਦੀ ਖਾਤਰ ਮੈਂ ਭਖਦੇ ਕੋਲਿਆਂ ਉਤੇ ਨੰਗੇ ਪੈਰੀਂ ਵੀ ਤੁਰ ਲਾਂ-ਗੀ ਮਹਾਰਾਜ! ਚਿੜੀਆਂ ਦਾ ਦੁੱਧ...

ਸਿਆਣੇ
ਦੀ ਆਵਾਜ਼ : ਚਿੜੀਓਂ ਕਾ ਦੂਧ ਨਹੀਂ,... ਪਰਾਏ ਬਾਲ ਕੀ ਬਲੀ ਦੇਨੀ ਹੋਗੀ!

ਧੰਨੋ : *ਇਕ-ਦਮ ਮੰਜੇ ਤੋਂ ਖੜ੍ਹੀ ਹੋ ਕੇ* ਹੈਂਇੰ ?

*ਫੇਰ ਲਗਾਤਾਰ ਇਹ ਅਵਾਜ਼ਾਂ ਟਕਰਾਉਂਦੀਆਂ ਰਹਿੰਦੀਆਂ ਹਨ। ਧੰਨੋ 'ਨਈਂ-ਨਈਂ' ਵਿਚ ਕੂਕਦੀ ਸਿਰ ਮਾਰਦੀ ਰਹਿੰਦੀ ਹੈ। ਅਚਾਨਕ ਉਸਦਾ ਧਿਆਨ ਇਕ ਪਾਸੇ ਖੜ੍ਹੇ ਇਕ ਬੱਚੇ ਵੱਲ ਜਾਂਦਾ ਹੈ। ਬੱਚਾ ਦੋ-ਤਿੰਨ ਸਾਲ ਦੀ ਉਮਰ ਦਾ ਹੈ ਅਤੇ ਉਸਦੇ ਬੜੇ ਸੁਹਣੇ ਭੜਕਵੇਂ ਰੰਗ ਦੇ ਕਪੜੇ ਪਾਏ ਹੋਏ ਹਨ। ਉਸਦੇ ਪੈਰਾਂ ਵਿਚ ਝਾਂਜਰਾਂ ਹਨ ਅਤੇ ਉਹ ਧੰਨੋ ਵੱਲ ਵੇਖ-ਵੇਖ ਮੁਸਕਰਾ ਰਿਹਾ ਹੈ। ਬੱਚੇ ਨੂੰ ਵੇਖ ਕੇ ਧੰਨੋ ਦੇ ਚਿਹਰੇ 'ਤੇ ਰੌਣਕ ਆ ਜਾਂਦੀ ਹੈ। ਉਹ ਬੱਚੇ ਨੂੰ ਚੁੱਕਣ ਲਈ ਹੱਥ ਫੈਲਾਉਂਦੀ ਉਸ ਵੱਲ ਵਧਦੀ ਹੈ। ਬੱਚਾ ਹਸਦਾ-ਹਸਦਾ ਦੂਜੇ ਕੋਨੇ 'ਤੇ ਚਲਿਆ ਜਾਂਦਾ ਹੈ। ਜਦੋਂ ਉਹ ਫੇਰ ਉਸ ਵੱਲ ਜਾਂਦੀ ਹੈ ਤਾਂ ਬੱਚਾ ਟੱਲੀ ਦੇ ਮੰਜੇ ਦੁਆਲ਼ੇ ਚੱਕਰ ਕੱਟਣ ਲੱਗ ਪੈਂਦਾ ਹੈ। ਉਹ ਫੇਰ ਉਸਨੂੰ ਫੜਨ ਲਗਦੀ ਹੈ ਤਾਂ ਬੱਚਾ ਮੰਜੇ ਦੁਆਲ਼ੇ ਚੱਕਰ ਕੱਟਣ ਲੱਗ ਪੈਂਦਾ ਹੈ। ਜਦੋਂ ਉਹ ਲੱਗਭੱਗ ਬੱਚੇ ਨੂੰ ਫੜਨ ਹੀ ਵਾਲ਼ੀ ਹੈ ਤਾਂ ਇਕ ਕਾਲ਼ੇ ਕੱਪੜਿਆਂ ਵਾਲ਼ਾਂ ਬੰਦਾ ਭੱਜ ਕੇ ਆਉਂਦਾ ਹੈ ਤੇ ਬੱਚੇ ਨੂੰ ਝਪਟ ਮਾਰ ਕੇ ਉਸ ਮੂਹਰਿਓਂ ਚੁੱਕ ਕੇ ਲੈ ਜਾਂਦਾ ਹੈ। ਧੰਨੋ ਪੱਥਰ ਬਣੀ ਥਾਂ ਦੀ ਥਾਂ ਗੱਡੀ ਖੜ੍ਹੀ ਰਹਿੰਦੀ ਹੈ।*

ਸਿਆਣੇ ਦੀ ਸਾਬਤ-
ਸਬੂਤ ਆਵਾਜ਼ : ਬਾਲਕ ਪਾਉਣਾ ਹੈ ਤਾਂ ਪਰਾਏ ਪਾਲਕ ਦੀ ਬਲੀ ਦੇਨੀ ਪੜੇਗੀ!

ਧੰਨੋ : *ਜਿਵੇਂ ਉਸਨੇ ਫੈਸਲ਼ਾ ਲੈ ਲਿਆ ਹੋਵੇ, ਪੂਰੀ ਸ਼ਕਤੀ ਇਕੱਠੀ ਕਰ ਕੇ ਦੰਦ ਕਰੀਚਦੀ ਤੇ ਮੁੱਠੀ ਘੁਟਦੀ* ਮੈਂ ਪਰਾਏ ਬਾਲਕ ਦੀ ਬਲੀ ਦੇਵਾਂਗੀ ਮਹਾਰਾਜ!

ਉਸਦੇ ਅੰਦਰ ਦੀ
ਇਕ ਆਵਾਜ਼ : ਪਰ ਕੀਹਦੀ ? ਕੀਹਦੇ ਬਾਲ ਦੀ ?

ਧੰਨੋ : ਪੂਚ੍ਹੀ ਦੇ ਘੁੱਗੀ ਦੀ ?

ਦੂਜੀ ਆਵਾਜ਼ : ਕਿਉਂ ?

ਧੰਨੋ : ਉਹ ਮੇਰੇ ਬੇਦੋਸਨ 'ਤੇ ਦੋਸ਼ ਲਾਉਂਦੀਐ!

ਦੂਜੀ ਆਵਾਜ਼ : ਪਰ ਘੁੱਗੀ ਤਾਂ ਬੱਚਾ ਹੈ, ਉਹਦਾ ਕਸੂਰ

ਧੰਨੋ : *ਚੀਖ਼ਦੀ* ਮੇਰਾ ਕਸੂਰ ?... ??

*ਕੋਈ ਜਵਾਬ ਨਹੀਂ ਮਿਲਦਾ। ਇਕ ਭਿਆਨਕ ਚੁੱਪ ਵਰਤ ਜਾਂਦੀ ਹੈ। ਹੌਲ਼ੀ-ਹੌਲ਼ੀ ਧੰਨੋ ਦਾ ਮਨ ਸ਼ਾਂਤ ਹੋ ਜਾਂਦਾ ਹੈ। ਉਸਦੇ ਚਿਹਰੇ 'ਤੇ ਜਿੱਤ ਦੇ ਚਿੰਨ੍ਹ ਉੱਭਰਦੇ ਹਨ। ਉਹ ਇਸ ਤਰ੍ਹਾਂ ਮੁਸਕਾਂਦੀ ਹੈ ਜਿਵੇਂ ਉਸਨੇ ਆਪਣੇ ਸੁਆਲ ਨਾਲ਼ ਸਾਰੀ ਦੁਨੀਆਂ ਨੂੰ ਚੁੱਪ ਕਰਵਾ ਦਿੱਤਾ ਹੋਵੇ। ਫੇਰ ਉਸਦੇ ਦਿਮਾਗ਼ ਵਿਚ ਕੋਈ ਵਿਉਂਤ ਉਠਦੀ ਹੈ ਤੇ ਟੱਲੀ ਨੂੰ ਜਗਾਉਂਦੀ ਹੈ।*

ਧੰਨੋ : ਟੱਲੀ ? ਓਏ ਟੱਲੀ! ਸੌਂ ਗਿਆ ?

ਟੱਲੀ : *ਉਨੀਂਦਰਾ ਹੀ* ਊਂ, ਊਂ, ਊਂ! ਹਾਂਅ! *ਪਾਸਾ ਮਾਰ ਕੇ ਫੇਰ ਪੈ ਜਾਂਦਾ ਹੈ।*

ਧੰਨੋ : ਉਏ ਉਠ ਉਏ, ਤੈਨੂੰ ਇਕ ਚੀਜੀ ਦੇਵਾਂ!

ਟੱਲੀ : *ਪਿਆ ਪਿਆ ਹੀ* ਮੈਂ ਨੀਂ ਲੈਣੀ ਚੀਜੀ ਚੂਜੀ! *ਫੇਰ ਪਾਸਾ ਮਾਰ ਲੈਂਦਾ ਹੈ।*

ਧੰਨੋ : ਭੜਿਆ ਉੱਠ ਤਾਂ ਸਹੀ!

ਟੱਲੀ : ਮੈਂ ਨੀ ਉੱਠਦਾ!

ਧੰਨੋ : ਚੰਗਾ, ਮੈਂ ਤਾਂ ਅੰਦਰ ਜਾਨੀ ਐਂ, ਪਿਆ ਰਹਿ! ਅਹੁ ਘਟਾ ਆਉਂਦੀ ਐ ਚੜ੍ਹੀ!

ਟੱਲੀ : *ਡਰਦਾ ਉਠ ਕੇ* ਕਿੱਥੇ ?

ਧੰਨੋ : ਡੋ ਡੋ! ਝਿਟਾਇਆ ਕਿ ਨਾ!

ਟੱਲੀ : ਝੂਠੀ ਜੀ ਨਾ ਹੋਵੇ ਤਾਂ *ਫੇਰ ਪੈਣ ਲਗਦਾ ਹੈ ਪਰ ਧੰਨੋ ਉਸਨੂੰ ਆਪਣੀ ਬੁਕਲ਼ ਵਿਚਲੈ ਲੈਂਦੀ ਹੈ।*

ਧੰਨੋ : ਓ ਯਾਰ ਗੱਲ ਤਾਂ ਸੁਣ। ਬੈਠ, ਆਪਾਂ ਗੱਲਾਂ ਮਾਰੀਏ ਮਾਂ ਪੁੱਤ!

ਟੱਲੀ : *ਅੱਧੇ ਮੰਨੇ ਮਨ ਨਾਲ਼* ਮਾਰੀਏ ਗੱਲਾਂ ਨਾਲ਼ੇ ਹੋਰ! *ਅੱਖਾਂ ਮਲ਼ਣ ਲੱਗ ਪੈਂਦਾ ਹੈ।*

ਧੰਨੋ : *ਉਸਦੀ ਹਾਲਤ 'ਤੇ ਹਸਦੀ* ਗੱਲ ਸੁਣ! ਕੱਲ੍ਹ ਨੂੰ ਆਪਾਂ ਇਕ ਬਹੁਤ ਵਧੀਆ ਕੰਮ ਕਰਨੈ। ਤੂੰ ਆਥਣੇ-ਜੇ *ਆਲ਼ਾ-ਦੁਆਲ਼ਾ ਵੇਖ ਕੇ ਹੌਲ਼ੀ* ਬਿਨਾਂ ਕਿਸੇ ਨੂੰ ਦੱਸੇ ਘੁੱਗੀ ਨੂੰ ਲੈ ਕੇ ਉਸ ਵੱਡੇ ਪਿਪਲ਼ ਕੰਨੀ ਆ-ਜੀਂ ਜਿਹੜਾ ਵੱਡੀ ਢਾਬ ਕੰਨੀ ਐਂ!

ਟੱਲੀ : ਕਿਉਂ ?

ਧੰਨੋ : ਤੈਨੂੰ ਫੇਰ ਦੱਸੂੰ, 'ਕਿਉਂ', ਪਹਿਲਾਂ ਤੂੰ ਦੱਸ ਆਵੇਂਗਾ ਘੁੱਗੀ ਨੂੰ ਲੈ ਕੇ ?

ਟੱਲੀ : ਕਦੋਂ ?

ਧੰਨੋ : ਕੱਲ੍ਹ ਆਥਣੇ, ਦਿਨ ਛਿਪੇ-ਜੇ।

ਟੱਲੀ : ਆਥਣੇ ਦਿਨੇ ਛਿਪੇ ਤਾਂ ਨ੍ਹੇਰਾ ਹੁੰਦੈ।?

ਧੰਨੋ : ਨ੍ਹੇਰਾ ਕਿਥੇ ਹੁੰਦੈ! ਪਹਿਲਾਂ ਈ ਆ ਜਿਓ ਨੇਰ੍ਹੇ ਤੋਂ!?

ਟੱਲੀ : ਨਾ ਭਾਈ, ਓਥੇ ਤਾਂ ਦਰਖਤ ਬਲ਼ਾਂ ਬਾਹਲ਼ੇ ਐ! ਬਿੱਲਾ ਰਹਿੰਦੈ ਓਥੇ ਤਾਂ!

ਧੰਨੋ : ਕਿਹੜਾ ਰਹਿੰਦੈ ਬਿੱਲਾ ਓਥੇ ? ਤੈਨੂੰ ਐਵੇਂ ਕਿਸੇ ਨੇ ਡਰਾ-ਤਾ! ਨਾਲ਼ੇ ਮੈਂ ਹੋਊਂ ਓਥੇ ਥੋਥੋਂ ਪਹਿਲਾਂ!

ਟੱਲੀ : ਫੇਰ ਅਸੀਂ ਤੇਰੇ ਨਾਲ਼ ਈ ਵਗ-ਜਾਂ-ਗੇ ?

ਧੰਨੋ : ਨਈਂ, ਮੈਂ ਤਾਂ ਬਾਹਲ਼ਾ ਸੰਦੇਹਾਂ ਜਾਊਂ ਤੜਕੇ ਉਠਣ-ਸਾਰ। ਓਥੇ ਇਕ ਸਾਧ ਰਹਿੰਦੈ। ਉਹ ਨਾ ਮੰਤਰ ਨਾਲ਼ ਲੱਡੂਆਂ ਦੇ

ਢੇਰਾਂ ਦੇ ਢੇਰ ਲਾ ਦਿੰਦੈ!

ਟੱਲੀ : ਲੱਡੂਆਂ ਦੇ ਢੇਰ? ਝੂਠ ਮਾਰਦੀ ਐਂ। ਖਾ ਮੇਰੀ ਸਹੁੰ!

ਧੰਨੋ : ਸਹੁੰ ਤੇਰੇ ਤਾਏ ਦੀ! ਬਸ? ਹੁਣ ਦੱਸ, ਆਵੇਂਗਾ?

ਟੱਲੀ : ਹੂੰ!

ਧੰਨੋ : ਘੁੱਗੀ ਨੂੰ ਨਾਲ਼ ਲੈ ਕੇ?

ਟੱਲੀ : ਹਾਂ! ਮੈਂ ਘੁੱਗੀ ਨੂੰ ਕਹਿ-ਦੂੰ, 'ਆ-ਜਾ ਉਏ ਸੁਰਤੇ ਦੀ ਹੱਟ ਤੋਂ ਚੁਸਕੀਆਂ ਲੈ ਕੇ ਆਈਏ।' ਫੇਰ ਮੈਂ ਉਹਨੂੰ ਲੱਡੂਆਂ ਦੀ ਗੱਲ ਦੱਸ-ਦੂੰ! ਬਸ ਫੇਰ ਅਸੀਂ ਉਤੋਂ ਦੀ ਹੋ ਕੇ ਪਿੱਪਲ਼ ਕੋਲ਼ੇ ਵਗਜਾਂ-ਗੇ!

ਧੰਨੋ : ਜੇ ਕੋਈ ਪੁੱਛੇ ਬਈ ਕਿਥੇ ਚੱਲਿਓਂ?

ਟੱਲੀ : ਤਾਂ ਅਸੀਂ ਕਹਿ ਦਿਆਂਗੇ, 'ਅਸੀਂ ਮੇਰੇ ਬਾਪੂ ਨੂੰ ਸੱਦਨ ਚੱਲੇ ਐਂ! ਮੇਰਾ ਫੁੱਫੜ ਆਇਐ!'

ਧੰਨੋ : ਸ਼ਾਬਾਸ਼ੇ! ਤੂੰ ਤਾਂ ਬਹੁਤ ਸਿਆਣੈਂ ਬਈ! ਲੈ, ਚੰਗਾ ਹੁਣ ਤੂੰ ਪੈ-ਜਾ!

*ਟੱਲੀ ਪੈ ਜਾਂਦਾ ਹੈ ਪਰ 'ਜਿਵੇਂ ਕੁਝ ਯਾਦ ਆ ਗਿਆ ਹੋਵੇ।' ਫਿਰ ਉਠ ਖੜ੍ਹਦਾ ਹੈ।*

ਟੱਲੀ : ਪਰ ਤਾਈ, ਆਪਾਂ ਏਨੇ ਲੱਡੂ ਲਿਆਵਾਂ-ਗੇ ਕਿਵੇਂ?

ਧੰਨੋ : ਮੈਂ ਟੋਕਰਾ ਲੈ-ਜੂੰ, ਉਹ ਭਰ ਲਿਆਵਾਂ-ਗੇ।

ਟੱਲੀ : *ਜਿਵੇਂ ਧੰਨੋ ਦੀ ਸਕੀਮ ਮਨ ਨੂੰ ਜਚ ਗਈ ਹੋਵੇ* ਚੰਗਾ! *ਖ਼ੁਸ਼ੀ ਨਾਲ਼ ਉੱਤੇ ਕਪੜਾ ਲੈ ਕੇ ਪੈਂਦਾ* ਅਹਿ ਸਕਤੇ ਐਨੇ ਲੱਡੂ!

*ਟੱਲੀ ਪੈ ਜਾਂਦਾ ਹੈ। ਧੰਨੋ ਉਠ ਕੇ ਏਧਰ ਉਧਰ ਫਿਰਨ ਲੱਗ ਪੈਂਦੀ ਹੈ। 'ਘੁੱਗੀ ਦੀ ਬਲੀ ਦੇਣ' ਦਾ ਖ਼ਿਆਲ ਉਸਨੂੰ ਫੇਰ ਉਖੇੜ ਦਿੰਦਾ ਹੈ ਤੇ ਉਹ ਡਰ ਦੀ ਸਥਿਤੀ ਵਿਚ ਜਕੜੀ ਦਿਖਾਈ ਦਿੰਦੀ ਹੈ।*

ਉਸਦੀ ਆਵਾਜ਼ : ਪਰ ਘੁੱਗੀ ਦਾ ਦੋਸ਼ ਤਾਂ ਸਿੱਧਾ ਤੇਰੇ 'ਤੇ ਲੱਗੂ! ਪੂਚ੍ਹੀ ਨੇ ਤਾਂ ਸਭ ਤੋਂ ਪਹਿਲਾਂ ਤੇਰਾ ਨਾਂ ਈ ਲੈਣੈਂ... ਨਾਲ਼ੇ ਟੱਲੀ ਦਾ ਕੀ ਐ? ਇਹ ਤਾਂ ਜੁਆਕ ਐ, ਇਹ ਤਾਂ ਇਕੋ ਝਿੜਕ ਨਾਲ਼ ਦਸ-ਦੂ ਸਭ ਕੁਸ਼!... ਤੂੰ ਤਾਂ ਫਸੀ ਪਈ ਐਂ ਧੰਨੋ ਕਮਲ਼ੀਏ!

ਉਸੇ ਦੀ ਵਿਰੋਧੀ ਆਵਾਜ਼ : ਫੇਰ?

ਪਹਿਲੀ ਆਵਾਜ਼ : ਫੇਰ ਕੀ? ਐਧਰ ਮੰਜੇ ਵੱਲ ਵੇਖ! *ਧੰਨੋ ਮੰਜੇ ਵੱਲ ਵੇਖਦੀ ਹੈ* ਆਹ ਦੇਖ ਸਾਰੀ ਬਣੀ-ਬਣਾਈ ਸਕੀਮ ਤੇਰੇ ਘਰ ਪਈ!

ਵਿਰੋਧੀ ਆਵਾਜ਼ : ਟੱਲੀ? *ਧੰਨੋ ਦੀ ਦੇਹ ਕੰਬ ਉਠਦੀ ਹੈ।*

ਪਹਿਲੀ ਆਵਾਜ਼ : ਹਾਂ ਟੱਲੀ!

ਵਿਰੋਧੀ ਆਵਾਜ਼ : ਨਈਂ, ਨਈਂ! ਐਡਾ ਪਾਪ?

*ਬਹੁਤ ਹੀ ਘਬਰਾਹਟ ਵਿਚ ਉਹ ਆਪਣੇ ਕਾਲਜੇ ਨੂੰ ਹੱਥ ਪਾਉਂਦੀ ਹੈ ਅਤੇ ਬੈਠ ਜਾਂਦੀ ਹੈ। ਫੇਰ ਆਪਣੇ ਆਪ ਨੂੰ ਕਾਬੂ ਵਿਚ ਕਰਦੀ ਹੈ। ਫੇਰ ਅੱਧ-ਪਾਗ਼ਲ ਜਿਹੀ ਹੋਈ ਟੱਲੀ ਨੂੰ ਜਗਾਉਂਦੀ ਹੈ।*

ਧੰਨੋ : ਟੱਲੀ ? ਉਏ ਟੱਲੀ ?

ਟੱਲੀ : *ਬੈਠ ਕੇ* ਹੂੰਅ ?

ਧੰਨੋ : ਤੂੰ ਐਂ ਕਰੀਂ, 'ਕਲਾ ਈ ਆ ਜੀਂ! ਆਪਾਂ ਨੀ ਘੁੱਗੀ ਨੂੰ ਲੱਡੂ ਦਿੰਦੇ, ਉਹਦੀ ਬੇਬੇ ਤਾਂ ਆਪਣੇ ਨਾਲ਼ ਲੜਦੀ ਰਹਿੰਦੀ ਐ!

ਟੱਲੀ : *ਖ਼ੁਸ਼ ਹੋ ਕੇ* ਚੰਗਾ, ਮੈਂ 'ਕੱਲਾ ਈ ਆ-ਜੂੰ! *ਪੈਂਦਾ ਹੈ* ਸਕਤੇ, 'ਕੱਲੇ ਨੂੰ ਕਿੰਨੇ ਲੱਡੂ!

*ਪੈ ਜਾਂਦਾ ਹੈ। ਧੰਨੋ ਐਵੇਂ ਹੀ ਖੜ੍ਹੀ ਰਹਿੰਦੀ ਹੈ, ਪਰ ਉੱਖੜੀ-ਉੱਖੜੀ। ਉਹ ਖ਼ਾਲੀ ਮੰਜੇ ਨੂੰ ਚੁੱਕਣ ਲਗਦੀ ਹੈ ਤਾਂ ਕੋਈ ਆਵਾਜ਼ ਆਉਂਦੀ ਹੈ।*

ਉਸਦੀ ਆਤਮਾ
ਦੀ ਆਵਾਜ਼ : ਦੁਰ-ਫਿੱਟੇ ਮੂੰਹ! ਦੁਰ-ਫਿੱਟੇ ਮੂੰਹ! ਦੁਸ਼ਟੀਏ! ਕਲੰਕਨੇਂ ਤੈਨੂੰ ਇਹ ਸੁੱਝੀ ਕਿਵੇਂ ? ਕੀੜੇ ਪੈਣ-ਗੇ, ਤੇਰੇ ਕੀੜੇ!

*ਉਹ ਮੰਜਾ ਫੜ ਕੇ ਥਾਂ ਦੀ ਥਾਂ ਸੈੱਲ-ਪੱਥਰ ਹੋ ਜਾਂਦੀ ਹੈ।*

ਪੂਚ੍ਹੀ ਦੀ ਆਵਾਜ਼ : ਭਟਕਦੀ ਫਿਰੇਂਗੀ! ਕੁੱਖ ਨੀਂ ਹਰੀ ਹੋਣੀ! ਭਾਮੇਂ ਚੜ੍ਹਦੇ ਤੋਂ ਲਹਿੰਦੇ ਤੱਕ ਦੇ ਜਤਨ ਕਰ-ਲੀਂ!

ਸਿਆਣੇ
ਦੀ ਆਵਾਜ਼ : ਤੇਰੇ ਮਛਤਕ ਕੀ ਰੇਖਾ ਬਤਾਤੀ ਹੈ ਕਿ ਛੁੱਖ ਤੋਂ ਲਿਖਾ ਹੈ ਪ੍ਰੰਤੂ ਕਛਟ ਕਾਟਨੇ ਕੇ ਪਛਾਤ ?

ਆਤਮਾ
ਦੀ ਆਵਾਜ਼ : ਪਰ ਭਾਗੋ ? ਉਹਦੇ ਨਾਲ਼ ਕਿਵੇਂ ਧਰੋਹ ਕਮਾਵੇਂਗੀ ? ਤੂੰ ਐਂਇ ਦੱਸ ?

ਭਾਗੋ ਦੀ ਆਵਾਜ਼ : ਮੇਰਾ ਤਾਂ ਇਕ ਆਹ ਟੱਲੀ ਐ! ਤੂੰ ਇਹਨੂੰ ਅਵਦਾ ਸਮਝ! ਜਿੰਨਾ ਪਿਆਰ ਤੂੰ ਇਹਨੂੰ ਕਰਦੀਐਂ ਮੈਂ ਤਾਂ ਮਾਂ ਹੋ ਕੇ ਨੀਂ ਕਰਦੀ!

*ਧੰਨੋ ਮੰਜਾ ਛਡ ਕੇ ਬੇਮਤਲਬ ਹੀ ਇੱਧਰ ਉੱਧਰ ਚੱਕਰ ਕੱਟਣ ਲੱਗ ਪੈਂਦੀ ਹੈ। ਆਵਾਜ਼ਾਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ।*

ਨੌਜਵਾਨ ਸਾਧੂ
ਦੀ ਆਵਾਜ਼ : ਰੱਬਾ ਕੁੱਖ ਨਾ ਤੀਵੀਂ ਦੀ ਰੱਖੀਂ ਸੁੱਕੀ
ਸੁੱਕੀ ਕੁੱਖ ਨਾ ਕਦੇ ਵੀ ਮਾਂ ਹੁੰਦੀ!
ਨਾਲ਼ 'ਲਾਦ ਦੇ ਤੀਵੀਂ ਦੀ ਕਦਰ ਪੈਂਦੀ
ਬਿਨਾਂ 'ਲਾਦ ਨਾ ਘਰ ਵਿਚ ਥਾਂ ਹੁੰਦੀ!

ਤੋਤੀ ਦੀ ਆਵਾਜ਼ : ਘਰ ਹੁੰਦੇ ਐ ਪੁੱਤਾਂ-ਧੀਆਂ ਨਾਲ਼, ਜਿਨ੍ਹਾਂ ਨਾਲ਼ ਬੰਦੇ ਦੀ,

ਉਹਦੇ ਘਰ ਦੀ ਜੜ ਅੱਗੇ ਵਧਦੀਐ! ਤੇ ਇਹ ਮੈਂ ਇਹਾ-ਜਿਆ ਖੁੰਢ ਲਿਆ ਧਰਿਆ ਘਰੇਂ, ਜੀਹਨੇ ਹਰਾ ਤਾਂ ਕੀ ਹੋਣਾ ਸੀ ਸਗੋਂ ਸਿਉਂਖ ਬਣ ਕੇ ਘਰ ਦੇ ਲਿਉੜ ਵੀ ਖਾਈ ਜਾਂਦੈ!

*ਧੰਨੋ ਦੀ ਨਿਗਾਹ ਟੱਲੀ ਦੇ ਮੰਜੇ ਉਤੇ ਪੈਂਦੀ ਹੈ।*

ਟੱਲੀ ਦੀ ਆਵਾਜ਼ : ਤੂੰ ਫਿਕਰ ਨਾ ਕਰਿਆ ਕਰ ਤਾਈ! ਮੈਂ ਤੇਰਾ ਈ ਪੁੱਤ ਐਂ! ਮੈਂ ਨੀ ਅਵਦੀ ਬੇਬੇ ਦਾ ਪੁੱਤ ਬਣਦਾ, ਨਾ ਹੀ ਆਪਣੇ ਬਾਪੂ ਦਾ! ਮੈਂ ਤਾਂ ਤੇਰਾ ਤੇ ਤਾਏ ਦਾ ਪੁੱਤ ਬਣੂੰ! ਵੱਡਾ ਹੋ ਕੇ ਜੱਟਾਂ ਨਾਲ਼ ਸੀਰੀ ਰਲ਼ਿਆ ਕਰੂੰ! ਥੋਡੇ ਲਈ ਦਾਣੇ, ਕਪਾਹ, ਗੰਨੇ, ਗੁੜ ਲਿਆਇਆ ਕਰੂੰ!

ਤੋਤੀ ਦੀ ਆਵਾਜ਼ : ਨਿਕਲ਼ ਜਾ ਮੇਰੇ ਘਰੋਂ ਬੁੱਚੀਏ ਤੀਵੀਂਏ!

*ਕਿੰਨਾ ਚਿਰ ਇਹ ਬੋਲ ਗੂੰਜਦੇ ਰਹਿੰਦੇ ਹਨ।*

ਪੂਚ੍ਹੀ ਦੀ ਆਵਾਜ਼ : ਰੰਨ ਤੂੰ ਆਵਦੇ ਬਾਪ ਦੀ ਲਫੰਡਰ ਤੀਵੀਂਏ! ਜਿਹੜੀ 'ਲਾਦ ਦੀ ਖ਼ਾਤਰ ਜਣੇ-ਖਣੇ ਨੂੰ ਖ਼ਸਮ ਬਣਾਈ ਫਿਰਦੀਐ!

*ਫੇਰ ਇਹ ਬੋਲ ਇਸ ਤਰ੍ਹਾਂ ਗੂੰਜਦੇ ਹਨ ਜਿਵੇਂ ਪਹਾੜ ਨਾਲ਼ ਟਕਰਾਉਂਦੇ ਹੋਣ।*

ਤੋਤੀ ਦੀ ਆਵਾਜ਼ : ਤੇਰੇ ਨਾਲ਼ੋਂ ਤਾਂ ਸੂਰੀ ਚੰਗੀਐ, ਸੂਰੀ! ਤੂੰ ਤਾਂ ਫੰਡਰ ਝੋਟੀ ਐਂ ਫੰਡਰ!

*ਫੇਰ ਇਹ ਸਾਰੇ ਬੋਲ, ਕੁਝ ਅੱਧੇ, ਕੁਝ ਪੂਰੇ ਇਸ ਤਰ੍ਹਾਂ ਇਕ ਦੂਜੇ ਨਾਲ਼ ਟਕਰਾਉਂਦੇ ਹਨ ਕਿ ਧੰਨੋ ਨੂੰ ਅੱਧ-ਪਾਗਲ਼ ਕਰ ਦਿੰਦੇ ਹਨ। ਪਾਗਲ਼ ਹਾਲਤ ਵਿਚ ਉਸਦੀਆਂ ਅੱਖਾਂ ਦੇ ਆਂਡੇ ਬਾਹਰ ਨਿਕਲ਼ ਆਉਂਦੇ ਹਨ, ਚਿਹਰਾ ਕਾਲ਼ਾ ਤੇ ਭਿਆਨਕ ਹੋ ਜਾਂਦਾ ਹੈ। ਵੇਖਣ ਵਾਲ਼ੇ ਨੂੰ ਉਹ ਡੈਣ ਲਗਦੀ ਹੈ। ਉਹ ਇਸ ਤਰ੍ਹਾਂ ਕਚੀਚੀ ਵੱਟਦੀ ਹੈ ਜਿਵੇਂ ਹੁਣੇ ਹੀ ਆਲ਼ੇ ਦੁਆਲ਼ੇ ਦਾ ਮਲ਼ੀਆ-ਮੇਟ ਕਰ ਦੇਵੇਗੀ। ਉਹ ਆਪਣੇ ਸਾਹਮਣੇ ਵੇਖਦੀ ਹੈ। ਉਸਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਬੱਚਾ ਉਹਦੇ ਮੂਹਰੇ ਖੜ੍ਹਾ ਹੋਵੇ। ਉਸਨੂੰ ਫੜ ਕੇ ਨੋਚਣ ਲਈ ਉਹ ਹੌਲ਼ੀ-ਹੌਲ਼ੀ ਗੋਡਿਆਂ-ਭਾਰ ਬੈਠਦੀ ਹੈ। ਉਹ ਹੱਥਾਂ ਤੇ ਉਂਗਲਾਂ ਨੂੰ ਇਸ ਤਰ੍ਹਾਂ ਮੋੜਦੀ ਹੈ ਜਿਵੇਂ ਬੱਚੇ ਦਾ ਗਲ਼ ਉਹਦੇ ਹੱਥਾਂ ਵਿਚ ਆ ਗਿਆ ਹੋਵੇ। ਪੂਰੀ ਬੇਰਹਿਮੀ ਨਾਲ਼ ਉਹ ਬੱਚੇ ਦਾ ਗਲ਼ ਘੋਟਣ ਦਾ ਕਾਰਜ ਕਰਦੀ ਹੈ ਅਤੇ ਨਾਲ਼ ਦੀ ਨਾਲ਼ ਉਸਦੀ ਇਕ ਲੰਬੀ ਚੀਕ ਨਿਕਲ਼ ਜਾਂਦੀ ਹੈ ਤੇ ਉਹ ਸੈੱਲ-ਪੱਥਰ ਬਣ ਜਾਂਦੀ ਹੈ।*

*ਚੀਕ ਦੇ ਡਰ ਨਾਲ਼ ਟੱਲੀ ਬੁੜ੍ਹਕ ਕੇ ਉਠਦਾ ਹੈ ਤੇ ਉਹ ਧੰਨੋ ਨੂੰ ਵੇਖਕੇ ਹੈਰਾਨ ਵੀ ਹੁੰਦਾ ਹੈ ਅਤੇ ਡਰ ਵੀ ਜਾਂਦਾ ਹੈ। ਟੱਲੀ ਸਹਿਮਿਆ ਧੰਨੋ ਕੋਲ਼ ਆਉਂਦਾ ਹੈ। ਧੰਨੋ ਦਾ ਡਰਾਉਣਾ ਤੇ ਬਡਰੂਪ ਹੋਇਆ ਚਹਿਰਾ ਵੇਖ ਕੇ ਬਹੁਤ ਹੀ ਡਰ ਜਾਂਦਾ ਹੈ। ਡਰ ਤੋਂ ਬਚਣ ਲਈ ਉਹ ਧੰਨੋ ਨੂੰ ਉਸਦੇ ਮੋਢੇ ਹਲੂਣ ਕੇ ਬੁਲਾਉਂਦਾ ਹੈ।*

ਟੱਲੀ : ਤਾਈ ?... ਤਾਈ ਕੀ ਹੋ ਗਿਆ ਤੈਨੂੰ ? *ਧੰਨੋ ਪੱਥਰ ਦੀ ਪੱਥਰ ਬਣੀ ਰਹਿੰਦੀ ਹੈ।* ਤਾਈ ਤੂੰ ਬੋਲਦੀ ਕਿਉਂ ਨੀ। *ਜਦੋਂ ਧੰਨੋ ਅਜੇ ਵੀ ਨਹੀਂ ਬੋਲਦੀ ਤਾਂ ਡਰ ਨਾਲ਼ ਉਸਦੀ ਲੰਬੀ ਚੀਕ ਨਿਕਲ਼ ਜਾਂਦੀ ਹੈ* ਮਾਂ ਆਂ !!

*ਉਹ ਗਸ਼ ਖਾ ਕੇ ਧੰਨੋ ਦੇ ਪੈਰਾਂ ਵਿਚ 'ਦੜੰਮ' ਕਰ ਕੇ ਡਿਗ ਪੈਂਦਾ ਹੈ। ਟੱਲੀ ਦੇ ਡਿੱਗਣ ਦੇ ਖੜਕੇ ਨਾਲ਼ ਉਸਦੇ ਸਿਰ ਨੂੰ ਇਕ ਝਟਕਾ ਜਿਹਾ ਲੱਗਦਾ ਹੈ ਅਤੇ ਉਸਦੀ ਹੋਸ਼ ਪਰਤਦੀ ਹੈ। ਉਹ ਆਪਣੇ ਆਲ਼ੇ-ਦੁਆਲ਼ੇ ਵੇਖਦੀ ਹੈ। ਫੇਰ ਆਪਣੇ ਹੱਥਾਂ ਵੱਲ। ਉਸਨੂੰ ਇੰਜ ਲਗਦਾ ਹੈ ਜਿਵੇਂ ਉਹ ਲਹੂ ਨਾਲ਼ ਲੱਥ-ਪੱਥ ਹੋਣ। ਫੇਰ ਉਸਦੀ ਨਿਗਾਹ ਆਪਣੇ ਮੂਹਰੇ ਪਏ ਟੱਲੀ 'ਤੇ ਜਾਂਦੀ ਹੈ। ਕਾਹਲ਼ੀ ਨਾਲ਼ ਉਹ ਟੱਲੀ ਨੂੰ ਚੁੱਕਦੀ ਹੈ ਅਤੇ ਆਪਣੀ ਹਿੱਕ ਨਾਲ਼ ਲਾ ਲੈਂਦੀ ਹੈ।*

ਧੰਨੋ : *ਟੱਲੀ ਨੂੰ ਆਪਣੀ ਗੋਦ ਵਿਚ ਲੈਂਦੀ ਭੁੱਬ ਰੋਕਦੀ ਹੋਈ* ਮੈਂ ਕਿਹੜੇ ਖੂਹ ਵਿਚ ਛਾਲ਼ ਮਾਰਾਂ ਵੇ ਮੋਰਿਆ ਪੁੱਤਾ!

*ਰੋਕਦਿਆਂ-ਰੋਕਦਿਆਂ ਵੀ ਉਸਦਾ ਰੋਣ ਨਿਕਲ਼ ਜਾਂਦਾ ਹੈ।*

*ਉਸਦੇ ਡੁਸਕਦਿਆਂ-ਡੁਸਕਦਿਆਂ ਪਰਦਾ ਡਿੱਗਣਾ ਸ਼ੁਰੂ ਹੋ ਜਾਂਦਾ ਹੈ।*

•

# ਇਕ ਰਮਾਇਣ ਹੋਰ

ਰਾਮ ਪਰਸ਼ੋਤਮ, ਸੀਤਾ ਪਤੀ ਬਰਤਾ
ਲਛਮਣ ਜਤ ਦਾ ਪੂਰਾ।
ਪੂਰਿਆਂ ਦੀ ਕਥਾ ਪੂਰੇ ਕਵੀ ਕਰ ਗਏ
ਕੁਝ ਨਾ ਰਿਹਾ ਅਧੂਰਾ।
ਪਰ ਇਕ ਰਾਮ, ਲੱਛਾ ਤੇ ਸੀਤੋ
ਅੱਜ ਸਾਡੇ ਨੇ ਮੂਹਰੇ।
ਇਹਨਾਂ ਦੀ ਕਥਾ ਕੌਣ ਕਰੇਗਾ
ਜੋ ਨਾ ਅੱਧੇ ਨਾ ਪੂਰੇ।

## ਪਾਤਰ

| | | |
|---|---|---|
| ਲੱਛਾ | : | ਉਮਰ ਚਾਲੀ ਸਾਲ |
| ਰਾਮ | : | ਉਮਰ ਪੈਂਤੀ ਸਾਲ |
| ਸੀਤੋ | : | ਉਮਰ ਸਤਾਈ ਸਾਲ |
| ਰੌਣੀ | : | ਉਮਰ ਪੰਜਾਹ ਸਾਲ |
| ਦਾਨੀ | : | ਉਮਰ ਸੱਠ ਸਾਲ |
| ਸਾਧੂ | : | ਉਮਰ ਚਾਲੀ ਸਾਲ |

*ਮੰਚ ਦੇ ਸੱਜੇ ਥੋੜ੍ਹਾ ਪਿੱਛੇ ਕਰ ਕੇ ਇਕ ਕੱਚੀ ਜਿਹੀ ਬੈਠਕ ਤੇ ਸਬ੍ਹਾਤ ਵਿਖਾਈ ਦਿੰਦੀਆਂ ਹਨ। ਖੱਬੇ ਇਕ ਝਲਾਨੀ ਹੈ ਜਿਸਦਾ ਬੂਹਾ ਬੈਠਕ ਤੇ ਸਬ੍ਹਾਤ ਵੱਲ ਹੈ। ਬੈਠਕ ਤੇ ਸਾਬ੍ਹਾਤ ਦਾ ਅਗਲਾ ਅਣਛੱਤਿਆ ਹਿੱਸਾ ਵਿਹੜਾ ਹੈ ਜਿਸ ਵਿਚ ਛੋਟੀ ਕਿਸਾਨੀ ਦੀਆਂ ਆਮ ਚੀਜ਼ਾਂ ਵਸਤਾਂ ਪਈਆਂ ਹਨ। ਘਰ ਦੇ ਸੱਜੇ ਤੋਂ ਖੱਬੇ ਅੰਦਰ-ਬਾਹਰ ਜਾਣ ਲਈ ਬੂਹੇ ਹਨ। ਜਦੋਂ ਪਰਦਾ ਉੱਠਦਾ ਹੈ ਤਾਂ ਬੈਠਕ ਤੋਂ ਥੋੜ੍ਹਾ ਅੱਗੇ ਇਕ ਮੰਜੇ ਉਤੇ ਬੈਠਾ ਰੌਣੀ ਗਰੁਨੇ ਕੱਢ ਰਿਹਾ ਹੈ। ਥੋੜ੍ਹੇ ਚਿਰ ਪਿਛੋਂ ਝਲਾਨੀ ਵਿਚੋਂ ਚਾਹ ਲਈ ਲੱਛਾ ਬਾਹਰ ਨਿਕਲਦਾ ਹੈ।*

ਲੱਛਾ : ਊਂ ਰੌਣੀ ਰੱਬ ਦੇ ਘਰ ਨਸਾਫ ਹੈ-ਈ ਨੀਂ ਨਾ? ਉਹਨੂੰ ਪੁੱਛਣ ਵਾਲਾ ਹੋਵੇ ਬਈ ਭਲਿਆ ਮਾਣਸਾ! ਜੇ ਤੈਂ ਬੰਦੇ ਸਾਡੇ ਵਰਗੇ ਈ ਬਣੌਣੇ ਸੀ ਚਿੱਬ ਖੜਿੱਬੇ, ਤਾਂ ਤੇਰਾ ਕੁਸ਼ ਅਟਕਿਆ ਪਿਆ ਸੀ ਦੁਨੀਆ ਬਣੌਨ ਕੰਨੀਓਂ?

*ਚਾਹ ਧਰ ਕੇ ਮੰਜੀ ਲੈਣ ਚਲਾ ਜਾਂਦਾ ਹੈ।*

ਰੌਣੀ : ਕੀਹਦੀ। ਰੱਬ ਦੀ ਗੱਲ ਕਰਦੈਂ? ਰੱਬ ਤਾਂ ਲੱਛਿਆ ਪੱਕਾ ਅਵਦੀ ਨਿੱਕੀ ਦਾ ਕੁਸ਼ ਲਗਦੈ! ਉਹਨੇ ਕੋਈ ਚੱਜ ਦੀ ਗੱਲ ਕੀਤੀ ਐ ਅੱਜ ਤੱਕ?

ਲੱਛਾ : ਚੱਜ ਦੀਆਂ ਬਥੇਰੀਆਂ ਕੀਤੀਐਂ। ਕਈ ਤਾਂ ਐਸੀਆਂ ਮੂਰਤਾਂ ਬਣਾਈਐਂ ਮੇਰੇ ਸਾਲੇ ਦੀਆਂ, ਬਈ ਵੇਖ ਵੇਖ ਭੁੱਖ ਲਹਿੰਦੀ ਐ! ਪਰੀਆਂ ਮਾਤ ਪਾਈਆਂ ਪਈਐਂ ਮੇਰੇ ਸਹੁਰੇ ਦੀਆਂ।

ਰੌਣੀ : ਲੈ ਫੇਰ ਤੂੰ ਪਰੀਆਂ ਆਲੀ ਵੀ ਗੱਲ ਸੁਣ ਲੈ! ਕਹਿੰਦੇ ਐ ਬਈ ਜਿੰਨੀਆਂ ਤਾਂ ਸੁਹਣੀਆਂ ਸੂਰਤਾਂ ਨੇ, ਇਹ ਤਾਂ ਬਣਾਈਐ ਰੱਬ ਨੇ ਆਵਦੇ ਹੱਥਾਂ ਨਾਲ਼ ਪੂਰੀਆਂ ਪ੍ਰੀਤਾਂ ਲਾ ਲਾ। ਬਾਕੀ ਜੋ ਮਾਤ੍ਰੜ-ਤਮ੍ਹਾਤੜ ਐ, ਉਹ ਬਣਵਾਏ ਐ ਠੇਕੇ 'ਤੇ। ਆਪਾਂ ਤਾਂ ਲੱਛਿਆ ਠੇਕੇ 'ਤੇ ਬਣੇ ਹੋਏ ਐਂ ਛੋਟੇ ਭਾਈ, ਠੇਕ਼ੇ 'ਤੇ!

ਲੱਛਾ : ਹੋਰ, ਜਿਵੇਂ ਕਹਿੰਦੇ ਹੁੰਦੇ ਐ, ਆਹ ਠੇਕੇ ਆਲੀ ਗੱਲ ਈ ਐ ਨਾ। ਨਾ ਚੱਜ ਦਾ ਮੂੰਹ, ਨਾ ਮੱਥਾ! *ਉਤਾਂਹ ਵੱਲ ਮੂੰਹ ਕਰਕੇ* ਉਏ ਅਸੀਂ ਤੇਰੇ ਮਾਂਹ ਮਾਰ 'ਤੇ ਸੀ? ਤੋਰ ਤੇ ਬਾਂਦਰ ਵਰਗੀ ਬੂਥੀ ਬਣਾ ਕੇ? ...ਊਂ ਵਾਢੀ ਵਢ੍ਹੀ ਤਾਂ ਰੌਣੀ ਉਥੇ ਰੱਬ ਦੇ ਘਰ ਵੀ

ਚਲਦੀ ਹੋਊ, ਕਿ ਨਹੀਂ?

ਰੌਣੀ : ਲੈ ਹੈ ਕਮਲ਼ਾ ਨਾ ਸਿਆਣਾ! ਸਭ ਚਲਦੈ। ਉਹ ਭਲਿਆ ਲੋਕਾ, ਜਿੱਥੇ ਹਿਸਾਬ-ਕਿਤਾਬ ਬਣਿਐ, ਉਥੇ ਅਵਦੀ ਨਿੱਕੀ ਦਾ ਕੁਸ਼ ਲਗਦਾ ਇਹ ਹੇਰ-ਫੇਰ ਪਹਿਲਾਂ ਬਣਿਐ। ਜਿਥੇ ਮਾਇਆ ਦੀ ਖੇਡ ਖੇਡੀਂਦੀਐ ਲੱਛਿਆ, ਉਥੇ ਸਭ ਲੁਚਪਣਾ ਚਲਦੈ ਛੋਟੇ ਭਾਈ! ਆਪਾਂ ਨੂੰ ਤਾਂ ਜੀਣ ਜੋਗਿਆ, ਇਹ ਮਾਇਆ ਆਲ਼ੇ ਈ ਨੀਂ ਸੁਰਤ ਲੈਣ ਦਿੰਦੇ।

ਲੱਛਾ : ਸਿਆਣੀਐਂ ਤੇਰੀ ਗੱਲ! ਮਾਇਆ ਨਾਲ਼ ਤਾਂ ਭਾਵੇਂ ਰੱਬ ਖਰੀਦ ਲੈ ਭਾਈ!

ਰੌਣੀ : ਆਹ ਤੇਰੇ ਸਾਹਮਣੇ ਨਧਾਨੇ ਕਾ ਲਾਣਾ ਖਰੀਦੀ ਨੀਂ ਬੈਠਾ? ਮਾਰ ਲੀਲੀਆਂ ਪੱਗਾਂ ਬੰਨ੍ਹ ਕੇ ਰੱਖਦੇ ਐ। ਘਰੇਂ ਘਰ ਦੀ ਬਾਬੇ ਦੀ ਬੀੜ ਰੱਖ ਰਖੀਐ। ਆਵਦੇ ਜਾਣੇਂ ਤਾਂ ਪੂਰਾ ਸਿੱਖੀ ਦਾਵੇ 'ਚ ਪੈਰ ਧਰਦੇ ਐ? ਪਰ ਲੱਛਣ? ਲੱਛਣ ਸਾਰੇ ਮਨਮੁਖਾਂ ਵਾਲੇ! ਕਦੇ ਕਿਸੇ ਗਰੀਬ ਦੀ ਜ਼ਮੀਨ ਦੱਬ ਲੀ, ਕਦੇ ਕਿਸੇ ਦਾ ਘਰ। ਐਨ ਸਾਰੇ ਪਿੰਡ ਤੋਂ ਬਾਹਰੇ ਹੋ ਕੇ ਪੰਚੈਤੀ ਕੀਲੇ ਦੱਬੀਂ ਬੈਠੇ ਐ। ਹੈ ਕਿਸੇ ਦੀ ਹਿੰਮਤ ਹੱਥ ਪਾਉਣ ਦੀ? ਹੱਥ ਪਾਵੇ ਵੀ ਕਿਹੜਾ? ਕਾਨੂੰਗੋ ਆਵੇ, ਚਾਹੇ ਕੋਈ ਅਬਸਰ, ਠਹਿਰੂ ਅਵਦੀ ਨਿੱਕੀ ਦਾ ਕੁਸ਼ ਲਗਦਾ ਇਹਨਾਂ ਦੇ ਚੁਬਾਰੇ 'ਚ!

ਲੱਛਾ : ਉਹ ਜਿਵੇਂ ਕਹਿੰਦੇ ਹੁੰਦੇ ਐ, ਅਵਦੇ-ਅਵਦੇ ਕਰਮ ਹੁੰਦੇ ਐ ਰਣ ਸਿਆਂ ਭਾਈ?

ਰੌਣੀ : ਕਿਹੜੇ ਕਰਮ? ਕਰਮ ਤਾਂ, ਸਰਦਾਰ ਜੀ, ਇਨ੍ਹਾਂ ਦਾ ਦੋਹੇਂ ਵੇਲੇ ਪਾਣੀ ਭਰਦੇ ਐ! *ਉਂਗਲ 'ਤੇ ਅੰਗੂਠੇ ਨਾਲ਼ ਰੁਪਈਏ ਖੜਕਾਉਣ ਦੀ ਐਕਟਿੰਗ ਕਰਦਾ ਹੋਇਆ* ਸਭ ਇਹਦੀ ਲੀਹਲਾ ਐ ਛੋਟੇ ਭਾਈ, ਇਹਦੀ। ਸਿੱਖੀ-ਦਾਵਾ ਤਾਂ ਐਵੇਂ ਕਹਿਣ ਕਹਾਉਣ ਦੀ ਗੱਲ ਐ! ਵਿਚੋਂ ਤਾਂ ਇਹ ਸ੍ਰੀਮਾਨ ਜੀ, ਉਹੀ ਨੇ ਜਿਨ੍ਹਾਂ ਦਾ ਭੋਜਨ ਖਾਣ ਤੋਂ ਬਾਬੇ ਨਾਨਕ ਨੇ ਨਨਕਾਰ ਕਰ-ਤਾ ਸੀ।

ਲੱਛਾ : ਕਰ- ਤਾ ਹੋਊ ਨਨਕਾਰ ਬਾਬੇ ਨਾਨਕ ਨੇ। ਹੁਣ ਆਲ਼ੇ ਬਾਬੇ ਬੂਬੇ ਤਾਂ, ਜਿਵੇਂ ਕਹਿੰਦੇ ਹੁੰਦੇ ਐ, ਸਭ ਇਹਨਾਂ ਦੇ ਪੈਰੀਂ ਹੱਥ ਲਾਉਂਦੇ ਐ। ਸਖਤੇ ਦਾ ਸੱਤੀਂ ਬੀਹੀਂ ਸੌ ਹੁੰਦੈ ਰੌਣੀ।

ਰੌਣੀ : ਜੇ ਸਖਤੇ ਸੀ ਤਾਂ ਹੀ ਮੇਰੇ ਨਾਲ਼ ਧੱਕਾ ਕਰ-ਗੇ। ਕੈਲੀ ਇਹਨਾਂ ਦੀ ਸ਼ਹਿ 'ਤੇ ਈ ਲੈ ਗਿਆ ਮੇਰੇ ਆਲੀ ਤੀਵੀਂ ਕੱਢ ਕੇ? ਨਈਂ ਉਹਦੀ ਕੀ ਮਜਾਲ ਸੀ ਮੇਰਾ ਪਿੱਛਾ ਤਕਾਉਣ ਦੀ! ਜਮਾਂ ਇਨ੍ਹਾਂ ਦਾ ਹੱਥ ਸੀ! ਮੈਂ ਬਥੇਰਾ ਕਿਹਾ, 'ਸਰਦਾਰਾ! ਤੇਰਾ ਮੇਰਾ ਜੋੜ ਈ ਕੀ ਐ? ਮੇਰੀ ਤੀਵੀਂ ਮੜਵਾ ਦੇ।' ਕਹਿੰਦਾ, 'ਜਾ, ਜਾ! ਸਾਲਾ ਮਲੰਗ ਜੱਟ। ਉਹ ਦਿਨ ਭੁੱਲ ਗਿਆ ਜਿੱਦੇਂ ਵੋਟਾਂ ਨੂੰ ਜਵਾਬ ਦਿੱਤਾ ਸੀ।' ...ਹਾਰ ਕੇ ਭਾਈ ਚੁੱਪ ਕਰਗੇ। ਕੋਈ ਵਾਹ ਚਲਦੀ ਸੀ? ਨਾ ਠਾਣੇਦਾਰ ਨੇ,

ਨਾ ਆਵਦੀ ਨਿੱਕੀ ਦੇ ਕੁਸ਼ ਲਗਦੇ ਕਿਸੇ ਹੋਰ ਨੇ, ਬਾਤ ਈ ਨੀਂ ਪੁੱਛੀ! ...ਕੋ ਨੀਂ ਸਾਡਾ ਵੀ ਕਿਤੇ ਆਊ ਵਕਤ! ਜੇ ਮੇਰੇ ਸਾਲ਼ਿਆਂ ਨੂੰ ਖਦੈਣੇ ਕੀ ਢਾਬ ਵਿਚ ਡੁਬੋ-ਡੁਬੋ ਨਾ ਮਾਰਿਆ ਤਾਂ ਤੂੰ ਮੈਨੂੰ ਰੁਲ਼ਦੂ ਦਾ ਰੌਣੀ ਨਾ ਆਖੀਂ!

ਲੱਛਾ : ਲੈ ਆਪਾਂ ਤਾਂ ਹੋਰ-ਈ ਜਬ੍ਹਲੀਆਂ ਮਾਰਦੇ ਰਹੇ। ਆਹ ਤੇਰੇ ਆਲ਼ੀ ਤੀਵੀਂ ਤੋਂ ਗੱਲ ਯਾਦ ਆ-ਗੀ, ਆਪਣੀ ਕੁਸ਼ ਲੱਗੀ ਸਿਰੇ ਕਹਾਣੀ?

ਰੌਣੀ : ਕਹਾਣੀ ਸਿਰੇ ਲੱਗਣ ਨੂੰ ਗੋਧੀ ਕੇ ਬੋਹੜ 'ਚ ਅੜਕੀ ਹੋਈਐ? ਪਰ ਤੂੰ ਕੰਨ੍ਹਾ ਵੀ ਲਾਵੇਂ ਚੱਜ ਨਲ ਬੰਦਿਆਂ ਆਂਗੂ?

ਲੱਛਾ : ਕੰਨ੍ਹਾ ਲਾਉਣ ਨੂੰ ਯਾਰ ਮੈਂ ਤੈਨੂੰ ਨਾਂਹ ਕਿੱਦੇਂ ਕੀਤੀ ਸੀ? ਗੱਲ ਦਾ ਕੋਈ ਲੱਲਾ ਨਾ ਭੱਭਾ! ਮੈਂ ਕੰਨ੍ਹਾ ਲਾ ਕੇ ਕਾਵਾਂ-ਗੁਟਾਰਾਂ ਤੋਂ ਐਵੇਂ ਠੂੰਗਾਂ ਮਰਵਾਉਂਦਾ ਫਿਰਾਂ? ਤੈਂ ਤਾਂ ਉਹ ਗੱਲ ਕਰ-ਤੀ ਅਖੇ 'ਕਣਕ ਖੇਤ, ਕੁੜੀ ਪੇਟ, ਆ ਜਮਾਈ ਮੰਡੇ ਖਾ!'

ਰੌਣੀ : ਕੁੜੀ ਜਮਾਂ ਕੁੜੀ ਆਲ਼ਿਆ ਦੇ ਘਰੇ ਬੈਠੀ ਐ, ਥੰਮ੍ਹੀ ਜਿੱਡੀ ਲੰਮੀ, ਸਾਬਤ ਦੀ ਸਾਬਤ। ਬਾਕੀ ਭਾਈ ਕਣਕ ਦਾ ਬੰਦੋਬਸਤ ਤਾਂ ਤੈਂ ਆਪ ਕਰਨੈ। ਕੁੜੀ ਆਲ਼ੇ ਤਾਂ ਕਰਨੋਂ ਰਹੇ!?

ਲੱਛਾ : ਉਹ ਤਾਂ ਜਿਵੇਂ ਕਹਿੰਦੇ ਹੁੰਦੇ ਐ, ਤੇਰੀ ਗੱਲ ਸੱਤ ਐ। ਪਰ ਯਾਰ ਮੈਂ ਡਰਦੈਂ ਕਿਤੇ ਠੱਗੀ ਨਾ ਵੱਜ-ਜੇ! ਤੇਰੇ ਆਲ਼ੀ ਆਂਗੂ ਲਵਾ ਕੇ ਰੁਪਈਆਂ ਦੀ ਪੰਡ, ਜੇ ਤਿੱਤਰ ਹੋ-ਗੀ, ਤਾਂ ਕੀਹਦੀ ਮਾਂ ਨੂੰ ਮਾਸੀ ਕਹਾਂਗੇ?

ਰੌਣੀ : ਨਈਂ। ਮੇਰੇ ਆਲ਼ੀ ਦੀ ਗੱਲ ਹੋਰ ਸੀ। ਉਹ ਤੀਵੀਂ ਨੀਂ ਸੀ ਮਾੜੀ। ਉਹ ਤਾਂ ਨਧਾਣੇ ਕੇ ਲਾਣੇ...

ਲੱਛਾ : ਮੈਂ ਹੋਰ ਵੀ ਸੁਣਿਐ?

ਰੌਣੀ : ਕੀ? ਕੀ ਸੁਣਿਐ?

ਲੱਛਾ : ਅਖੇ, 'ਉਹ ਅੱਗੇ ਵੀ ਦੋ ਵਾਰ ਵਿਆਹ ਕੇ ਘਰੇਂ ਬਿਠਾਈ ਬੈਠੇ ਐ?

ਰੌਣੀ : ਤੈਂ ਯਾਰ ਅੰਬ ਖਾਣੇ ਐ ਕਿ ਦਰਖ਼ਤ ਗਿਣਨੇ ਐਂ? ਭਾਵੇਂ ਲੱਖ ਬਠਾਈ ਬੈਠੇ ਐ। ਹੁਣ ਅਗਲਿਆਂ ਨੇ ਮੇਰੇ 'ਤੇ ਗੱਲ ਸਿੱਟੀ ਐ ਬਈ ਪੰਜ ਕਰ ਪੰਜਾਹ ਕਰ ਸਾਨੂੰ ਤੇਰੇ 'ਤੇ ਵਸਵਾਸ ਐ!

ਲੱਛਾ : ਏਹੇ ਜਿਆਂ ਦਾ ਕਾਹਦਾ ਵਸਵਾਸ ਹੁੰਦੈ ਰੌਣੀ! ਜਦੋਂ ਉਹ ਦੋ ਵਾਰ ਪਹਿਲਾਂ ਪੈਸੇ ਲੈ ਕੇ ਘਰ ਬਠਾਈ ਬੈਠੇ ਐ, ਤਾਂ ਤੀਜੀ ਵਾਰੀ ਕਿਵੇਂ ਨੀਂ ਬਠਾਉਣਗੇ?

ਰੌਣੀ : ਮੈਂ ਦੱਸਾਂ 'ਹੁਣ ਕਿਵੇਂ ਨੀ ਬਠਾਉਣਗੇ?' ਕੁੜੀ ਨੇ ਖ਼ੁਦ ਅਵਦੇ ਬਾਪ ਨੂੰ ਸਿਰੇ ਦੀ ਸਣਾ-ਤੀ, ਬਈ ਲਾਉਣੈ ਤਾਂ ਲਾ ਦੇ ਇਕ ਮਰਦ ਦੇ ਲੜ, ਨਹੀਂ ਤਾਂ ਮੈਂ ਏਥੇ ਈ ਭਰਾ-ਭਰਜਾਈ ਦਾ ਗੋਹਾ ਕੂੜਾ ਕਰਕੇ ਨਿਰਵਾਹ ਕਰ-ਲੂੰ!... ਐਂਇ ਨੀ ਸਰਦਾਰ ਜੀ ਉਹ ਬਠਾਉਂਦੇ ਹੁਣ ਤੀਜੀ ਵਾਰੀ ਘਰੇਂ? ਹੋਰ ਦੱਸ?

ਲੱਛਾ : ਹੁਣ ਤਾਂ ਉਮਰ ਦੀ ਵੀ ਵੱਡੀ ਹੋ ਗਈ ਹੋਊ ਰੌਣੀ, ਕਿ ਨਈਂ ?

ਰੌਣੀ : ਉਮਰ ਨੂੰ ਤੇਰੇ ਤਾਂ ਮੈਂ, ਨੀ ਕਹਿੰਦਾ, ਅਜੇ ਮੁੱਛਾਂ ਫੁਟਦੀਆਂ ਹੋਣਗੀਆਂ ? ਗੱਲਾਂ ਦੇਖੋ ਉਇ ਲੋਕੋ ਇਹ ਕਿਹੋ ਜੀਆਂ ਕਰਦੈ ? ਚਾਲ਼ੀਆਂ ਨੂੰ ਟੱਪ ਚੱਲਿਐ, ਉਮਰ ਉਲਟਾ ਉਹਦੀ ਪੁਛਦੈ ? ਹੋਰ ਤਾਂ, ਮੈਂ ਨੀਂ ਕਹਿੰਦਾ, ਕੋਈ ਬਾਰਾਂ ਵਰਸਾਂ ਦੀ ਕੰਨਿਆ ਲਾਊ ਲੜ ਤੇਰੇ ਜੂੰਆਂ ਦੀ ਖਾਧ ਦੇ ? ...ਤੂੰ ਐਨਾ ਈ ਸ਼ੁਕਰ ਕਰ ਰੱਬ ਦਾ ਬਈ ਤੈਨੂੰ ਟੁੱਟੀ-ਭੱਜੀ ਤੀਵੀਂ ਜੁੜ-ਜੇ ?

ਲੱਛਾ : *ਕੱਚਾ ਜਿਹਾ ਹੁੰਦਾ ਹੋਇਆ* ਜੇ ਪੰਜਾਹ ਸਾਲ ਦੀ ਬੌਂਡੀ ਮਾਰੀ ਮੱਥੇ, ਉਹਦਾ ਦੱਸ ਕੀ ਮੈਂ 'ਚਾਰ ਪਾਊਂ ?

ਰੌਣੀ : ਲੈ ਫੇਰ ਇਹ ਵੀ ਸੁਣ ਲੈ ! ਕੱਲ੍ਹ ਨੂੰ ਮੈਨੂੰ 'ਲਾਂਭਾ ਦਿੰਦਾ ਫਿਰੇਂਗਾ ! ਉਮਰ 'ਚ ਅਜੇ ਤੀਹਾਂ ਤੋਂ ਟੱਪੀ ਨੀਂ। ਰੰਗ ਜ਼ਰੂਰ ਥੋੜ੍ਹਾ-ਜਿਹਾ ਪੱਕੈ। ਊਂ ਸਰੀਰ ਦੀ ਬੋਤਲ ਆਗੂ ਗੁੰਦਵੀਂ ਐਂ। ਅੱਖਾਂ ਆਪਣੇ ਪਿੰਡ ਆਲ਼ੀ ਮੂਰਤੀ ਬਾਹਮਣੀ ਆਂਗੂੰ ਦਗਦੀਐਂ ! ਹੋਰ ਪੁਛਣੈਂ ਕੁਸ਼ ?

ਲੱਛਾ : ਗੱਲਾਂ 'ਚ ਤਾਂ ਤੂੰ ਭੁੱਟੋ ਨੂੰ ਮਾਤ ਪਾਊਨੈਂ ! ਬੜਾ ਪੀਰ ਐਂ ! ਗੱਲਾਂ ਮਾਰ ਮਾਰ ਈ ਮੇਰੇ ਅਰਗੇ ਸਾਧੂ ਬੰਦੇ ਦੇ ਮਨ ਅੰਦਰ ਤੀਵੀਂ ਦਾ ਲੋਭ ਜਗਾ-ਤਾ ਕਿ ?

ਰੌਣੀ : ਬੱਲੇ ਓਇ ਬਾਲ ਨਾਥਾ ! ਮੰਨਗੇ ਤੈਨੂੰ ਵੀ ਜੇ ਐਡਾ ਈ ਬਰਹਮਚਾਰੀ ਸੀ ਤਾਂ ਪਿਛਲੇ ਸਾਲ ਸੂਫੋ ਘਮਿਆਰੀ ਮਗਰ ਕਿਉਂ ਫਿਰਦਾ ਸੀ ਲਾਲ਼ਾਂ ਸਿੱਟੀ ਸਾਡੇ ਆਲ਼ਾ ਛੋਟਾ ਭਾਈ ? ਸਿੱਧਾ ਹੋ ਵੀਰ ਮੇਰਿਆ, ਸਿੱਧਾ ! ਦੂਜਿਆਂ ਦੀ ਖ਼ੁਰਲ਼ੀ 'ਚ ਮੂੰਹ ਮਾਰਨ ਨਾਲ਼ੋਂ ਅਵਦਾ ਈ ਕੋਈ ਬੰਨ੍ਹ-ਸੁੱਬ ਕਰ !

ਲੱਛਾ : ਸੱਚੀਂ ਰੌਣੀ, ਤੂੰ ਆਖੇਂਗਾ ਤਾਂ ਕੀ ਆਖਦੈ, ਜਿੱਦੇ ਦੀ ਤੈਂ ਤੀਵੀਂ ਦਵਾਉਣ ਦੀ ਗੱਲ ਕੀਤੀ ਐ, ਮਨ ਉਖੜਿਆ ਉਖੜਿਆ-ਜਿਆ ਰਹਿੰਦੈ ਮੇਰੇ ਸਾਲ਼ੇ ਦਾ। ਰੋਜ਼ ਕੋਈ ਨਾ ਕੋਈ ਸੁਫ਼ਨਾ ਤੀਵੀਂ ਦਾ ਜ਼ਰੂਰ ਆਉਂਦੈ।

ਰੌਣੀ : ਭੁੱਖ ? ਜਿਹੜੀ ਐਨੀ ਉਮਰ ਤੀਵੀਂ ਬਿਨਾਂ ਰੋਹੀ ਦੀ ਕਿੱਕਰ ਆਂਗੂ ਕਲਾਪੇ 'ਚ ਕੱਟੀਐ, ਉਸ ਭੁੱਖ ਨੇ ਵੀ ਤਾਂ ਅਵਦਾ ਰੰਗ ਵਖਾਉਣਾ ਈ ਹੋਇਆ ?

ਲੱਛਾ : ਲੈ ਤੈਨੂੰ ਅੱਜ ਦੁਪੈਰ੍ਹੇ ਦੀ ਗੱਲ ਸੁਣਾਉਨੈਂ। ਮੈਂ ਐਸੇ ਬੈਠਕ 'ਚ ਪਿਆ ਸੀ ਸੁੱਤਾ। ਜਾਣੀਂਦੀ ਮੈਂ ਆਪਣੇ ਪਿੰਡ ਆਲ਼ੀ ਢਾਬ 'ਚ ਨ੍ਹਾਈਂ ਜਾਨੈਂ ਅਲਫ਼ ਨੰਗਾ। ਮੇਰੇ ਪੈਰਾਂ ਨਾਲ਼ ਕੂਲ਼ੀ ਕੂਲ਼ੀ ਜੀ ਸ਼ੈਅ ਰੜਕੀ ! ਮੈਂ ਲਾ ਕੇ ਬਾਹਾਂ ਦਾ ਜ਼ੋਰ ਜਦ ਬਾਹਰ ਕਢੀ ਤਾਂ ਸਾਲਮ ਦੀ ਸਾਲਮ ਤੀਵੀਂ ਮੇਰੀਆਂ ਬਾਹਾਂ 'ਚ !

ਰੌਣੀ : ਕਿਤੇ ਸੂਫੋ ਘਮਿਆਰੀ ਤਾਂ ਨੀਂ ਸੀ ਅਵਦੀ ਨਿੱਕੀ ਦੀ ਕੁਸ਼ ਲਗਦੀ ?

ਲੱਛਾ : ਹਾਸੀ ਆਲ਼ੀ ਗੱਲ ਨੀਂ ਰੌਣੀ ! ਐਡੇ ਚੰਦਰੇ ਸੁਫ਼ਨੇ ?

ਰੌਣੀ : ਸੁਫ਼ਨੇ ਕਾਹਨੂੰ ਚੰਦਰੇ ਐ ਲਛਮਣ ਸਿਆਂ, ਚੰਦਰੇ ਤਾਂ ਆਪਣੇ ਕਰਮ ਐ ਛੋਟੇ ਭਾਈ ਜਿਹੜੇ ਮਾੜੇ ਘਰਾਂ 'ਚ ਜਰਮ ਲੈ ਬੈਠੇ! ਹੁਣ ਤੂੰ ਹੀ ਜੇ ਮਲਾਇਆ ਆਲ਼ੇ ਮੋਤਾ ਸਿਉਂ ਦੇ ਘਰ ਜੰਮਿਆ ਹੁੰਦਾ ਇਹੋ ਸੁਫ਼ਨੇ ਵੇਖ ਲੈਂਦਾ ਸੱਚੇ ਬਣਦੇ ਭਲਿਆ! ਲੋਕਾ, ਰੱਬ ਨੇ ਜੇ ਆਦਮ ਤੇ ਹਵਾ ਬਣਾਏ ਐ ਤਾਂ ਕੁਸ਼ ਸੋਚ ਸਮਝ ਕੇ ਈ ਬਣਾਏ ਐ? ਜੱਗ 'ਚ ਸੀਰ ਪਾਉਣ ਦਾ ਬੂਟਾ ਇਹਦੀ ਕੁੱਖ 'ਚ ਲਗਦੈ ਲਛਮਣ ਸਿਆਂ? ਫੇਰ ਜੇ ਇਹਦਾ ਤੈਨੂੰ ਸੁਫ਼ਨਾ ਆ ਗਿਆ ਕੋਈ ਗੁਨਾਹ ਤਾਂ ਨੀਂ ਹੋ ਗਿਆ ਵੀਰ ਮੇਰਿਆ?

ਲੱਛਾ : ਉਹ ਤਾਂ ਜਿਵੇਂ ਕਹਿੰਦੇ ਹੁੰਦੇ ਐ ਤੇਰੀ ਗੱਲ ਝੂਠ ਨੀ, ਪਰ ਐਂਇ ਸੋਚੀਂਦੈ ਬਈ ਅੱਧੀ ਤਾਂ, ਤੂੰ ਸਮਝ ਲੈ, ਨੰਘਗੀ, ਅੱਧੀ ਔਖੇ ਸੌਖੇ ਹੋਰ ਨੰਘਾਲਾਂਗੇ। ...ਨਾਲ਼ੇ ਛੋਟੇ ਭਾਈ ਨਾਲ਼ ਫਿੱਕ ਪਊ। ਕਾਹਦੇ ਪਿੱਛੇ ਜਗ ਤੋਂ ਬਦਨਾਮੀ ਖੱਟੀਏ?

ਰੌਣੀ : ਜੱਗ ਦੀ ਕਾਹਦੀ ਬਦਨਾਮੀ ਬਈ ਲਛਮਣ ਸਿਆਂ? ਜੱਗ ਸਾਡੇ ਬੂਹੇ 'ਤੇ ਅਵਦੀਆਂ ਕੁਆਰੀਆਂ ਦੇ ਡੋਲ਼ੇ ਲਈ ਖੜਾ ਸੀ ਬਈ ਹੁਣ ਬਦਨਾਮੀ ਕਰੂ? ...ਬਾਕੀ ਭਾਈ ਆਲ਼ੀ ਗੱਲ ਤਾਂ ਥੋੜਾ ਘਰ ਦਾ ਮਾਮਲੈ! ਇਹਦੇ 'ਚ ਤਾਂ ਦਖ਼ਲ ਦਿੰਦਾ ਮੈਂ ਚੰਗਾ ਨੀਂ ਲਗਦਾ। ਹਾਂ ਜੇ ਤੀਵੀਂ ਲਿਆਂਦੀ ਤਾਂ ਅੱਡ ਤਾਂ ਹੋਣਾ ਪਊ। ਇਹ ਤਾਂ ਕੁੜੀ ਆਲ਼ਿਆਂ ਦੀ ਸ਼ਰਤ ਐ ਬਈ ਜੇ ਘਰ-ਜ਼ਮੀਨ ਵੰਡਾਊ ਤਾਂ ਤੋਰਾਂਗੇ ਅਸੀਂ ਅਵਦੀ ਧੀ। ...ਊਂ ਯਾਰ, ਮੈਂ ਇਕ ਗੱਲ ਕਹਿਨੈਂ। ਮੰਨੇਗਾ ਤੂੰ ਤਾਂ ਗੁੱਸਾ ਈ। ਬਈ ਭਰਜਾਈ ਤਾਂ ਤੇਰੀ ਤੇਰੇ ਪਰਛਾਵੇਂ ਤੋਂ ਤ੍ਰਹਿੰਦੀਐ। ਫੇਰ ਤੂੰ ਕਾਹਦੇ ਪਿੱਛੇ ਉਨ੍ਹਾਂ ਦਾ ਗੋਹਾ-ਕੂੜਾ ਕਰਦਾ ਫਿਰੇਂ? ਪਹਿਲਾਂ ਊਂ ਜਿੰਨਾ ਚਿਰ ਬਗਾਨੇ ਪੁੱਤਾਂ ਦਾ ਚੌਕੀਦਾਰਾ ਕਰਦਾ ਰਿਹਾ, ਸਭ ਇਨ੍ਹਾਂ ਦੀ ਝੋਲ਼ੀ ਪਾਉਂਦਾ ਰਿਹਾ। ਜ਼ਮੀਨ ਜੈਦਾਤ ਆਲ਼ੈਂ, ਬੰਦੇ ਨੂੰ ਕੁਸ਼ ਅਵਦੀ ਕਦਰ ਪਵਾਉਣੀ ਚਾਹੀਦੀ... *ਸਾਹਮਣੇ ਕਿਸੇ ਨੂੰ ਆਉਂਦੇ ਵੇਖ ਕੇ ਰੁਕ ਜਾਂਦਾ ਹੈ* ...ਲੈ ਤੇਰੇ ਆਲੀ ਭਰਜਾਈ ਸੀਤ ਕੁਰ ਆਉਂਦੀ ਐ। ਮੈਂ ਚਲਦੈਂ। ਮੈਂ ਤਾਂ ਰੋਟੀਆਂ ਵੀ ਥੱਪਣੀਐਂ ਅਜੇ। ਤੂੰ ਹੋਰ ਕਰ ਲੈ ਮਨ ਨਾਲ਼ ਸਲਾਹ ਮਸ਼ਵਰਾ। ਜੇ ਮਨ ਬਣੇਂ ਤਾਂ ਦੱਸਦੀਂ ਇਕ ਦੋ ਦਿਨਾਂ ਤੱਕ। ਕੋਈ ਕਾਹਲ਼ੀ ਨੀਂ।

*ਚਲਿਆ ਜਾਂਦਾ ਹੈ। ਥੋੜ੍ਹੇ ਚਿਰ ਪਿਛੋਂ ਬਾਲਟੀ ਲਈ ਸੀਤੋ ਆਉਂਦੀ ਹੈ। ਉਹ ਜਾਂਦੇ ਰੌਣੀ ਨੂੰ ਵੇਖ ਲੈਂਦੀ ਹੈ।*

ਸੀਤੋ : *ਰੌਣੀ ਵਾਲੇ ਪਾਸੇ ਅੱਖਾਂ ਗੱਡ ਕੇ ਚੋਭ ਭਰੇ ਲਹਿਜ਼ੇ ਵਿਚ* ਕਿਵੇਂ ਕਈ ਦਿਨਾਂ ਦਾ ਰੌਣੀ ਬਾਹਲੇ-ਈ ਗੇੜੇ ਮਾਰਦੈ ਲੱਭੇ ਦੇ ਤਾਇਆ, ਖ਼ੈਰ ਐ?

ਲੱਛਾ : *ਚੋਭ ਮਹਿਸੂਸ ਕਰਦਾ ਹੋਇਆ* ਕਿਉਂ ਬੁਰਾ ਲਗਦੈ ਰੌਣੀ ਗੇੜੇ

ਮਾਰਦਾ ? ਹੁਣ ਮੇਰੇ ਕੋਲ ਆਉਂਦੇ ਜਾਂਦੇ ਬੰਦੇ ਵੀ ਨੀਂ ਝੱਲੀਂ-ਦੇ। ਮੈਂ ਲਗਦਾ ਨੀਂ ਕੁਸ਼ ਇਸ ਘਰ ਦਾ ?

ਸੀਤੋ : ਤੂੰ ਤਾਂ ਸਿੱਧੀ ਨੂੰ ਵੀ ਪੁੱਠੀ ਪਾ ਲੈਨੈਂ! ਮੈਂ ਤੈਨੂੰ ਕਿਹੈ ਬਈ ਤੂੰ ਲਗਦਾ ਨੀਂ ਕੁਸ਼ ਇਸ ਘਰ ਦਾ ?

ਲੱਛਾ : ਫੇਰ ਰੌਣੀ ਦੇ ਗੇੜੇ ਕਿਉਂ ਪਰਖੀਂ- ਦੇ ਐ ?

ਸੀਤੋ : ਚੰਗਾ ਐਵੇਂ ਨਾ ਝੱਜੂ ਪਾ ਕੇ ਬਹਿ-ਜੀਂ! ਜੇ ਸਬੈਕੀ ਪੁੱਛ ਲਿਆ ਤਾਂ ਲੋਹੜਾ ਤਾਂ ਨੀਂ ਆ ਗਿਆ ?

ਲੱਛਾ : *ਜਿਵੇਂ ਲੜਨਾ ਹੀ ਚਾਹੁੰਦਾ ਹੋਵੇ* ਝੱਜੂ ਤਾਂ ਮੈਂ ਆਪੇ-ਈ ਪਾਉਣਾ ਸੀ! ਸੀਲ ਗਊ ਥਿਆ ਗਿਆ ਨਾ ਮੈਂ ਥੋਨੂੰ ਦੋਆਂ ਜੀਆਂ ਨੂੰ...

ਸੀਤੋ : ਤੈਨੂੰ ਤਾਂ ਬਸ ਲੜਨ ਦਾ ਬਹਾਨਾ ਚਾਹੀਦੈ ਕੋਈ ਨਾ ਕੋਈ! ਗੱਲ ਕਿਤੇ ਦੀ ਹੁੰਦੀਐ, ਲੈ ਆਉਨੈਂ ਮੋੜ ਘੋੜ ਕੇ ਲੜਾਈ ਆਲ਼ੀ ਥਾਂ 'ਤੇ!

ਲੱਛਾ : ਮੈਂ ਤਾਂ ਲਿਆਉਣੀ ਸੀ ਗੱਲ ਲੜਾਈ ਆਲ਼ੀ ਥਾਂ 'ਤੇ ? ਜੇ ਆਰਾਂ ਮਾਰੋਂਗੇ ਤਾਂ ਪੀੜ ਨੀ ਹੋਊ ਅਗਲੇ ਨੂੰ ?

ਸੀਤੋ : ਫੇਰ ਮੇਰੇ ਨਾਲ਼ ਕਿਉਂ ਆਢਾ ਲਾਇਐ! ਲੜਨੈਂ ਤਾਂ ਲੜ ਲੜਨ ਆਲ਼ੇ ਨਾਲ਼! ਮੈਨੂੰ ਵੱਧ-ਘੱਟ ਬੋਲਿਐ ਤਾਂ ਅਵਦਾ ਪੜ੍ਹਿਆ ਆਪ ਵਚਾਰ ਲੀਂ!

ਲੱਛਾ : ਆਵਦਾ ਪੜ੍ਹਿਆ ਤਾਂ ਮੈਂ ਜੋ ਵਚਾਰਨਾ ਸੀ ਵਚਾਰ ਲਿਆ! ਮੈਂ ਤਾਂ ਸੋਚਦਾ ਸੀ 'ਚਲੋ ਜਾਣ ਦਿਉ, ਜਾਣ ਦਿਉ!' ਪਰ ਲਗਦੈ ਤੁਸੀਂ ਹਟਦੇ ਨੀ ਪੰਜੀਂ ਦਾ ਭਉਣ ਵੇਖੇਂ ਬਿਨਾਂ ?

ਸੀਤੋ : ਮੈਨੂੰ ਸਭ ਚਾਨਣ ਐਂ ਜਿਹੜੀ ਤੇਰੇ ਢਿੱਡ 'ਚ ਬੇਈਮਾਨੀ ਐਂ! ਜਿਹੜੀਆਂ ਤੇਰੇ ਢਿੱਡ 'ਚ ਐ, ਉਹ ਮੇਰੇ ਨਹੁੰਆਂ 'ਚ ਐ! ਮੈਂ ਕਮਲ਼ੀ ਨੀਂ ਤੁਰੀ ਫਿਰਦੀ ? ਪਰ ਜਿਹੜੀ ਤੂੰ ਚਾਹੁੰਨੈਂ, ਹੋਣ ਮੈਂ ਵੀ ਨੀਂ ਦਿੰਦੀ! ਮੈਂ ਵੀ ਜਨਕਪੁਰੀਏ ਗਿਆਨੀ ਜਨਕ ਸੂੰ ਦੀ ਧੀ ਐਂ, ਭੰਬੂ-ਤਾਰੇ ਨਾ ਵਖਾ-ਤੇ ਮੈਨੂੰ ਜੱਗ ਨੇ ਸੀਤੋ ਨੀ ਕਹਿਣਾ!

ਲੱਛਾ : ਜਨਕਪੁਰੀਏ ਗਿਆਨੀ ਜਨਕ ਸਿਉਂ ਦੀ ਧੀ ਐ ਇਹ ਪਟਿਆਲੇ ਆਲੀ ਰਾਣੀ! ਜਨਕ ਸਿਉਂ ਨੇ ਤਾਂ ਫੇਰ ਪੁੰਨ ਦੀ ਵਿਆਹੀ ਹੋਵੇਂਗੀ ? ਰੁਪਈਆਂ ਲਈ ਝੋਲ਼ੀ ਕਿਉਂ ਅੱਡੀਂ ਖੜ੍ਹਾ ਸੀ ਉਦੋਂ 'ਜਨਕ ਸਿਉਂ ?'

ਸੀਤੋ : *ਕਪੜਿਓਂ ਬਾਹਰ ਹੁੰਦੀ ਹੋਈ* ਹੋਰ ਥੋਨੂੰ ਨੰਗਾਂ ਨੂੰ ਘੋੜੀ-ਜੋੜੀ ਦਿੰਦਾ ? ਸੰਗ ਮੰਨੋ ਕੁਸ਼ ਸੰਗ! ਓਦੋਂ ਤਾਂ ਵਚੋਲਿਆਂ ਦੇ ਪੈਰੀਂ ਪੱਗ ਧਰਦੇ ਫਿਰਦੇ ਸੀ!?

ਲੱਛਾ : ਪੈਰੀਂ ਪੱਗਾਂ ਧਰਨ ਵਾਲਾ ਧਰਦਾ ਹੋਊ ਪੈਰੀਂ ਪੱਗ! ਮੈਨੂੰ, ਮੇਰੇ ਮੂੰਹ 'ਚੋਂ ਕੁਸ਼ ਹੋਰ ਨਿਕਲਦਾ ਸੀ, ਕੀ ਲੋੜ ਸੀ ਪੈਰੀਂ ਪੱਗ ਧਰਨ ਦੀ!?

ਸੀਤੋ : ਮੂਹਰੇ ਤਾਂ ਤੂੰ-ਹੀ ਫਿਰਦਾ ਸੀ ਪੂਛ ਚੱਕੀਂ! ਅਖੇ 'ਕਿਵੇਂ ਕਰ

ਨੰਜਨਾ! ਮੈਂ ਤਾਂ ਬੱਜੋ-ਬੱਤੈਂ, ਮੈਨੂੰ ਤਾਂ ਕਿਸੇ ਨੇ ਧੀ ਦੇਣੀ ਨੀ! ਮੇਰੇ ਛੋਟੇ ਭਾਈ ਨੂੰ ਕਰਾ ਸਾਕ!'

ਲੱਛਾ : ਫੇਰ ਮੈਂ ਮਾੜਾ ਕਰ-ਤਾ ਕੋਈ? ਅਵਦਾ ਅੱਗਾ ਮਾਰ ਕੇ ਤੇਰੇ ਖਸਮ ਦਾ ਈ ਸਵਾਰਿਆ ਸੀ ਕੁਸ਼?

ਸੀਤੋ : ਮੇਰੇ 'ਤੇ ਵੀ ਫੇਰ ਕੀ 'ਸਾਨ ਐ।? 'ਸਾਨ ਹੋਊ, ਸਰਦਾਰ ਜੀ ਤਾਂ ਹੋਊ ਤੇਰੇ ਭਾਈ ਨੂੰ! ਮੈਨੂੰ ਤਾਂ ਮੇਰੇ ਪਿਉ ਨੇ ਰਾਮ ਦੇ ਲੜ ਲਾਇਐ, ਰਾਮ ਦੀ ਬਣ ਕੇ ਰਹੂੰ! ਤੂੰ ਮੇਰਾ ਕੁਸ਼ ਨੀ ਲਗਦਾ! ਮੇਰਾ ਤਾਂ ਸ਼ਰੀਕ ਐਂ ਤੂੰ! ਮੈਂ ਨੀਂ ਤੇਰੀ ਧੌਂਸ ਝਲਦੀ! ਮੈਨੂੰ ਮੰਦਾ ਚੰਗਾ ਬੋਲਿਆ ਤਾਂ ਮੈਂ ਪਾੜ ਕੇ ਵਚਾਲਿਉਂ ਦੋ ਕਰ ਦੂੰ! ਸਮਝਿਆ ਮੇਰੀ ਗੱਲ?

ਲੱਛਾ : *ਗੁੱਸੇ ਵਿਚ ਖੜ੍ਹਾ ਹੁੰਦਾ* ਲੈ ਫੇਰ ਮੇਰੀ ਵੀ ਸੁਣ ਲੈ 'ਰਾਜੇ ਜਨਕ' ਦੀਏ ਧੀਏ! ਕੁੱਤਾ ਬਣ ਕੇ ਮੈਂ ਵੀ ਨੀਂ ਰਹਿਣਾ ਏਸ ਘਰ 'ਚ! ਕਹਿਦੀਂ ਨਾਲ਼ੇ ਉਸਨੂੰ ਜੀਹਦੇ ਤੂੰ ਲੜ ਲਾਈ ਐਂ ਤੇਰੇ ਨਗੌਰੀ ਬਾਪ ਨੇ! *ਜਾਂਦਾ ਜਾਂਦਾ* ਮੈਂ ਵੀ ਨਿੱਤ ਨਿੱਤ ਦੇ ਕੁੱਤੀ-ਚੀਕੇ ਤੋਂ ਤੰਗ ਆਇਆ ਪਿਐਂ! *ਚੱਲਿਆ ਜਾਂਦਾ ਹੈ।*

ਸੀਤੋ : *ਜਾਂਦੇ ਨੂੰ ਸੁਣਾਉਂਦੀ ਹੋਈ* ਮਖੈਂ ਤੂੰ ਪੈਰ ਤਾਂ ਪਵਾ ਕੇ ਵਖਾਈਂ ਘਰ 'ਚ ਉਸ ਭਾਈਆਂ-ਪਿੱਟੀ ਸੂਫਨਕਾ ਦਾ, ਜਿਹਦੇ ਸਿਰ 'ਤੇ ਨਿੱਤ ਕੰਜਰਖਾਨਾ ਕਰ ਕੇ ਬਹਿ ਜਾਨੈਂ! ਸਣੇ ਹੱਡੀਆਂ ਨਾ ਚੱਬ-ਜੈਂ ਮੇਰੇ ਪਿਉ ਦੀ ਰੰਨ ਨੂੰ!

ਲੱਛਾ : *ਬਾਹਰੋਂ ਹੀ ਚਣੌਤੀ ਭਰੇ ਲਹਿਜ਼ੇ ਵਿਚ* ਮਖੈਂ ਜਮਾਂ ਹਿੱਕ 'ਤੇ ਦੀਵਾ ਬਾਲੂੰ ਹਿੱਕ 'ਤੇ! ਤੂੰ ਧੀਰਜ ਕਰ ਕੁਸ਼ ਦਿਨ! ਸਾਰਾ ਜੋਧਪੁਰ ਦੇਖੂ ਕੀ ਰਾਮ ਲੀਲ੍ਹਾ ਹੁੰਦੀਐ!

ਸੀਤੋ : *ਆਪਣੇ ਆਪ ਨਾਲ਼* ਹਿੱਕ ਤੇ ਦੀਵਾ ਬਾਲੂ ਇਹ ਮੰਦਰਾਂ ਆਲ਼ਾ ਦਸੌਂਧਾ! ਕਿਥੇ ਕੰਜਰ ਜੱਟ ਨੇ ਬਸ਼ਰਮੀ 'ਤੇ ਲੱਕ ਬੰਨ੍ਹਿਐ! ਸੰਗ ਨਾ ਸ਼ਰਮ! ਅਖੇ, 'ਜੀਹਦੀ ਲਹਿ-ਗੀ ਲੋਈ, ਉਹਦਾ ਕੀ ਕਰੂਗਾ ਕੋਈ!'

*ਝਲਾਨੀ 'ਚ ਚਲੀ ਜਾਂਦੀ ਹੈ। ਉਧਰੋਂ ਰਾਮ ਆਉਂਦਾ ਹੈ। ਉਸ ਦੇ ਹੱਥ ਵਿਚ ਕਹੀ ਹੈ। ਇਕ ਹੱਥ ਗਾਜਰਾਂ ਵੀ ਹਨ।*

ਰਾਮ : *ਸੀਤੋ ਨੂੰ ਬਾਹਰ ਆਉਂਦਾ ਵੇਖ ਕੇ* ਲੈ ਬਈ ਸੀਤ ਕੁਰੇ! ਪਾਣੀ ਲਾਉਣ ਆਲ਼ੇ ਤਾਂ ਕੜਿੱਲ ਕੱਢ 'ਤੇ! ਉਧਰੋਂ ਨਾਲ਼ ਛੱਡ-ਤੀ, ਉਧਰੋਂ ਛੱਡ-'ਤਾ ਬੋਰ। ਨਾਲ਼ੇ ਮਿਰਚਾਂ, ਨਾਲ਼ੇ ਇੱਖ, ਅਹੁ ਮਾਰੇ ਪਰਾਂਹ ਗਮਾਂ ਕੇ! ਲਿਆ ਜੇ ਰੋਟੀ ਤਿਆਰ ਐ, ਉਹਲੇ ਆਲ਼ਾ ਵੀ ਕਰਾਂ ਇਕ ਪਾਸਾ। ਫੇਰ ਈ ਜਾਊਂ ਚੋਣੀਆਂ ਨੂੰ ਕਹਿਣ।

ਸੀਤੋ : *ਖਿਝੇ ਲਹਿਜੇ ਵਿਚ* ਹਾਲੇ ਕਿਥੋਂ ਲਾਹ ਲੇ ਮੰਨ? ਅਜੇ ਹੁਣ ਤਾਂ ਸੰਨ੍ਹੀ ਰਲਾ ਕੇ ਆਈ- ਐਂ ਬਾਹਰਲੇ ਘਰੋਂ?

ਰਾਮ : *ਮਖ਼ੌਲ ਵਿਚ* ਬਚ ਕੇ! ਐਂਇੰ ਕਿਉਂ ਟੀਟਣੇ ਮਾਰਦੀ ਐਂ?

ਸੀਤੋ : *ਗੁੱਸੇ ਵਿਚ* ਅਜੇ ਟੀਟਣੇ ਮਾਰਾਂ ਈਂ ਨਾ? ਅਹੁ ਜਿਹੜਾ ਘਰੋਂ ਭਰਿੰਡਾਂ ਦਾ ਛੱਤਾ ਲਾ ਰਖਿਐ, ਉਹ ਰਹਿਣ ਦਿੰਦੈ ਟੀਟਣੇ ਮਾਰੇ ਬਿਨ੍ਹਾਂ?

ਰਾਮ : ਕਿਵੇਂ ਅੱਜ ਫੇਰ ਛੇੜ ਲਿਆ ਸੀ ਭਰਿੰਡਾਂ ਦਾ ਛੱਤਾ? ਲੜੀ ਤਾਂ ਲਗਦੀ ਐ- ਕੋਈ ਭਰਿੰਡ!?

ਸੀਤੋ : ਮੈਂ ਜੁੱਤੀਆਂ ਮਾਰ ਕੇ ਸੁਰਤ ਨਾ ਟਿਕਾਣੇ ਲਿਆ-ਦੂੰ! ਮੇਰੇ ਲੜ-ਜੂ ਭਰਿੰਡ?

ਰਾਮ : ਫੇਰ ਤੜਿੰਗ ਕਿਹੜੀ ਗੱਲੋਂ ਹੋਈਐ ਮੇਰੀ ਸੀਤਾ? ਨਾ ਸੱਚੀਂ,. ਹੋ ਗਿਆ ਸੀ ਖੜਕ-ਦੜਕਾ?

ਸੀਤੋ : ਖੜਕਾ-ਦੜਕਾ ਮੈਂ ਕਰਦੀ ਐਂ. ਕਿ ਉਹ? ਮੈਂ ਬੁਲਾਵਾਂ ਨਾ ਚਲਾਵਾਂ ਨਾ ਉਹਨੂੰ ਸੜੇਹਾਣ ਨੂੰ, ਫਿਰ ਕਿਉਂ ਨਿੱਤ ਕਲੇਸ਼ ਕਰਕੇ ਬਹਿ ਜਾਂਦੈ?

ਰਾਮ : *ਸੰਕੇਤਕ ਸੁਰ ਵਿਚ ਮੁਸਕ੍ਰਾਉਂਦਾ ਹੋਇਆ* ਤੂੰ 'ਬੁਲਾ-ਚਲਾ' ਲਿਆ ਕਰ ਉਹਨੂੰ! ਆਪੇ ਹਟ-ਜੂ ਕਲੇਸ਼ ਕਰਨੋਂ।

ਸੀਤੋ : ਤੈਨੂੰ ਸ਼ਰਮ ਨੀਂ ਆਉਂਦੀ ਏਹੀ-ਜੀ ਗੱਲ ਮੂੰਹੋਂ ਕੱਢਦੇ ਨੂੰ? ਮੈਂ ਲੜ ਤੇਰੇ ਲਾਈਐਂ ਮੇਰੇ ਬਾਪ ਨੇ ਕਿ ਉਹਦੇ?

ਰਾਮ : ਉਇ ਜੱਟਾਂ ਦੇ ਕਾਹਦੇ ਲੜ ਹੁੰਦੇ ਐ ਸੀਤ ਕੁਰੇ। ਅਖੇ 'ਜੱਟ ਜੱਟਾਂ ਦੇ ਸਾਲ਼ੇ, ਵਿੱਚੇ ਘਾਲ਼ੇ-ਮਾਲ਼ੇ।'

ਸੀਤੋ : ਘਾਲ਼ਿਆ-ਮਾਲ਼ਿਆਂ ਦਾ ਤਾਂ ਮੈਨੂੰ ਪਤਾ ਨੀਂ! ਪਰ ਇਕ ਗੱਲ ਮੈਂ ਤੈਨੂੰ ਜਮਾਂ ਸਾਫ਼ ਦੱਸ ਦਿੰਨੀਐਂ, ਮੈਂ ਇਸ ਜੱਟ ਨੂੰ ਆਵਦੇ ਮੰਜੇ ਦੀ ਬਾਹੀ 'ਤੇ ਨੀਂ ਬੈਠਣ ਦੇਣਾ! ਸਮਝਿਆ ਮੇਰੀ ਗੱਲ?

ਰਾਮ : *ਹਾਲੀ ਵੀ ਮਖੌਲ ਨਾਲ਼* ਕਿਉਂ?

ਸੀਤੋ : ਬਸ ਤੈਨੂੰ ਦੱਸ-ਤਾ ਬਈ ਤੀਵੀਂ ਬਣ ਕੇ ਰਹੂੰ ਤਾਂ ਤੇਰੀ, ਨਹੀਂ ਤਾਂ ਸਾਧਨੀ ਬਣ ਜੂੰ?

ਰਾਮ : ਸਾਧਨੀ ਬਣ ਕੇ ਐਵੇਂ ਕਿਸੇ ਸਾਧ ਸੰਤ ਦੀ ਤਪੱਸਿਆ ਭੰਗ ਕਰਦੀ ਫਿਰੇਂਗੀ, ਏਦੂੰ ਤਾਂ ਘਰ-ਗ੍ਰਹਿਸਥ ਦੀ ਤਪੱਸਿਆ ਪਰਵਾਨ ਕਰ ਲੈ!

ਸੀਤੋ : ਇਹ ਤਪੱਸਿਐ, ਕੰਜਰਖਾਨਾ?

ਰਾਮ : ਗ੍ਰਹਸਥੀ ਲਈ ਤਪੱਸਿਆ, ਸਾਧਾਂ-ਸੰਤਾਂ ਲਈ ਕੰਜਰਖਾਨਾ!

ਸੀਤੋ : ਮੈਂ ਰੱਜੀ-ਤਿਆਝੀ ਇਸ ਤਪੱਸਿਆ ਤੋਂ।

ਰਾਮ : *ਗੰਭੀਰ ਹੁੰਦਾ* ਲਗਦੈ ਤੂੰ ਜੁਆਕ ਭੁੱਖੇ ਮਾਰੇਂਗੀ!

ਸੀਤੋ : ਕਿਉਂ, ਮੈਂ ਕਿਉਂ ਮਾਰੂੰ ਜੁਆਕ ਭੁੱਖੇ?

ਰਾਮ : ਅਵਦੀ ਬੇਅਕਲੀ ਕਰਕੇ!

ਸੀਤੋ : ਮੇਰੀ ਬੇਅਕਲੀ ਕਰਕੇ? ਅਵਦੇ ਧਰਮ ਨੂੰ ਕਾਇਮ ਰੱਖਣਾ ਬੇਅਕਲੀ ਲਗਦੈ ਤੈਨੂੰ?

ਰਾਮ : ਬੇਅਕਲੀ ਨੀਂ ਤਾਂ ਹੋਰ ਕੀ ਐ? ਲਛਮਣ ਨੂੰ ਅੱਡ ਕਰ ਬੈਠੇਂਗੀ। ਜ਼ਮੀਨ ਦੇ ਰਹਿ ਜਾਣਗੇ ਛੀ ਕੀਲੇ। ਕੁੜੀ ਵਿਆਉਣ ਆਲ਼ੀਐ,

ਦੋ ਮੁੰਡੇ ਐ। ਕੌਣ ਦਿਊ ਛੇ ਕੀਲਿਆਂ ਦੇ ਸਿਰ 'ਤੇ ਤੇਰੇ ਸਾਹਿਬਜ਼ਾਦਿਆਂ ਨੂੰ ਅਵਦੀਆਂ ਧੀਆਂ?

ਸੀਤੋ : ਨਹੀਂ ਦਿੰਦਾ ਤਾਂ ਨਾ ਦਏ! ਪਰ ਮੈਂ ਅਵਦੀ ਦੇਹ ਨੀਂ ਜੂਠੀ ਕਰਨੀ!

ਰਾਮ : ਨਾ ਕਰ! ਪਰ ਜਿੱਦੇਂ ਤੇਰੇ ਮੁੰਡੇ ਗੱਭਰੂ ਹੋ-ਗੇ ਵਿਆਹੁਣ ਜੋਗੇ, ਉਦੋਂ ਤੈਨੂੰ ਪਤਾ ਲਗੂ ਬਈ ਜ਼ਮੀਨ-ਜਾਇਦਾਦ ਕੀ ਹੁੰਦੀਐ ਜੱਟ ਦੇ ਪੁੱਤ ਲਈ!

ਸੀਤੋ : ਤੂੰ ਵੀ ਤਾਂ ਵਿਆਹਿਆ ਈ ਗਿਆ ਸੀ? ਜਿਵੇਂ ਤੂੰ ਮੈਨੂੰ ਵਿਆਹ ਲਿਆਇਆ ਓਵੇਂ ਮੇਰੇ ਪੁੱਤ ਵਿਆਹੇ ਜਾਣਗੇ?

ਰਾਮ : ਮੇਰੀ ਗੱਲ ਹੋਰ ਸੀ। ਇਕ ਤਾਂ ਮੈਨੂੰ 'ਕੱਲੇ ਨੂੰ ਛੀ ਕੀਲੇ ਆਉਂਦੇ ਸੀ ਭੋਇੰ ਦੇ, ਦੂਜੇ ਲਛਮਣ ਨੇ ਮੇਰੀ ਖ਼ਾਤਰ ਕੁਰਬਾਨੀ ਕੀਤੀ। ਚਾਹੁੰਦਾ ਤਾਂ ਉਹ ਵੀ ਕੋਈ ਅੰਨ੍ਹੀ-ਕਾਣੀ ਵਿਆਹ ਲੈਂਦਾ। ਪਰ ਉਸ ਨੇ ਮੇਰੇ ਵਿਆਹ ਵਿਚ ਈ ਅਵਦੀ ਖ਼ੁਸ਼ੀ ਸਮਝੀ।

ਸੀਤੋ : ਕੁਰਬਾਨੀ ਕੀਤੀ ਸੀ, ਉਹਨੂੰ ਸਿਰੇ ਵੀ ਲਾਵੇ! ਫੇਰ ਹੁਣ ਕਿਉਂ ਟੀਟਣੇ ਮਾਰਦੈ?

ਰਾਮ : ਅਵਦੇ ਕੀਤੇ ਦੀ ਕਦਰ ਤਾਂ ਹਰ ਬੰਦਾ ਚਾਹੁੰਦੈ, ਸੀਤ ਕੁਰੇ। ਤੂੰ ਉਹਨੂੰ ਹੱਸ ਕੇ 'ਰੋਟੀ' ਦੇਵੇਂ, ਫੇਰ ਕਾਹਨੂੰ ਮਾਰੇ ਉਹ ਟੀਟਣੇ?

ਸੀਤੋ : ਰੋਟੀ ਤੋਂ ਮੈਂ ਉਹਨੂੰ ਕਦੋਂ ਜਵਾਬ ਦਿੱਤੈ? ਪਰ ਮੈਂ ਅਵਦੇ ਧਰਮ 'ਚ ਭੰਗਣਾ ਨੀਂ ਪੈਣ ਦੇਣੀ!

ਰਾਮ : ਇਹਨਾਂ ਧਰਮਾਂ ਦੇ ਗਧੀ-ਗੇੜ 'ਚ ਕਿਉਂ ਪੈਨੀ ਐਂ ਸੀਤ ਕੁਰੇ? ਇਹ ਤਾਂ ਵੱਡੇ ਬੰਦਿਆਂ ਦੀ ਸਮਝ 'ਚ ਆਉਣ ਆਲ਼ੀਆਂ ਗੱਲੈਂ!

ਸੀਤੋ : ਚੰਗਾ ਸਰਾਪ ਐ ਇਹ!

ਰਾਮ : ਠੀਕ ਐ ਤੇਰੀ ਗੱਲ। ਜੱਟ ਕੋਲ ਥੋੜ੍ਹੀ ਜ਼ਮੀਨ ਹੋਣਾ ਈ ਸਰਾਪ ਐ!

ਸੀਤੋ : ਪਰ ਮੇਰਾ ਮਨ ਨੀ ਮੰਨਦਾ ਇਹਨਾਂ ਗੱਲਾਂ ਨੂੰ!

ਰਾਮ : ਮੰਨੇ ਚਾਹੇ ਨਾ ਮੰਨੇ। ਪਰ ਜਿਹੜੇ ਰਾਹ ਲਛਮਣ ਪੈਣ ਲੱਗਿਐ, ਉਸ ਰਾਹ ਤੋਂ ਤੂੰ ਹੀ ਮੋੜ ਸਕਦੀਐਂ ਉਸਨੂੰ। ਜੇ ਉਸ ਨੇ ਕਿਸੇ ਗਏ-ਗੁਜ਼ਰੇ ਘਰ ਦੀ ਲਿਆ ਕੇ ਤੇਰੀ ਸ਼ਰੀਕਣੀ ਬਣਾ-ਤੀ ਬਰੋਬਰ ਦੀ, ਤਾਂ ਤੈਨੂੰ ਈ ਔਖਾ ਹੋ ਜੂ!

ਸੀਤੋ : ਤੇਰਾ ਮਤਲਬ ਐ ਮੈਂ ਆਪਣੀ ਕੰਚਨ ਦੇਹੀ ਨੂੰ ਦਾਗ਼ ਲਾ ਲਵਾਂ? ਨਈਂ ਮੈਥੋਂ ਇਹ ਨਹੀਂ ਹੋਣਾ!

ਰਾਮ : ਜਿਵੇਂ ਤੇਰੀ ਰੂਹ ਮੰਨੇ ਕਰ। ...ਲੈ ਲਛਮਣ ਆਉਂਦੈ। ਤੂੰ ਅੰਦਰ ਜਾ ਕੇ ਰੋਟੀਆਂ ਥੱਪ। ਖਾ ਕੇ ਈ ਕੱਲ੍ਹ ਆਸਤੇ ਚੋਣੀਆਂ ਨੂੰ ਕਹਿਣ ਜਾਊਂ। ਨਾਲ਼ੇ ਗਰਮੀ 'ਚ ਐਵੇਂ ਕੋਈ ਠੰਢੀ-ਤੱਤੀ ਨਿਕਲ ਜਾਂਦੀ ਐ ਮੂੰਹੋਂ। ਮੈਂ ਤਹੰਮਲ ਨਾਲ਼ ਕਰੂੰ ਗੱਲ ਇਹਦੇ ਨਾਲ਼।

ਸੀਤੋ : *ਅੰਦਰ ਜਾਂਦੀ* ਗੱਲ ਭਾਵੇਂ ਲੱਖ ਕਰ ਲੀਂ! ਪਰ ਮੈਨੂੰ ਅਗਨ-ਪ੍ਰੀਖਿਆ ਵਿਚ ਨਾ ਪਾਈਂ!

*ਚਲੀ ਜਾਂਦੀ ਹੈ। ਥੋੜ੍ਹੇ ਚਿਰ ਪਿੱਛੋਂ ਲਛਮਣ ਆਉਂਦਾ ਹੈ। ਰਾਮ ਨਾਲ਼ ਬਿਨਾਂ ਗੱਲ ਕੀਤਿਆਂ ਮੰਜਾ ਪਰਾਂਹ ਘਸੀਟ ਕੇ ਪੈ ਜਾਂਦਾ ਹੈ। ਰਾਮ ਹੌਲ਼ੀ ਹੌਲ਼ੀ ਉਹਦੇ ਮੰਜੇ ਕੋਲ ਜਾਂਦਾ ਹੈ।*

ਰਾਮ : ਕਿਵੇਂ ਬਾਈ ਚਿੱਤ ਢਿੱਲੈ ਕੁਸ਼ ? *ਲਛਮਣ ਦੇ ਜਵਾਬ ਨਾ ਦੇਣ 'ਤੇ ਉਸਦੇ ਮੰਜੇ ਦੀ ਪੈਂਦੀ ਬਹਿੰਦਾ ਹੋਇਆ* ਨਰਾਜ਼ਗੀ ਐ ਬਾਈ ਦੀ ਕੋਈ ?

ਲੱਛਾ : *ਪਿਆ ਪਿਆ ਹੀ ਰੋਸ ਵਿਚ* ਮੇਰੀ ਭਾਈ ਕਾਹਦੀ ਨਰਾਜ਼ਗੀ ਹੋਣੀ ਐ ? ਨਰਾਜ਼ਗੀ ਕੀਤਿਆਂ ਸਰਦੈ 'ਵੱਡੇ ਬੰਦਿਆਂ' ਨਾਲ਼ ?

ਰਾਮ : ਵੱਡੇ ਤਾਂ ਬਾਈ ਅਸੀਂ ਤੇਰੇ ਨਾਲ਼ ਈ ਐਂ। ਵੱਡਾ ਭਾਈ ਕਰੂ ਵੱਡੇ, ਤਾਂ ਹੀ ਹੋਵਾਂਗੇ ਵੱਡੇ ?

ਲੱਛਾ : ਵੱਡਿਆ ਨੂੰ ਹੋਰ, ਜਿਵੇਂ ਕਹਿੰਦੇ ਹੁੰਦੇ ਐ, ਮੈਂ ਥੋਨੂੰ ਰੱਬ 'ਤੇ ਚਾੜ੍ਹ ਦਿੰਦਾ ?

ਰਾਮ : ਅਸੀਂ ਤਾਂ ਫੇਰ ਬਾਈ ਹੱਥ-ਬੱਧ ਗ਼ੁਲਾਮ ਐਂ ਤੇਰੇ! ਸ਼ਾਬਾਸ਼ੇ ਤੇਰੀ ਜੀਹਨੇ ਮੇਰੀ ਖ਼ਾਤਰ ਐਨਾ ਕੁਸ਼ ਕੀਤਾ!

ਲੱਛਾ : ਮੈਂ ਤਾਂ ਬਹੁਤ ਕੁਸ਼ ਕੀਤਾ, ਪਰ ਕੀਤੇ ਨੂੰ ਕੋਈ ਸਮਝੇ ਵੀ ?

ਰਾਮ : ਨਈਂ ਬਾਈ ਤੈਨੂੰ ਵਹਿਮ ਐਂ। ਸੀਤੋ ਦਾ ਮਤਾ ਜ਼ਰੂਰ ਗਰਮ ਐਂ, ਉਂ ਦਿਲ ਦੀ ਨੀਂ ਉਹ ਮਾੜੀ।

ਲੱਛਾ : ਤਾਂ ਭਾਈ, ਜਿਵੇਂ ਕਹਿੰਦੇ ਹੁੰਦੇ ਐ, ਮੈਂ ਮਾੜਾ ਹੋਊਂ! ਹੋਰ ਦੱਸ ?

ਰਾਮ : ਨਹੀਂ ਤੈਨੂੰ ਕੌਣ ਮਾੜਾ ਕਹਿੰਦੈ ?

ਲੱਛਾ : *ਭੜਕ ਕੇ ਬੈਠਦਾ ਹੋਇਆ* ਮਾੜੇ ਨੂੰ ਹੋਰ ਤੁਸੀਂ ਮੈਨੂੰ ਖੰਡ ਘਿਉ ਪਾਉਨੇ-ਓਂ ? ਮੇਰੇ ਨਾਲ਼ ਰਾਮ ਸਿਆਂ ਸਰਦਾਰਾ ਜਿਹੜੀ ਨਿੱਤ ਕੁਤੇ-ਕੁਤੇ ਹੁੰਦੀਐ, ਮੈਂ ਈ ਜਾਣਦੈਂ! ਮੈਂ ਕੁੱਤਾ ਨੀਂ, ਇਨਸਾਨ ਐਂ ਇਨਸਾਨ ? ਮੇਰੇ 'ਚ ਵੀ ਭਰਨ ਆਲ਼ੇ ਨੇ ਭੋਰਾ ਅਣਖ ਦਾ ਭਰਿਐ ? ਮੈਂ ਐਵੇਂ ਜੀ-ਜੰਤੂ ਨੀਂ ਤੁਰਿਆ ਫਿਰਦਾ ਧਰਤੀ 'ਤੇ ?

ਰਾਮ : ਜੀ-ਜੰਤੂ ਤੈਨੂੰ ਕੌਣ ਕਹਿੰਦੇ ਬਾਈ ? ਤੈਨੂੰ ਪਤੈ ਤੀਵੀਆਂ ਦੀ ਤਾਂ ਗਿੱਚੀ ਪਿੱਛੇ ਮੱਤ ਹੁੰਦੀ ਐ! ਤੀਵੀਂਆਂ ਮਗਰ ਲੱਗਣ ਲੱਗੇ ਬੰਦਾ ਤਾਂ ਆਥਣ ਨੂੰ ਨਾ ਵਢਾ ਕੇ ਮਰਵਾ ਦੇਣ ?

ਲੱਛਾ : ਤੀਵੀਂਆਂ ਨੂੰ ਜੇ ਸਿਰੇ ਚੜ੍ਹਾਉਨੇ ਐਂ ਤਾਂ ਈ ਵਢਾ ਕੇ ਮਾਰਦੀ ਐਂ!

ਰਾਮ : ਨਈਂ ਤੂੰ ਭਰਮ 'ਚ ਨਾ ਪੈ! ਮੈਂ ਤਾਂ ਬਥੇਰਾ ਆਖਦੈਂ ਸੀਤੋ ਨੂੰ ਬਈ ਤੇਰਾ 'ਖਿਆਲ' ਰੱਖਿਆ ਕਰੇ! ਪਰ ਉਹਦੀ ਸਮਝ ਈ ਥੋੜ੍ਹੀਐ, ਫੇਰ ਕੀ ਕਰੇ ਬੰਦਾ ਦੱਸ ?

ਲੱਛਾ : ਬੰਦਾ ਫੇਰ ਉਹਦੀਆਂ ਮੁੱਠੀਆਂ ਭਰਿਆ ਕਰੇ! ਹੋਰ ਕੀ ਕਰੇ ਬੰਦਾ ? ਗੱਲਾਂ ਵੇਖੋਂ ਉਇ ਲੋਕੋ ਕਿਹੋ ਜੀਆਂ ਕਰਦੈ! ਮੈਨੂੰ ਚਾਰਦੈ! ਮੈਂ ਖੋਤਾ ਨੀਂ ਸਰਦਾਰ ਰਾਮ ਸਿਆਂ! ਬੰਦੈਂ, ਬੰਦਾ! ਮੈਨੂੰ ਮੱਤ ਚਾਰ!

ਰਾਮ : *ਥੋੜ੍ਹਾ ਕਰੜਾ ਹੋ ਕੇ* ਚਾਰਦਾ ਮੈਂ ਨੀਂ ਬਾਈ, ਚਾਰਦੇ ਆਪਾਂ ਨੂੰ ਲੋਕ ਨੇ ਜਿਹੜੇ ਏਧਰ ਦੀਆਂ ਉਧਰ ਲਾ ਕੇ ਆਪਣੇ ਦੋਹਾਂ ਭਰਾਵਾਂ 'ਚ

ਪਾਟਕ ਪਾਉਂਦੇ ਐ!

ਲੱਛਾ : ਚੱਲ ਲੋਕ ਈ ਚਾਰਦੇ ਐ! ਜਿਵੇਂ ਕਹਿੰਦੇ ਹੁੰਦੇ ਐ, ਹੋਰ ਦੱਸ?

ਰਾਮ : ਮੈਂ ਕੀ ਦੱਸਣੈਂ? ਅਖੇ, 'ਅੱਗ ਲਾ ਕੇ ਡੱਬੂ ਕੁੱਤਾ ਕੰਧ 'ਤੇ।' ਲਾਉਣ ਆਲ਼ਿਆਂ ਨੇ ਤਾਂ ਸੀਖ਼ ਲਾਉਣੀ ਸੀ, ਲਾ-ਤੀ। ਹੁਣ ਮੱਚਾਂ ਗੇ ਤਾਂ ਆਪਾਂ ਦੋਵੇਂ ਭਾਈ?

ਲੱਛਾ : ਜਮਾਂ ਨੀ ਮਚਦੇ! ਤੂੰ ਆਵਦੀ ਸੇਕ, ਮੈਨੂੰ ਅਵਦੀ ਸੇਕਣ ਦੇ! ਮੱਚਾਂਗੇ ਤਾਂ, ਤਾਂ ਜੇ ਇਕ ਦੂਜੇ ਦਾ ਹੱਕ ਮਾਰਾਂਗੇ?

ਰਾਮ : ਹੱਕ ਜੇ ਲੈਣਾ ਸੀ ਤਾਂ ਲੈਣ ਵੇਲੇ ਲੈਂਦਾ ਬਾਈ! ਹੁਣ ਚਿੱਟੇ ਆਇਆ ਤੋਂ ਤੈਨੂੰ ਤੀਵੀਂ ਲਿਆਉਣ ਦੀ ਸੁਝ-ਗੀ?

ਲੱਛਾ : ਕਿਉਂ ਮੇਰੀ ਤੀਵੀਂ ਥੋਡੇ ਦੰਦੀਆਂ ਵੱਢੂ? ਮੇਰਾ ਜੀਅ ਨੀਂ ਕਰਦਾ ਅਵਦੀ ਜੜ ਅੱਗੇ ਵਧਾਉਣ ਨੂੰ?

ਰਾਮ : *ਥੋੜ੍ਹਾ ਢਿੱਲਾ ਪੈ ਕੇ* ਮੇਰੇ ਜੁਆਕ ਵੀ ਤਾਂ ਬਾਈ ਤੇਰੇ ਈ ਐ...

ਲੱਛਾ : ਕਿਉਂ ਮੇਰੇ ਕਿਵੇਂ ਐ? ਤੇਰੇ ਜੁਆਕ ਤੇਰੀ ਅਣਸ!

ਰਾਮ : ਆਪਣੇ ਖ਼ੂਨ ਦੇ ਤਾਂ ਨੀ?

ਲੱਛਾ : ਜਮਾਂ ਦੇ ਨੇ! ਖ਼ੂਨ, ਕਹਿੰਦੇ ਹੁੰਦੇ ਐ, 'ਸਮਝੇ' ਦਾ ਹੁੰਦੈ, ਥੋਡੇ ਆਂਗੂ ਗੱਲਾਂ ਨਾਲ਼ ਨੀਂ?

ਰਾਮ : ਤੇਰੀ ਮਰਜ਼ੀ ਐ ਬਾਈ, ਕਰਦਾ ਤੂੰ ਧੱਕੈਂ! *ਖੜ੍ਹਾ ਹੋ ਜਾਂਦਾ ਹੈ।*

ਲੱਛਾ : ਧੱਕਾ ਕਾਹਦਾ? ਅਵਦੇ ਪਿਉ-ਦਾਦੇ ਦੀ ਢੇਰੀ 'ਚੋਂ ਅੱਧ ਮੰਗਣ ਨੂੰ ਤੂੰ ਧੱਕਾ ਆਖਦੈਂ?

ਰਾਮ : ਧੱਕਾ ਨੀਂ ਹੋਰ ਕੀ ਐ? ਮੈਂ ਤੇਰੇ ਸਿਰ 'ਤੇ ਕਬੀਲਦਾਰੀ ਦਾ ਐਡਾ ਖਲਾਰਾ ਖਿਲਾਰ ਬੈਠਾਂ। ਹੁਣ ਤੂੰ ਅੱਡ ਹੋਣ ਦੀਆਂ ਗੱਲਾਂ ਕਰਨ ਲੱਗ ਪਿਐਂ! ਜੇ ਤੂੰ ਅੱਧ ਲੈ ਲਿਆ ਮੇਰੇ ਮੁੰਡਿਆਂ ਦਾ ਕੀ ਬਣੂੰ?

ਲੱਛਾ : ਨਈਂ ਬਣਦਾ ਤਾਂ ਨਾ ਬਣੇ! ਮੈਂ ਯਾਰ ਤੇਰੇ ਮੁੰਡਿਆਂ ਦਾ ਠੇਕਾ ਲਿਆ ਹੋਇਐ?

ਸੀਤੋ : *ਅੰਦਰੋਂ ਸ਼ੀਹਣੀ ਵਾਂਗ ਆਉਂਦੀ ਹੋਈ* ਨਈਂ ਲਿਆ ਹੋਇਆ ਤਾਂ ਨਾ ਲੈ! ਠੇਕਾ ਫੇਰ ਅਸੀਂ ਤੇਰਾ ਵੀ ਨੀਂ ਲਿਆ ਹੋਇਆ। ਬੈਠੇ-ਬਠਾਏ ਨੂੰ ਫੇਰ ਤੈਨੂੰ ਵੀ ਨੀਂ ਮਿਲਣੀਆਂ ਚੋਪੜੀਆਂ ਚਪੜਾਈਆਂ?

ਲੱਛਾ : ਮੈਨੂੰ ਨੀ ਲੋੜ ਤੇਰੀਆਂ ਦੋੜਾਂ ਦੀ!

ਰਾਮ : ਨਾ ਰਿਹਾ ਗਿਐ ਤੈਥੋਂ? ਕਿਵੇਂ ਭੱਜੀ ਆਈਐ ਸੂਈ ਕੁੱਤੀ ਆਂਗੂ ਬਊਂ-ਬਊਂ ਕਰਦੀ!

ਸੀਤੋ : ਤੂੰ ਐਵੇਂ ਨਾ ਇਹਦੇ ਮੂਹਰੇ ਗੀਂ-ਗੀਂ ਕਰੀਂ ਜਾਇਆ ਕਰ! ਇਹਦੀਆਂ ਕਰਤੂਤਾਂ ਦਾ ਮੈਨੂੰ ਪਤੈ! ਜੇ ਕੋਈ ਹੋਰ ਹੁੰਦੀ ਅੱਜ ਨੂੰ ਦਾੜ੍ਹੀ ਦਾ ਵਾਲ਼ ਵਾਲ਼ ਕਰ ਦਿੰਦੀ ਪੱਟ ਕੇ!

ਲੱਛਾ : *ਹੱਤਕ ਮਹਿਸੂਸ ਕਰਦਾ ਮੰਜੇ ਤੋਂ ਬੁੜ੍ਹਕਦਾ ਹੋਇਆ* ਦਾੜ੍ਹੀ ਪੱਟਣ ਆਲ਼ੇ ਦੀ... ਕੋਈ ਹੱਥ ਤਾਂ ਲਾ ਕੇ ਦੇਖੇ ਦਾੜ੍ਹੀ ਨੂੰ?

ਰਾਮ : *ਸੀਤੋ ਨੂੰ* ਉਇ ਕੀ ਸੱਪ ਲੜ ਗਿਆ ਤੈਨੂੰ?

ਲੱਛਾ : ਸੱਪ ਲੜਿਐ ਹੰਕਾਰ ਦਾ! ਹੋਰ ਇਸਨੂੰ...

ਸੀਤੋ : ਸੱਪ ਲੜੇ ਤੇਰੇ ਕਲਯੁਗੀ ਦੇ! ਜਿਹੜਾ ਵਿਹਲੜ ਢੱਠੇ ਆਂਗੂ ਭੂਸਰਿਆ ਫਿਰਦੈਂ?

ਲੱਛਾ : ਮੈਂ ਤਾਂ ਜਮਾਂ ਵਿਹਲੜ ਢੱਠਾ ਐਂ! ਭੁਸਰਿਆ ਫਿਰਦੈਂ! ਤੈਂ ਦਸ ਕੀ ਲੈਣੈਂ!

ਸੀਤੋ : ਮੈਂ ਤੇਥੋਂ ਕੀ ਲੈਣੈਂ ਜੱਗ-ਜਹਾਨ ਦੇ ਕੋਹੜੀ ਤੋਂ! ਮੈਂ ਤੇਰੇ ਅਰਗੇ ਛੱਤੀ ਸੌ ਨੂੰ ਨੱਥ ਪਾ ਕੇ ਵੇਚ ਆਵਾਂ ਜੈਤੋ ਦੀ ਮੰਡੀ ’ਤੇ!

ਰਾਮ : ਉਇ ਕਰਦੀ ਐਂ ਚੁੱਪ ਕਿ ਮੈਥੋਂ ਵੀ ਸੁਣਨੈਂ ਕੋਈ ਚਿਉਂਦਾ-ਚਿਉਂਦਾ ਸ਼ਲੋਕ?

ਲੱਛਾ : ਚੁੱਪ ਕਰਨ ਆਲ਼ੀ ਹੁੰਦੀ ਤਾਂ ਅੱਜ ਆਹ ਹਾਲ ਨੂੰ ਪੁੱਜੇ ਹੁੰਦੇ? ਚੁੱਪ ਕਰਨ ਆਲ਼ੇ ਦਿਨ ਤਾਂ ਜੰਮੀ ਨੀਂ ਮਾਂ ਨੇ! ਕੁੱਤੇ ਆਲ਼ੀ ਜ਼ਬਾਨ ਲੱਗੀ ਐ, ਭੌਂਕੀ ਜਾਂਦੀ ਐ ਜੋ ਮੂੰਹ ਆਉਂਦੈ!

ਸੀਤੋ : ਕੁੱਤੇ ਆਲ਼ੀ ਜਬਾਨ ਲੱਗੀਐ ਤੇਰੇ! ਬਸ਼ਰਮ ਜੱਟਾ, ਤੂੰ ਨਾ ਤਪਾ! ਜੇ ਮੈਂ ਸੱਚੀਆਂ ਸੱਚੀਆਂ ਸੁਣੌਂਣ ’ਤੇ ਆ-ਗੀ, ਖੜਨਾ ਔਖਾ ਹੋ-ਜੂ!

ਲੱਛਾ : ਲਾ ਲੈ ਦੂਸ਼ਣ ਜਿਹੜਾ ਲਾਉਣੈ ਧਰਤੀ ’ਚ ਗਰਕ ਹੋਣੀਏਂ! ਲਾ ਲੈ!

ਸੀਤੋ : ਗਰਕਿਆ ਹੋਇਆ ਤੂੰ! ਜਿਹੜਾ ਧੌਲ਼ੇ-ਝਾਟੇ ਠਰਕਿਆ ਫਿਰਦੈਂ! ਮੈਂ ਕਿਉਂ ਗਰਕੀ ਹੋਈ!

ਰਾਮ : ਉਇ ਹੁਣ ਤੂੰ ਸਾਨੂੰ ਭਰਾਵਾਂ ਨੂੰ ਟਕਰਾ ਕੇ ਈ ਸਾਹ ਲਏਂਗੀ ਨਹੀਂ ਟਲਦੀ ਫੇਰ?

ਸੀਤੋ : ਤੂੰ ਹੱਟ ਜਾ ਇਕ ਪਾਸੇ! ਅੱਜ ਮੈਨੂੰ ਇਸ ਜੱਟ ਨਾਲ਼ ਕਰ ਈ ਲੈਣ ਦੇ ਇਕ ਪਾਸਾ!

ਲੱਛਾ : ਪਾਸਾ ਤਾਂ ਇਕ ਹੋ ਗਿਆ ਫੇਰ! ਤੂੰ ਕੀ ਕਰੇਂਗੀ ਇਕ ਪਾਸਾ! ਕੰਨ ਖੋਹਲ ਕੇ ਸੁਣ ਲੋ ਦੋਵੇਂ ਤੀਵੀਂ-ਆਦਮੀ! ਤੜਕੇ ਨੂੰ ਅੱਧੀ ਵੰਡ ਦਿਓ ਜ਼ਮੀਨ! ਅੱਧਾ ਵੰਡ ਦਿਓ ਘਰ! *ਬਾਹਰ ਨਿਕਲਦਾ* ਨਈਂ ਤਾਂ ਲੰਕਾ ਫੂਕ-ਦੂੰ ਲੰਕਾ!

ਸੀਤੋ : *ਜਾਂਦੇ ਨੂੰ* ਜਾਹ, ਜਾਹ! ਵੱਡਾ ਆਇਐ ਲੰਕਾ ਫੂਕਣ ਵਾਲਾ! ਲੰਕਾ ਫੂਕਣ ਦੇ ਡਰਾਵੇ ਦਿੰਦੈ! ਕਿੱਥੇ ਚਮਲ੍ਹਾਇਐ ਮਲੰਗ ਜੱਟ! *ਅੰਦਰ ਜਾਂਦੀ* ਕੁੱਤੀ ਜਾਤ ਦੁਪਹਿਰੇ ਗਿੱਧਾ!

*ਅੰਦਰ ਚਲੀ ਜਾਂਦੀ ਹੈ। ਰਾਮ ਦੁਬਿਧਾ ਵਿਚ ਫਸਿਆ ਬੇਮਤਲਬ ਹੀ ਖੜਾ ਰਹਿੰਦਾ ਹੈ। ਫਿਰ ਮੰਜਾ ਚੁਕਣ ਲਈ ਅਹੁਲਦਾ ਹੈ। ਪਿਛੋਂ ਗੀਤ ਦੀ ਹੇਕ ਉਭਰਦੀ ਹੈ:*

‘ਇਹ ਕਿਹੋ ਜਿਹੇ ਰਿਸ਼ਤੇ ਰੱਬਾ
ਜੋ ਸੰਗ ਜਾਇਦਾਦਾਂ ਬੱਝੇ।

ਬੰਦੇ 'ਚੋਂ ਬੰਦਾ ਨਾ ਦੀਂਹਦਾ
ਬੰਦਾ ਖੇਡ ਮਾਇਆ ਦੀ ਲੱਗੇ।

*ਗੀਤ ਦੇ ਖ਼ਤਮ ਹੁੰਦਿਆਂ ਹੀ ਰਾਮ ਮੰਜਾ ਇਕ ਪਾਸੇ ਰੱਖ ਕੇ ਬਾਹਰ ਨਿਕਲ ਜਾਂਦਾ ਹੈ। ਸੀਤੋ ਬਾਹਰ ਆਉਂਦੀ ਹੈ ਅਤੇ ਕੁਝ ਫ਼ਿਕਰਮੰਦ ਹੋ ਕੇ ਜਾਂਦੇ ਰਾਮ ਨੂੰ ਵੇਖਦੀ ਰਹਿੰਦੀ ਹੈ। ਦੂਜੇ ਪਾਸਿਓਂ ਬੀਹੀ ਵਿਚੋਂ ਕਿਸੇ ਸਾਧੂ ਦੇ ਭਜਨ ਗਾਉਣ ਦੀ ਆਵਾਜ਼ ਆਉਂਦੀ ਹੈ ਅਤੇ ਉਸ ਦਾ ਧਿਆਨ ਉਧਰ ਚਲਿਆ ਜਾਂਦਾ ਹੈ। ਸਾਧੂ ਦੇ ਭਜਨ ਦੇ ਪਹਿਲੇ ਬੋਲ ਹਨ:*

ਲਛਮਣ ਜੇਡ ਜਤੀ ਨਾ ਕੋਈ
ਤੇ ਰਾਮ ਜੇਡ ਨਾ ਭਰਾਤਾ!
ਬਾਬੇ ਨਾਨਕ ਜੇਡ ਭਗਤ ਨਾ ਕੋਈ
ਜੀਹਨੇ ਸੱਚਾ ਨਾਮ ਪਛਾਤਾ!
ਦੁਨੀਆਂ ਮਾਨ ਕਰੇ
ਰੱਬ ਸਭਨਾਂ ਦਾ ਦਾਤਾ!
ਦੁਨੀਆਂ ਮਾਨ...

*ਗਾਉਂਦਾ, ਗਾਉਂਦਾ ਆਉਂਦਾ ਹੈ।*

ਸੀਤੋ : ਬਾਬਾ ਜੀ!
ਸਾਧੂ : ਹਾਂ ਮਾਤਾ?
ਸੀਤੋ : ਓਹ ਗਾਉਣ ਪੁਰਾਣਾ ਹੋ ਗਿਆ?
ਸਾਧੂ : ਪੁਰਾਣਾ ਕਿਹੜਾ ਮਾਤਾ?
ਸੀਤੋ : ਓਹੀ, ਪੰਜ ਪਤੀਆਂ ਵਾਲਾ?
ਸਾਧੂ : ਅਛਾ, ਮਾਤਾ ਦ੍ਰੋਪਤ ਅਰ ਪਾਂਡਵ ਵਾਲਾ?
ਸੀਤੋ : ਹਾਂ, ਉਹ ਸੁਣਾਓ।
ਸਾਧੂ : ਜੈਸੀ ਤੁਮਾਰੀ ਇੱਛਾ ਮਾਤਾ! *ਗਾਉਂਦਾ ਹੈ*
ਹੱਥ ਜੋੜ ਪੁੱਛੇ ਦਰੋਪਤ
ਗੱਲ ਦੱਸੋ ਕ੍ਰਿਸ਼ਨ ਮੁਰਾਰ!
ਇਹ ਕਿਹੜੇ ਪਾਪ ਦੀ ਸਜ਼ਾ ਹੈ
ਮੈਂ ਪੰਜ ਪਤੀਆਂ ਦੀ ਨਾਰ?
ਅਗੋਂ ਸ਼ਿਰੀ ਕ੍ਰਿਸ਼ਨ ਬੋਲਦੇ
ਤੂੰ ਸੰਸਾ ਮਨੋਂ ਉਤਾਰ!
ਇਹ ਕਿਸੇ ਪਾਪ ਦੀ ਸਜ਼ਾ ਨਹੀਂ
ਇਹ ਲੀਹਲਾ ਸਭ ਹਮਾਰ!
ਦਰੋਪਤ ਲੀਹਲਾ ਸਭ ਹਮਾਰ!

ਸੀਤੋ : ਬਾਬਾ ਜੀ?

ਸਾਧੂ : ਕਹੋ ਮਾਤਾ!

ਸੀਤੋ : ਦਰੋਪਤੀ ਦੇ ਸੱਚ-ਮੁੱਚ ਪੰਜ ਪਤੀ ਸੀ?

ਸਾਧੂ : ਹਾਂ ਮਾਤਾ, ਪੰਜ ਹੀ ਸਨ! ਭਗਵਾਨ ਦੀ ਲੀਹਲਾ ਨਿਆਰੀ ਹੈ ਮਾਤਾ!

ਸੀਤੋ : ਬਾਬਾ ਜੀ, ਇਕ ਸ਼ੰਕਾ ਹੈ ਮਨ ਵਿਚ, ਦੂਰ ਕਰੋ।

ਸਾਧੂ : ਕਹੋ ਮਾਤਾ! ਸ਼ੰਕਾ ਆਤਮਾ ਅਰ ਸ਼ਰੀਰ ਦੋਹਾਂ ਕੋ ਕਸ਼ਟ ਮੇਂ ਡਾਲਤਾ ਹੈ।

ਸੀਤੋ : ਜੇ ਅੱਜ ਵੀ ਕਿਸੇ ਤੀਵੀਂ ਦੇ ਪੰਜ ਪਤੀ ਹੋਣ, ਉਹ ਵੀ ਭਗਵਾਨ ਦੀ ਲੀਹਲਾ ਈ ਹੋਵੇਗੀ?

ਸਾਧੂ : *ਕੁਝ ਉੱਖੜ ਕੇ* ਤੁਮ ਕੈਸੀ ਬਾਤਾਂ ਕਰਤੀ ਹੋ ਮਾਤਾ? ਉਹ ਸਤਜੁਗ ਕੀ ਬਾਤਾਂ ਨੇ, ਅਬ ਕਲਜੁਗ ਵਰਤਿਆ ਹੋਇਆ ਹੈ!... ਖ਼ੈਰ ਪਾਓ ਮਾਤਾ, ਸੰਤਾਂ ਨੇ ਜਾਣਾ ਹੈ!

*ਸੀਤੋ ਅੰਦਰ ਜਾਂਦੀ ਹੈ। ਸਾਧੂ ਐਵੇਂ ਵਕਤ ਪੂਰਾ ਕਰਨ ਦਾ ਮਾਰਾ ਮੂੰਹ ਵਿਚ ਭਜਨ ਗੁਣਗੁਣਾਂਦਾ ਰਹਿੰਦਾ ਹੈ। ਸੀਤੋ ਆਟਾ ਲਿਆ ਕੇ ਉਸਦੀ ਬਗਲੀ ਵਿਚ ਪਾਉਂਦੀ ਹੈ। ਸਾਧੂ ਵਾਪਸ ਜਾਂਦਾ ਹੈ।*

ਸੀਤੋ : *ਜਾਂਦੇ ਸਾਧੂ ਨੂੰ* ਬਾਬਾ ਜੀ?

*ਸਾਧੂ ਥੋੜ੍ਹਾ ਘਬਰਾਇਆ ਵਾਪਸ ਆਉਂਦਾ ਹੈ*

ਸਾਧੂ : ਕਯਾ ਹੈ ਮਾਤਾ?

ਸੀਤੋ : *ਜਿਵੇਂ ਸਲਾਹ ਬਦਲ ਲਈ ਹੋਵੇ* ਕੁਛ ਨਈਂ!

*ਸਾਧੂ ਹੈਰਾਨ ਹੋਇਆ 'ਇਹ ਕਿਹੜੇ ਪਾਪ ਦੀ ਸਜ਼ਾ ਹੈ, ਮੈਂ ਪੰਜ ਪਤੀਆਂ ਦੀ ਨਾਰ' ਗਾਉਂਦਾ ਚਲਿਆ ਜਾਂਦਾ ਹੈ। ਜਿੰਨਾਂ ਚਿਰ ਸਾਧੂ ਦੀ ਆਵਾਜ਼ ਸੁਣਨੋਂ ਬੰਦ ਨੀਂ ਹੋ ਜਾਂਦੀ, ਸੀਤੋ ਗੰਭੀਰ ਹੋਈ ਖੜ੍ਹੀ ਰਹਿੰਦੀ ਹੈ।*

*ਦਿਨ ਛਿਪ ਰਿਹਾ ਹੈ। ਸੀਤੋ ਲਾਲਟੈਨ ਦੀ ਚਿਮਨੀ ਸਾਫ਼ ਕਰਨ ਲਗ ਪੈਂਦੀ ਹੈ। ਫੇਰ ਦਾਨੀ ਦੀ ਆਵਾਜ਼ ਬੂਹੇ ਤੋਂ ਸੁਣਾਈ ਦਿੰਦੀ ਹੈ।*

ਦਾਨੀ : ਕੁੜੇ ਘਰੇਂ ਈਂ ਐ ਸੁਰਜੀਤ ਪੁੱਤ? *ਆਉਂਦੀ ਹੈ*

ਸੀਤੋ : ਆਹੋ ਬੇਬੇ ਘਰੇਂ ਈਂ ਐਂ। ਆ ਜਾ ਨੰਘਿਆ। *ਪੀੜ੍ਹੀ ਦਿੰਦੀ ਹੋਈ* ਮੱਥਾ ਟੇਕਦੀ-ਐਂ ਬੇਬੇ!

ਦਾਨੀ : *ਪੀੜ੍ਹੀ ਉਤੇ ਬੈਠਦੀ* ਜਿਉਂਦੀ ਰਹਿ! ਬੁੱਢ ਸੁਹਾਗਣ ਹੋਵੇਂ! ਰੱਬ ਕੌੜੀ ਵੇਲ ਵਾਂਗੂ ਵਧਾਵੇ!

ਸੀਤੋ : ਕਿਵੇਂ, ਅੱਜ ਕਿਵੇਂ ਰਾਹ ਭੁੱਲਗੀ? ਕੋਈ ਕੰਮ ਆਈ ਹੋਵੇਂਗੀ! ਉਂ

ਤਾਂ ਤੂੰ ਜਮਾਂ ਯਾਦ ਕਰਨ ਆਲ਼ੀ ਨੀ ਕਿਸੇ ਨੂੰ।

ਦਾਨੀ : ਕੁੜੇ ਕਿਹੜਾ ਕੰਮ! ਅਹੁ ਮੇਰੇ ਆਲ਼ਾ ਛੋਟਾ ਪੋਤੈ ਨਾ ਮਿੱਠੂ, ਹੁਣ ਐਸ ਵੇਲੇ ਹਿੰਡ ਕਰ ਬੈਠ ਗਿਆ। ਅਖੇ, 'ਦਾਲ ਨਾਲ਼ ਰੋਟੀ ਖਾਣੀਐਂ।' ਮੈਂ ਆਖਿਆ, 'ਹੋਰ ਤਾਂ ਮੈਂ ਕਿਸੇ ਦੇ ਜਾਂਦੀ ਨੀਂ, ਅਵਦੀ ਨੂੰਹ ਸੀਤੋ ਦੇ ਜਾ ਆਉਨੀ ਐਂ।' ਤੈਂ ਧਰਿਐ ਕੁਸ਼ ਕਿ ਨਈਂ?

ਸੀਤੋ : ਮੈਂ ਤਾਂ ਅੱਜ ਸਾਗ ਧਰਿਐ ਜੇ ਪਸਿੰਦ ਆ-ਜੂ ਤੇਰੇ ਪੋਤੇ ਦੇ।

ਦਾਨੀ : ਲੈ ਸਾਗ ਓਦੂੰ ਚੰਗਾ। *ਕੌਲੀ ਫੜਾਉਂਦੀ* ਪਾ ਭੋਰਾ, ਜਾਵਾਂ। ਉਤੋਂ ਨੇਰ੍ਹਾ ਉੱਤਰਦਾ ਆਉਂਦੈ।

ਸੀਤੋ : ਨੇਰ੍ਹਾ ਅਜੇ ਕਿਥੋਂ ਉਤਰ ਆਇਆ? ਟਿੱਕੀ ਤਾਂ ਅਜੇ ਹੁਣ ਛਿਪੀਐ। ਬਹਿ ਜਾ ਬਿੰਦ ਅਜੇ ਤਾਂ ਸਾਗ ਘੋਟਣ੍ਹ ਆਲ਼ੈ। *ਲਾਲਟਨ ਚੁਕਦੀ ਉਠਦੀ* ਲੈ ਮੈਂ ਏਥੇ ਈ ਲੈ ਆਉਨੀ ਐਂ ਸਾਗ ਆਲ਼ਾ ਤਪਲਾ।

*ਦਾਨੀ ਆਲ਼ੇ ਦੁਆਲ਼ੇ ਨਜ਼ਰ ਮਾਰਦੀ ਹੈ। ਸੀਤੋ ਤਪਲਾ ਤੇ ਮਧਣੀ ਲੈ ਕੇ ਆਉਂਦੀ ਹੈ।*

ਦਾਨੀ : ਕੁੜੇ ਘਰ 'ਚ ਕੱਲੀ ਜੀ ਦੀਹਨੀ ਐਂ। ਕਿਧਰ ਗਿਆ ਲਾਣਾ-ਬਾਣਾ? ਜਬਾਕ-ਜੱਲੋਂ ਵੀ ਦੀਂਹਦਾ ਨੀਂ ਸੁੱਖ ਨਾਲ਼?

ਸੀਤੋ : ਵੱਡਾ ਮੁੰਡਾ ਲੱਭਾ ਤਾਂ ਆਪਣੀ ਬੀਬੋ ਨੂੰ ਛੱਡਣ ਗਿਐ ਦਰੀਆਪੁਰ। ਮੇਰੀ ਛੋਟੀ ਭੈਣ ਨੂੰ ਨਿੱਕਾ-ਨਿਆਣਾ ਹੋਣ ਆਲੈ ਅੱਜ-ਭਲਕ। ਉਹਨਾਂ ਦਾ ਸਨੇਹਾ ਆਇਆ ਸੀ ਬਈ ਬੀਬੋ ਨੂੰ ਛੱਡ ਜੋ ਪੰਜ-ਸੱਤ ਦਿਨਾਂ ਵਾਸਤੇ।

ਦਾਨੀ : ਕੋਈ ਡਰ ਨੀਂ ਪੁੱਤ। ਭੈਣ-ਭਾਈ ਦਾ ਦੁੱਖ-ਸੁੱਖ 'ਚ ਹੱਥ ਵਟਾਉਣਾ ਈ ਬਣਦੈ।

ਸੀਤੋ : ਛੋਟਾ ਅੰਦਰ ਸੁੱਤਾ ਪਿਐ। ਮੈਂ 'ਫੀਮ ਦਾ ਭੋਰਾ ਦੇ-ਤਾ ਸੀ ਬਈ ਬਿੰਦ ਕੰਮ ਕਰ-ਲੂੰ।

ਦਾਨੀ : ਰਾਮ ਸੂੰ ਤੇ ਲਸ਼ਮਣ ਸੂੰ ਅਜੇ ਆਏ ਨੀ ਖੇਤੋਂ?

ਸੀਤੋ : ਤੇਰੇ ਆਲ਼ਾ ਛੋਟਾ ਪੁੱਤ ਤਾਂ ਹੁਣ ਈ ਗਿਐ ਚੋਣੀਆਂ ਨੂੰ ਕਹਿਣ। ਕੱਲ੍ਹ ਨੂੰ ਕਪਾਹ ਚੁਗਣ ਜਾਣੈਂ।

ਦਾਨੀ : ਤੇ ਵੱਡਾ ਲਛਮਣ ਸਿਉਂ?

ਸੀਤੋ : ਲਛਮਣ ਸਿਉਂ ਤਾਂ ਬੇਬੇ ਅੱਜ ਕਲ੍ਹ 'ਜੰਟਰਮੈਨੀਆਂ' 'ਤੇ ਐ! ਅੱਜ ਪੰਦਰਾਂ ਦਿਨ ਹੋ ਗਏ, ਸਹੁੰ ਐ ਜੇ ਖੇਤ ਪੈਰ ਪਾਇਆ ਹੋਵੇ!

ਦਾਨੀ : ਹੈਂਇ ਕੁੜੇ! ਐਇ ਕੀ ਹੋ ਗਿਆ ਉਹਨੂੰ ਪੁੱਤ? ਕੰਮ ਕਿਉਂ ਛੱਡ-ਤਾ? ਕੰਮ ਤਾਂ ਧਰਮ ਐ ਜੱਟ ਦੇ ਪੁੱਤ ਦਾ?

ਸੀਤੋ : ਬੇਬੇ ਹੁਣ ਉਹਦੇ 'ਤੇ ਦੁਆਰਾ ਜਵਾਨੀ ਫੁਟਦੀ ਐ! ਤੀਵੀਂ ਲਿਆਉਣ ਨੂੰ ਫਿਰਦੈ ਮੁੱਲ ਦੀ?

ਦਾਨੀ : ਕੁੜੇ ਪੁੱਤ ਆਹ ਤਾਂ ਤੈਂ 'ਨੋਖੀ ਗੱਲ ਈ ਦੱਸੀ!... ਊਂ ਸੱਚੀ ਐ ਸੀਤੋ

ਕਿ ਐਵੇਂ ਉਢਦੀ-ਅਵਾਈ ਸੁਣੀ ਐਂ ਤੈਂ?

ਸੀਤੋ : ਅਵਾਈ ਕਿਉਂ ਬੇਬੇ, ਜਮਾਂ ਸੱਚੀ ਐ! ਰੁਲਦੂ ਦਾ ਰੌਣੀ ਕਰਵਾਉਂਦੇ ਸੌਦਾ ਦੋ ਹਜ਼ਾਰ 'ਚ!

ਦਾਨੀ : ਮਰ ਵੇ ਪੱਟੀ-ਜੜ੍ਹ ਵਾਲ਼ਿਆ! ਤੇਰਾ ਬਹਿ ਜੇ ਬੇੜਾ!

ਸੀਤੋ : ਏਹੋ ਜੇ ਪਾਪੀ ਬੰਦਿਆਂ ਦਾ ਕਾਹਨੂੰ ਬਹਿੰਦੈ ਬੇੜਾ ਬੇਬੇ!

ਦਾਨੀ : ਕੁੜੇ ਪੁੱਤ ਸਿਆਣੇ ਬਣ ਕੇ ਵਕਤ ਕੱਟੋ ਕਿਵੇਂ ਨਾ ਕਿਵੇਂ ਸੰਗਲ ਪਾ ਕੇ ਰੱਖੋ ਉਸ ਕਮਲ਼ੇ ਨੂੰ। ਉਹ ਸਧਾਰਨ ਮੱਤ ਦਾ ਐ। ਲੋਕਾਂ ਦੀਆਂ ਗੱਲ ਵਿਚ ਛੇਤੀ ਆ ਜਾਂਦੈ।

ਸੀਤੋ : ਸਾਧਾਰਣ ਮੱਤ ਦਾ ਨੀ ਬੇਬੇ ਉਹ! ਜਿੰਨਾ ਉੱਤੇ ਐ, ਓਦੂੰ ਦੂਗਣਾ ਹੇਠਾਂ ਐਂ ਧਰਤੀ 'ਚ!

ਦਾਨੀ : ਕੁਛ ਵੀ ਐ ਪੁੱਤ, ਗਿਆ ਵਕਤ ਹੱਥ ਨੀਂ ਆਉਂਦਾ ਹੁੰਦਾ! ਜੇ ਲਛਮਣ ਅੱਧ ਲੈ ਗਿਆ, ਤੇਰੇ ਘਰ ਦੀ ਬਣਾਈ ਖੇਡ ਖਿਲਰ-ਜੂ! ਤੂੰ ਸਿਆਣਪ ਨਾਲ਼ ਚਲ ਮੇਰੀ ਧੀ! ਤੀਵੀਂ ਦੇ ਹੱਥ ਬਹੁਤ ਕੁਸ਼ ਹੁੰਦੈ!

ਸੀਤੋ : ਉਹ ਤਾਂ ਬੇਬੇ ਮੈਨੂੰ ਅਵਦੀ ਰੰਨ ਬਣਾਉਣਾ ਚਾਹੁੰਦੈ! ਤੂੰ ਈ ਦੱਸ, ਮੈਂ ਅਵਦਾ ਖਸਮ ਛੱਡ ਕੇ ਉਹਨੂੰ ਸਿਰ ਧਰ-ਲਾਂ?

ਦਾਨੀ : ਕੁੜੇ ਪੁੱਤ, ਆਪਣੇ ਜੱਟਾਂ ਦੇ ਕਾਹਦੇ ਖਸਮ, ਕਾਹਦੇ ਨਾ ਖਸਮ! ਜੱਟ ਦਾ ਤਾਂ, ਕਹਿੰਦੇ ਹੁੰਦੇ ਐ, ਇਕ ਪੁੱਤ ਵਿਹਾਇਆ ਗਿਆ, ਸਮਝੋ ਸਾਰੇ ਵਿਹਾਏ ਗਏ। ਹੁਣ ਤੂੰ ਮੇਰੇ ਕੰਨੀ ਦੇਖ ਲੈ! ਪੰਜ ਭਾਈ ਸੀ ਨੰਜਨ ਸੂੰ ਦੇ ਪਿਉ ਹੋਰੀਂ। ਵਿਹਾਇਆ ਤਾਂ ਇਹ ਕੱਲਾ ਈ ਸੀ? ਪਰ ਮੈਂ ਪੰਜਾਂ ਦੇ ਸਿਰ ਜੋੜ ਕੇ ਰੱਖੇ। ਆਵਦੇ ਖਸਮ ਨੂੰ 'ਰੋਟੀ' ਪਿੱਛੋਂ ਦੇਣੀ, ਉਨ੍ਹਾਂ ਚਾਰਾਂ ਨੂੰ ਪਹਿਲਾਂ। ...ਜੇ ਮੈਂ ਕਮਲ਼ੀ ਹੁੰਦੀ ਪੰਜੇ ਲੜ-ਭਿੜ ਕੇ ਅੱਡ ਹੋ ਜਾਂਦੇ! ਸਾਰੀ ਭੋਂਏ ਖੱਖਰ-ਭੱਖਰ ਹੋ ਜਾਂਦੀ! ਮੇਰੇ ਪੁੱਤ ਕੋਲ਼ ਰਹਿ ਜਾਂਦੀ ਪੰਜ ਘੁੰਮਾਂ? ਹੁਣ 'ਕੱਲੇ ਨੂੰ ਪੱਚੀ ਆਉਂਦੀ ਐ! ਸੁੱਖ ਨਾਲ਼ ਰੰਗ ਲੱਗਿਐ ਤੇਰੇ ਸਾਹਮਣੇ! ਤੂੰ ਦੇਖ ਲੈ, ਖੱਬੀ-ਖਾਨਾਂ ਦੇ ਤਾਂ ਢੁੱਕਿਐ! ਖੇਤ ਟਰੈਕਟਰ ਚਲਦੈ, ਘਰ ਸਾਰਾ ਪੱਕੀਆਂ ਇੱਟਾਂ ਦੈ!

*ਸੀਤੋ ਕੌਲੀ ਵਿਚ ਸਾਗ ਪਾ ਕੇ ਉਸ ਵੱਲ ਕਰਦੀ ਹੈ। ਉਹ ਕੌਲੀ ਚੁੱਕ ਕੇ ਖੜ੍ਹੀ ਹੁੰਦੀ ਹੈ। ਦਾਨੀ ਦੀਆਂ ਗੱਲਾਂ ਨੇ ਸੀਤੋ 'ਤੇ ਅਸਰ ਕੀਤਾ ਹੈ, ਇਸ ਲਈ ਚੁੱਪ-ਚਾਪ ਉਸ ਦੀਆਂ ਗੱਲਾਂ ਸੁਣੀ ਜਾ ਰਹੀ ਹੈ।*

ਦਾਨੀ : *ਜਾਂਦੀ ਵਾਰ ਦੀ 'ਤਾੜਨਾ' ਕਰਦੀ* ਜ਼ਮੀਨ ਬਹੁਤ ਕੁਸ਼ ਐ ਪੁੱਤ, ਜੱਟ ਦੇ ਪੁੱਤ ਲਈ ਬਹੁਤ ਕੁਸ਼! ਸਿਆਣੀ ਬਣ ਕੇ ਰਹੀਂ ਮੇਰੀ ਧੀ, ਸਿਆਣੀ! ਲੰਬੀ ਸੋਚ ਕੇ ਪੈਰ ਧਰਨਾ ਚਾਹੀਦੈ ਬੰਦੇ ਨੂੰ! *ਜਾਂਦੀ ਜਾਂਦੀ ਇਕ ਵਾਰ ਫੇਰ ਰੁਕ ਕੇ ਪੂਰੀ ਗੱਲਬਾਤ ਦਾ 'ਸਾਰਾਂਸ' ਸਮਝਾਉਂਦੀ* ਜੇ ਗੜਵੇ ਦਾ ਘਿਉ ਥਾਲ਼ੀ ਵਿਚ ਡੁੱਲ੍ਹ ਜੇ ਮੇਰੀਏ ਧੀਏ, ਤਾਂ ਡੁੱਲ੍ਹਿਆ ਨਾ ਜਾਣੀਏਂ!

*ਦਾਨੀ ਚਲੀ ਜਾਂਦੀ ਹੈ ਪਰ ਸੀਤੋ ਨੂੰ ਖਿਆਲਾਂ ਦੇ ਭੰਵਰ ਵਿਚ ਸੁੱਟ ਜਾਂਦੀ ਹੈ। ਉਹ ਸਾਗ ਘੋਟਦੀ-ਘੋਟਦੀ ਕਦੇ ਹੱਟ ਜਾਂਦੀ ਹੈ ਕਦੇ ਘੋਟਣ ਲੱਗ ਪੈਂਦੀ ਹੈ। ਕਦੇ ਉਂਗਲ ਨਾਲ਼ ਸਾਗ ਦਾ ਭੋਰਾ ਲਾ ਕੇ ਵੇਖਦੀ ਹੈ ਕਿ ਚੱਜ ਨਾਲ਼ ਘੋਟਿਆ ਗਿਆ ਹੈ ਕਿ ਨਹੀਂ। ਅਸਲ ਵਿਚ ਸਾਗ ਤਾਂ ਘੋਟਿਆ ਗਿਆ ਹੈ। ਇਹ ਸਭ ਕੁਝ ਅਚੇਤ ਹੀ ਕਰ ਰਹੀ ਹੈ। ਬਾਹਰੋਂ ਲਛਮਣ ਆਉਂਦਾ ਹੈ। ਉਹ ਸੀਤੋ ਵੱਲ ਇਸ ਤਰ੍ਹਾਂ ਵੇਖਦਾ ਹੈ ਜਿਵੇਂ ਉਸ ਨੂੰ ਕੋਈ ਚੁਣੌਤੀ ਦਿੰਦਾ ਹੋਵੇ। ਡਾਂਗ ਇਕ ਪਾਸੇ ਸੁੱਟ ਕੇ ਉਹ ਬਾਟੀ ਨਾਲ਼ ਤੌੜੇ ਵਿਚੋਂ ਪਾਣੀ ਪੀਂਦਾ ਹੈ। ਲਗਾਤਾਰ ਦੋ ਤਿੰਨ ਬਾਟੀਆਂ ਪਾਣੀ ਦੀਆਂ ਸੜ੍ਹਾਕ ਜਾਂਦਾ ਹੈ। ਫੇਰ ਮੰਜਾ ਡਾਹ ਕੇ ਮੰਜੇ ਉੱਤੇ ਪੈ ਜਾਂਦਾ ਹੈ। ਪਰ ਉਥੇ ਉਸ ਨੂੰ ਚੈਨ ਨਹੀਂ ਆਉਂਦਾ। ਉਹ ਮੰਜਾ ਚੁਕ ਕੇ ਪਿਛਲੀ ਬੈਠਕ ਵਿਚ ਡਾਹ ਕੇ ਉਸ ਉੱਤੇ ਡਿੱਗ ਪੈਂਦਾ ਹੈ। ਇਕ ਫੁਕਾਰਾ ਜਿਹਾ ਮਾਰਦਾ ਹੈ, ਜਿਵੇਂ ਕਹਿ ਰਿਹਾ ਹੋਵੇ 'ਫੂਕਦੂੰ ਓਏ ਸਾਰਾ ਕੁਛ!' ਸੀਤੋ ਸਮਝ ਜਾਂਦੀ ਹੈ ਕਿ ਉਹ ਦਾਰੂ ਪੀ ਕੇ ਆਇਆ ਹੈ। ਉਹ ਕੁੱਣਖੀ ਸਭ ਕੁਝ ਵੇਖ ਰਹੀ ਹੈ। ਤਰ੍ਹਾਂ ਤਰ੍ਹਾਂ ਦੇ ਖ਼ਿਆਲ ਉਸਦੇ ਦਿਲ ਦਿਮਾਗ ਵਿਚੋਂ ਇਸ ਤਰ੍ਹਾਂ ਗੁਜ਼ਰਦੇ ਹਨ:*

ਦਾਨੀ ਦੀ ਆਵਾਜ਼ : ਗਿਆ ਵਕਤ ਹੱਥ ਨੀਂ ਆਉਂਦਾ ਹੁੰਦਾ ਪੁੱਤ! ਜੇ ਲਛਮਣ ਅੱਧ ਲੈ ਗਿਆ ਤੇਰੇ ਘਰ ਦੀ ਬਣੀ ਬਣਾਈ ਖੇਡ ਖਿਲਰ-ਜੂ!

ਰਾਮ ਦੀ ਆਵਾਜ਼ : ਲਛਮਣ ਨੂੰ ਅੱਡ ਕਰ ਬੈਠੇਂਗੀ। ਜ਼ਮੀਨ ਦੇ ਰਹਿ ਜਾਣਗੇ ਛੀ ਕੀਲੇ?

ਲਛਮਣ ਦੀ ਆਵਾਜ਼ : ਕੰਨ ਖੋਹਲ ਕੇ ਸੁਣ ਲਉ ਦੋਵੇਂ ਤੀਵੀਂ ਆਦਮੀ! ਤੜਕੇ ਨੂੰ ਅੱਧੀ ਵੰਡ ਦਿਉ ਜ਼ਮੀਨ, ਅੱਧ ਵੰਡ ਦਿਉ ਘਰ! ਨਈ ਤਾਂ ਲੰਕਾ ਫੂਕ-ਦੂੰ, ਲੰਕਾ!

ਰਾਮ ਦੀ ਆਵਾਜ਼ : ਲਛਮਣ ਜਿਹੜੇ ਰਾਹ ਪੈਣ ਲੱਗਿਐ ਉਸ ਰਾਹ ਤੋਂ ਤੂੰ ਹੀ ਉਸ ਨੂੰ ਮੋੜ ਸਕਦੀ ਐਂ! ਜੇ ਉਸ ਨੇ ਕਿਸੇ ਗਏ-ਗੁਜ਼ਰੇ ਘਰ ਦੀ ਲਿਆ ਕੇ ਤੇਰੀ ਬਰੋਬਰ ਦੀ ਸ਼ਰੀਕਣ ਬਣਾ ਕੇ ਬਠਾ-ਤੀ ਤਾਂ ਤੈਨੂੰ ਈ ਔਖਾ ਹੋ-ਜੂ!

ਲਛਮਣ ਦੀ ਆਵਾਜ਼ : ਮਖਾਂ ਜਮਾਂ ਹਿੱਕ 'ਤੇ ਦੀਵਾ ਬਾਲੂ ਹਿੱਕ 'ਤੇ! ਸਾਰਾ ਜੋਧਪੁਰ ਦੇਖੂ ਕੀ ਰਾਮ ਲੀਲ੍ਹਾ ਹੁੰਦੀਐ!

ਸੀਤੋ ਦੀ ਆਵਾਜ਼ : ਪਰ ਮੇਰਾ ਧਰਮ? *ਉਹ ਇਕਦਮ ਖੜ੍ਹੀ ਹੋ ਜਾਂਦੀ ਹੈ*

ਰਾਮ ਦੀ ਆਵਾਜ਼ : ਇਹਨਾਂ ਧਰਮਾਂ ਦੇ ਗਧੀ-ਗੇੜ 'ਚ ਕਿਉਂ ਪੈਨੀ ਐਂ ਸੀਤ ਕੁਰੇ? ਉਹ ਤਾਂ ਵੱਡੇ ਆਦਮੀਆਂ ਦੀ ਸਮਝ 'ਚ ਆਉਣ ਵਾਲੀਆਂ ਗੱਲਾਂ ਨੇ!

ਦਾਨੀ ਦੀ ਆਵਾਜ਼ : ਜੇ ਗੜਵੇ ਦਾ ਘਿਓ ਮੇਰੀਏ ਧੀਏ ਥਾਲੀ 'ਚ ਡੁਲ੍ਹ-ਜੇ ਤਾਂ ਡੁੱਲ੍ਹਿਆ ਨਾ ਜਾਣੀਏ!

*ਅੰਤ ਵਿਚ ਲੱਛੇ, ਰਾਮ ਤੇ ਦਾਨੀ ਦੀਆਂ ਆਵਾਜ਼ਾਂ ਲਗਾਤਾਰ ਟਕਰਾਉਂਦੀਆਂ ਹਨ। ਵਿਚ-ਵਿਚ ਸੀਤੋ ਦੀ ਆਵਾਜ਼ 'ਪਰ ਮੇਰਾ ਧਰਮ'*

*ਵੀ ਆਉਂਦੀ ਹੈ ਪਰ ਅਖ਼ੀਰ ਉਹ ਇਹਨਾਂ ਆਵਾਜ਼ਾਂ ਵਿਚ ਕਿਤੇ ਰੁਲ ਜਾਂਦੀ ਹੈ। ਅਖ਼ੀਰ ਇਕੱਲੀ ਦਾਨੀ ਦੀ ਆਵਾਜ਼ 'ਜੇ ਗੜਬੇ ਦਾ ਘਿਉ' ਗੂੰਜਦੀ ਰਹਿੰਦੀ ਹੈ। ਹੌਲ਼ੀ ਹੌਲ਼ੀ ਆਵਾਜ਼ ਮੱਧਮ ਪੈਂਦੀ ਬੰਦ ਹੋ ਜਾਂਦੀ ਹੈ।*

*ਸੀਤੋ ਦੁਚਿੱਤੀ ਵਿਚੋਂ ਨਿਕਲ ਆਉਂਦੀ ਹੈ। ਉਹਦੇ ਬੁੱਲ੍ਹਾਂ 'ਤੇ ਮੁਸਕ੍ਰਾਹਟ, ਜਿਸ ਵਿਚ ਵਿਅੰਗ ਤੇ ਉਦਾਸੀ ਹੈ, ਆਉਂਦੀ ਹੈ। ਮਨ ਵਿਚ ਕੋਈ ਫੈਸਲਾ ਕਰਦੀ ਹੈ। ਫੇਰ ਮੰਜੇ ਉੱਤੇ ਪਏ ਲਛਮਣ ਨੂੰ ਇਕ ਟਿਕ ਵੇਖਦੀ ਹੈ। ਫੇਰ ਪਹਿਲਾਂ ਸੱਜੇ ਵਾਲ਼ਾ ਤੇ ਫੇਰ ਖੱਬੇ ਵਾਲ਼ਾ ਦਰਵਾਜ਼ਾ ਬੰਦ ਕਰਦੀ ਹੈ। ਇਸ ਪਿੱਛੋਂ ਤਪਲਾ ਚੁੱਕ ਕੇ ਸ਼ਲਾਨੀ ਵਿਚ ਚਲੀ ਜਾਂਦੀ ਹੈ। ਥਾਲ ਵਿਚ ਰੋਟੀ ਅਤੇ ਸਾਗ ਪਾ ਕੇ ਮੁੜ ਬਾਹਰ ਆਉਂਦੀ ਹੈ। ਲਛਮਣ ਦੇ ਮੰਜੇ ਵੱਲ ਤੁਰਦੀ ਹੈ, ਪਰ ਫਿਰ ਕਿਸੇ ਖਿਆਲ ਨਾਲ਼ ਇਕ ਦਮ ਰੁਕ ਜਾਂਦੀ ਹੈ। ਪਿੱਛੋਂ ਗੀਤ ਦੀ ਹੇਕ ਉਭਰਦੀ ਹੈ।*

"ਤੇਰੀ ਅਗਨ ਪ੍ਰੀਖਿਆ ਮਾਂ ਸੀਤਾ
ਹਰ ਯੁੱਗ ਵਿਚ ਹਰ ਸਮਾਜ ਕਰਦਾ!
ਕਿਹੜੀ ਗੱਲ ਤੋਂ ਦੁਬਿਧਾ ਵਿਚ ਫਸਦੀ,
ਜੀਹਦੀ ਲਾਜ ਰੱਖੀ, ਓਹੀ ਪਾੜ ਪੜਦਾ!"

*ਅੰਤਮ ਫ਼ੈਸਲਾ ਲੈ ਕੇ ਸਾਬਤ ਕਦਮੀਂ ਸੀਤੋ ਬੈਠਕ ਵਲ ਜਾਂਦੀ ਹੈ*

ਸੀਤੋ : *'ਦੇਹਲ਼ੀ' ਲੰਘ ਕੇ* ਮਖਾਂ ਲੱਭੇ ਦਿਆ ਤਾਇਆ? *ਲਛਮਣ ਵੱਲੋਂ ਕੋਈ ਜਵਾਬ ਨਹੀਂ ਆਉਂਦਾ* ਮਖੈਂ ਜੀ ਬੋਲਦਾ ਨੀਂ! ਮੈਂ ਤਾਂ ਤੇਰੇ ਆਸਤੇ 'ਰੋਟੀ' ਲੈ ਕੇ ਆਈਐਂ!

ਲਛਮਣ : *ਹੈਰਾਨੀ ਅਤੇ ਬੇਯਕੀਨੀ ਵਿਚ ਉੱਠਦਾ* ਸੀ...ਤੋ...ਤੂੰ? ਮੇ...ਰੇ ਲਈ 'ਰੋ...ਟੀ'

ਸੀਤੋ : *ਮੰਜੇ ਦੀ ਬਾਹੀ ਉੱਤੇ ਬੈਠਦੀ ਹੋਈ* ਹਾਂਅ ਮੈਂ! ਤੂੰ 'ਜਿੱਤਿਆ' ਮੈਂ 'ਹਾਰੀ' *ਥਾਲ਼ ਅੱਗੇ ਕਰਦੀ ਹੋਈ* ਲੈ 'ਰੋਟੀ' ਖਾ!

*ਕੰਬਦੇ ਹੋਏ ਹੱਥਾਂ ਨਾਲ਼ ਲਛਮਣ ਥਾਲ਼ੀ ਵੱਲ ਹੱਥ ਵਧਾਉਂਦਾ ਹੈ ਤੇ ਇਸ ਸਥਿਤੀ ਵਿਚ ਉਹ ਅਹਿੱਲ ਹੋ ਜਾਂਦੇ ਹਨ। ਪਿੱਛੋਂ ਸ਼ੁਰੂ ਵਾਲੇ ਗੀਤ ਦੀਆਂ ਅੰਤਮ ਸਤਰਾਂ ਉਭਰਦੀਆਂ ਹਨ:*

ਪਰ ਇਕ ਰਾਮ ਲੱਛਾ ਤੇ ਸੀਤਾ
ਅੱਜ ਸਾਡੇ ਨੇ ਮੂਹਰੇ!
ਇਹਨਾਂ ਦੀ ਕਥਾ ਕੌਣ ਕਰੇਗਾ
ਜੋ ਨਾ ਅੱਧੇ ਨਾ ਪੂਰੇ?

**ਗੀਤ ਦੇ ਨਾਲ਼ ਹੌਲ਼ੀ ਹੌਲ਼ੀ ਪਰਦਾ ਡਿਗਦਾ ਹੈ**

•

# ਭੱਠ ਖੇੜਿਆਂ ਦਾ ਰਹਿਣਾ

ਆਪਣੇ ਹਿੱਸੇ ਦੇ ਕਾਮਰੇਡ ਹਾਕਮ ਸਿੰਘ ਸਮਾਓਂ ਨੂੰ!

ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ!

**ਪਾਤਰ**

| | | |
|---|---|---|
| ਐੱਸ.ਐੱਸ.ਪੀ. ਜੇ.ਐੱਸ. ਪਾਲ਼ | : | 55 ਸਾਲ |
| ਡੀ.ਐੱਸ.ਪੀ. ਹਰਮਿੰਦਰ ਸਿੰਘ | : | 40 ਸਾਲ |
| ਐੱਸ.ਆਈ. ਭਗਵੰਤ ਸਿੰਘ | : | 35 ਸਾਲ |
| ਸਿਪਾਹੀ ਦੌਲਾ ਸਿੰਘ | : | 45 ਸਾਲ |
| ਸਿਪਾਹੀ ਨਿਰਮਲ ਸਿੰਘ | : | 26 ਸਾਲ |
| ਸਿਪਾਹੀ ਕੁੰਢਾ ਸਿੰਘ | | |
| ਬਾਗ਼ੀ ਦਰਸ਼ਨ ਸਿੰਘ ਤੇ | : | 28 ਸਾਲ |
| ਬਾਬਾ ਲਾਲ ਸਿੰਘ | : | 80 ਸਾਲ |

ਦੋ ਏ.ਐੱਸ.ਆਈ. ਤੇ ਤਿੰਨ ਚਾਰ ਸਿਪਾਹੀ ਹੋਰ

*ਰੁੱਤ : ਉੱਤਰਦਾ ਸਿਆਲ਼*

*ਸਮਾਂ : ਰਾਤ ਦੇ ਨੌਂ ਵਜੇ*

*ਘਟਨਾ ਸਥਾਨ : ਇੱਕ ਟਿੱਬੇ ਦੇ ਪੈਰਾਂ ਵਿਚ ਦੋ ਕਿੱਕਰਾਂ*

:

*ਜਦੋਂ ਪਰਦਾ ਉਠਦਾ ਹੈ ਤਾਂ ਇਕ ਕਿੱਕਰ ਹੇਠਾਂ ਦੂਜਿਆਂ ਤੋਂ ਕੁਝ ਹਟ ਕੇ ਐੱਸ.ਐੱਸ.ਪੀ. ਬੈਠਾ ਹੈ। ਖੱਬੇ ਪਾਸੇ ਸਟੂਲ 'ਤੇ ਬੈਠਾ ਥਾਣੇਦਾਰ ਭਗਵੰਤ ਸਿੰਘ ਬੜਾ ਚੌਕੰਨਾ ਹੋ ਕੇ ਕਾਹਲ਼ੀ-ਕਾਹਲ਼ੀ ਕੁਝ ਲਿਖ ਰਿਹਾ ਹੈ। ਉਸੇ ਮਾਨਸਿਕ ਰੌਂ ਵਿਚ ਗੁੱਸਿਆ ਡੀ.ਐੱਸ.ਪੀ. ਹਰਮਿੰਦਰ ਸਿੰਘ ਤਣਿਆ ਖੜ੍ਹਾ ਹੈ। ਸਿਪਾਹੀ ਦੌਲਾ ਸਿੰਘ ਚਾਨਣ ਕਰਨ ਹਿੱਤ ਪਿੱਛੇ ਟਾਰਚ ਲਈ ਖੜ੍ਹਾ ਹੈ।*

ਐੱਸ.ਐੱਸ.ਪੀ. : ਡਿਪਟੀ ਸਾਹਿਬ, ਪ੍ਰੈੱਸ ਸਟੇਟਮੈਂਟ ਤਿਆਰ ਹੋਇਆ ਕਿ ਨਹੀਂ ?

ਡੀ.ਐੱਸ.ਪੀ. : ਬਸ ਤਿਆਰ ਹੀ ਸਮਝੋ ਜਨਾਬ! ਦੋ ਕੁ ਸਤਰਾਂ ਰਹਿ-ਗੀਆਂ! *ਥਾਣੇਦਾਰ ਆਖ਼ਰੀ ਝਰੀਟਾਂ ਮਾਰਦਾ ਹੈ* ਲਓ ਜਨਾਬ, ਲਿਖਿਆ ਗਿਆ ?

ਐੱਸ.ਐੱਸ.ਪੀ. : ਭਗਵੰਤ ਸਿੰਘ, ਸੁਣਾ ਕੀ ਲਿਖਿਆ ਹੈ ?

ਥਾਣੇਦਾਰ : ਬਿਹਤਰ ਜਨਾਬ! *ਸਿਪਾਹੀ ਨੂੰ ਟਾਰਚ ਨੇੜੇ ਕਰਨ ਲਈ ਇਸ਼ਾਰਾ ਕਰਦਾ ਹੈ। ਗ਼ਲਾ ਸਾਫ਼ ਕਰਕੇ* ਪਹਿਲਾਂ ਸੁਰਖੀ ਪੜ੍ਹਦੈਂ ਜਨਾਬ!

ਐੱਸ.ਐੱਸ.ਪੀ. : ਠੀਕ ਹੈ, ਪੜ੍ਹ!

ਥਾਣੇਦਾਰ : *ਫੇਰ ਗਲ਼ਾ ਸਾਫ਼ ਕਰ ਕੇ* 'ਪੁਲਿਸ ਮੁਕਾਬਲੇ ਵਿਚ ਦੋ ਬਾਗੀ ਹਲਾਕ! ਬਾਗੀਆਂ ਕੋਲੋਂ ਦੋ ਸਟੇਨ-ਗੰਨਾਂ ਤੇ ਚਾਰ ਬੰਬ ਬਰਾਮਦ!' ਠੀਕ ਐ ਜਨਾਬ ?

ਐੱਸ.ਐੱਸ.ਪੀ. : ਤੂੰ ਪੜ੍ਹੀ ਚਲ।

ਥਾਣੇਦਾਰ : ਬਿਹਤਰ ਜਨਾਬ! *ਗਲ਼ਾ ਸਾਫ਼ ਕਰ ਕੇ* 'ਬਠਿੰਡਾ 27 ਅਕਤੂਬਰ : ਕਲ੍ਹ ਏਥੋਂ ਵੀਹ ਕਿਲੋਮੀਟਰ ਦੂਰ ਪਿੰਡ ਸਤਵੰਡੀ ਦੇ ਨੇੜੇ ਦੋ ਇਸ਼ਤਿਹਾਰੀ ਬਾਗੀ ਲਾਲ ਸਿੰਘ ਤੇ ਦਰਸ਼ਨ ਸਿੰਘ ਪੁਲਿਸ ਨਾਲ਼ ਮੁਕਾਬਲਾ ਕਰਦੇ ਹੋਏ ਮਾਰੇ ਗਏ। ਪ੍ਰੈੱਸ ਨੂੰ ਬਿਆਨ ਦਿੰਦਿਆਂ ਸੀਨੀਅਰ ਪੁਲਿਸ ਕਪਤਾਨ ਸਿਰੀ ਜੇ.ਐੱਸ.ਪਾਲ ਨੇ ਕਿਹਾ ਕਿ ਬਾਗੀ ਪਿੰਡ ਬਾਦਸ਼ਾਹਪੁਰ ਦੇ ਇੱਕ ਜ਼ਿਮੀਦਾਰ ਨੂੰ ਕਤਲ਼ ਕਰਨ ਦੀ ਵਿਉਂਤ ਬਣਾ ਰਹੇ ਸਨ ਕਿ ਅਚਾਨਕ ਪੁਲਿਸ ਨੂੰ ਖ਼ਬਰ ਪਹੁੰਚ ਗਈ...

ਐੱਸ.ਐੱਸ.ਪੀ. : ਅਚਾਨਕ ਨਹੀਂ, ਲਿਖੋ- 'ਪੁਲਿਸ ਨੂੰ ਉਸ ਦੇ ਸੂਹੀਆਂ ਰਾਹੀਂ ਖ਼ਬਰ ਪਹੁੰਚ ਗਈ।'

ਥਾਣੇਦਾਰ : ਬਿਹਤਰ ਜਨਾਬ। *ਗਲਤੀ ਠੀਕ ਕਰ ਕੇ ਫਿਰ ਬਿਆਨ ਪੜ੍ਹਦਾ* ਪ੍ਰੈੱਸ ਨੂੰ ਬਿਆਨ ਦਿੰਦੇ ਹੋਏ ਸੀਨੀਅਰ ਪੁਲਿਸ ਕਪਤਾਨ ਸ੍ਰੀ ਪਾਲ ਨੇ ਅੱਗੇ ਦੱਸਿਆ ਕਿ ਬਾਗੀ ਪਿਛਲੇ ਤਿੰਨ ਸਾਲਾਂ ਤੋਂ ਅੰਡਰ ਗਰਾਊਂਡ ਸਨ, ਜਿਸ ਸਦਕਾ ਸਰਕਾਰ ਵਲੋਂ ਇਨ੍ਹਾਂ ਨੂੰ ਭਗੌੜੇ ਕਰਾਰ ਦਿੱਤਾ ਗਿਆ ਸੀ। ਬਾਗ਼ੀਆਂ ਨੇ ਸਟੇਨਗੰਨਾਂ ਨਾਲ਼ ਪੁਲਿਸ ਨਾਲ਼ ਦੋ ਘੰਟੇ ਲਗਾਤਾਰ ਮੁਕਾਬਲਾ ਕੀਤਾ...

ਐੱਸ.ਐੱਸ.ਪੀ. : 'ਦੋ ਘੰਟੇ ਲਗਾਤਾਰ' ਨਹੀਂ, 'ਲਗਾਤਾਰ ਦੋ ਘੰਟੇ!'

ਥਾਣੇਦਾਰ : *ਖ਼ਸਿਆਨੀ ਹਾਸੀ ਹਸਦਾ* ਹੀਂ, ਹੀਂ, ਬਿਹਤਰ ਜਨਾਬ। '*ਗਲਤੀ*' *ਠੀਕ ਕਰਦਾ ਹੈ।*

ਐੱਸ.ਐੱਸ.ਪੀ. : ਅੱਗੇ ਪੜ੍ਹ!

ਥਾਣੇਦਾਰ : ਬਿਹਤਰ ਜਨਾਬ! *ਪੜ੍ਹਦਾ* 'ਪਰ ਪੁਲਿਸ ਦੇ ਬਹਾਦਰ ਨੌਜਵਾਨਾਂ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਮਾਰੇ ਗਏ ਬਾਗੀਆਂ ਦੇ ਕਬਜ਼ੇ ਵਿਚੋਂ ਦੋ ਸਟੇਨ ਗੰਨਾਂ, ਚਾਰ ਬੰਬ ਅਤੇ ਬਿਆਸੀ ਕਾਰਤੂਸ ਬਰਾਮਦ ਹੋਏ।'... ਦਰੁਸਤ ਐ ਜਨਾਬ?

ਐੱਸ.ਐੱਸ.ਪੀ. : ਬੱਸ?

ਥਾਣੇਦਾਰ : *ਥੋੜ੍ਹਾ ਸਹਿਮ ਕੇ* ਮੈਂ ਤਾਂ ਐਨਾ ਈ ਲਿਖਿਐ ਜਨਾਬ! ਬਾਕੀ ਤੁਸੀਂ ਦੱਸ ਦਿਉ...

ਐੱਸ.ਐੱਸ.ਪੀ. : *ਡੀ.ਐੱਸ.ਪੀ. ਨੂੰ* ਹਰਮਿੰਦਰ ਸਿੰਘ, ਤੇਰਾ ਐੱਸ.ਆਈ. ਅਜੇ ਪੂਰਾ ਟਰੇਂਡ ਨਹੀਂ।

ਡੀ.ਐੱਸ.ਪੀ. : ਹੋ-ਜੂ ਟਰੇਂਡ ਜਨਾਬ ਹੌਲ਼ੀ ਹੌਲ਼ੀ। ਅਜੇ ਸਰਵਿਸ ਥੋੜ੍ਹੀ ਐ। *ਥਾਣੇਦਾਰ ਨੂੰ* ਭਗਵੰਤ ਸਿੰਘ ਲਿਖ! *ਥਾਣੇਦਾਰ ਲਿਖਦਾ ਹੈ* 'ਬਾਗੀਆਂ ਕੋਲੋਂ ਕਈ ਅਹਿਮ ਦਸਤਾਵੇਜ਼ਾਂ ਵੀ ਮਿਲੀਆਂ ਹਨ, ਜਿਨ੍ਹਾਂ ਤੋਂ ਬਾਗੀਆਂ ਦੇ ਕਈ ਹੋਰ ਟਿਕਾਣਿਆਂ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਦਾ ਪਤਾ ਲੱਗਣ ਦੀ ਬੜੀ ਸੰਭਾਵਨਾ ਹੈ।

*ਥਾਣੇਦਾਰ ਲਿਖ ਲੈਂਦਾ ਹੈ।*

ਐੱਸ.ਐੱਸ.ਪੀ. : ਵੈਰੀ ਗੁੱਡ! *ਥਾਣੇਦਾਰ ਨੂੰ* ਭਗਵੰਤ ਸਿੰਘ, ਜੇ ਡੀ.ਐੱਸ.ਪੀ. ਬਣਨਾ ਹੈ ਤਾਂ ਇਹ ਗੱਲਾਂ ਚੰਗੀ ਤਰ੍ਹਾਂ ਆਪਣੇ ਦਿਮਾਗ ਵਿਚ ਨੋਟ ਕਰ ਲੈ!

ਥਾਣੇਦਾਰ : ਬਿਹਤਰ ਜਨਾਬ!

ਐੱਸ.ਐੱਸ.ਪੀ. : ਵਕਤ ਕੀ ਹੋ ਗਿਆ ਹਰਮਿੰਦਰ ਸਿੰਘ?

ਡੀ.ਐੱਸ.ਪੀ. : *ਘੜੀ ਵੇਖ ਕੇ* ਨੌਂ ਵੱਜ ਕੇ ਤੇਈ ਮਿੰਟ ਜਨਾਬ!

ਐੱਸ.ਐੱਸ.ਪੀ. : ਠੀਕ ਐ। ਦਸ ਵਜੇ ਬਾਗੀ ਲੈ ਆਉਣੇ। ਗੋਲ਼ੀ ਓਦੋਂ ਮਾਰਨੀ ਜਦੋਂ ਕਾਫ਼ੀ ਹਨੇਰਾ ਹੋ ਜਾਵੇ।

ਡੀ.ਐੱਸ.ਪੀ. : ਠੀਕ ਜਨਾਬ! ਅਜੇ ਕੁਝ ਲੋਕ 'ਜਾਗਦੇ' ਨੇ।

ਐੱਸ.ਐੱਸ.ਪੀ. : *ਥਾਣੇਦਾਰ ਨੂੰ* ਬਾਕੀ ਸਾਰੇ ਪ੍ਰਬੰਧ ਮੁਕੰਮਲ ਨੇ ਭਗਵੰਤ ਸਿੰਘ?

ਥਾਣੇਦਾਰ : ਜਨਾਬ ਸਭ ਮੁਕੰਮਲ ਨੇ। ਆਲ਼ੇ-ਦੁਆਲ਼ੇ ਕੋਈ ਨਹੀਂ। ਤਿੰਨ ਚਾਰ ਲਾਗਲੇ ਪਿੰਡ ਦੇ ਬੰਦੇ ਕਪਾਹਾਂ-ਮੱਕੀਆਂ ਦੀ ਰਾਖੀ ਆਏ ਸਨ, ਉਹ ਦਬੱਲ ਦਿੱਤੇ ਨੇ।

ਐੱਸ.ਐੱਸ.ਪੀ. : ਵੈਰੀ ਗੁੱਡ! ਬਹੁਤ ਸਿਆਣਪ ਕੀਤੀ। *ਡੀ.ਐੱਸ.ਪੀ. ਨੂੰ* ਬਾਗੀਆਂ ਨੂੰ ਗੋਲ਼ੀ ਮਾਰਨ ਲਈ ਕਿਹੜੀ ਥਾਂ ਸਿਲੈਕਟ ਕੀਤੀ ਹੈ ਹਰਮਿੰਦਰ ਸਿੰਘ?

ਡੀ.ਐੱਸ.ਪੀ. : ਮੈਨੂੰ ਤਾਂ ਜਨਾਬ *ਕਿੱਕਰਾਂ ਵੱਲ ਹੱਥ ਕਰ ਕੇ* ਆਹ ਕਿੱਕਰਾਂ ਵਾਲੀ ਥਾਂ ਈ ਠੀਕ ਲੱਗੀ ਐ, ਜਿਨ੍ਹਾਂ ਥੱਲੇ ਜਨਾਬ ਬੈਠੇ ਨੇ। ਦੋਵੇਂ ਬਾਗੀ ਕਿੱਕਰਾਂ ਨਾਲ਼ ਬੰਨ੍ਹ ਦਿੱਤੇ ਜਾਣ। ਇਸ ਤਰ੍ਹਾਂ ਕਰਨ ਨਾਲ਼ ਇਹ ਵੀ ਸਿੱਧ ਕੀਤਾ ਜਾ ਸਕੇਗਾ ਕਿ ਬਾਗੀ ਕਿੱਕਰਾਂ ਦੀ ਓਟ ਲੈ ਕੇ ਫਾਇਰ ਕਰ ਰਹੇ ਸਨ...

ਐੱਸ.ਐੱਸ.ਪੀ. : *ਮੁਸਕ਼ਾ ਕੇ* ਭਾਵੇਂ ਸਾਨੂੰ ਕੋਈ ਗੱਲ ਸਿੱਧ ਕਰਨ ਦੀ ਲੋੜ ਨਹੀਂ ਪਰ ਫਿਰ ਵੀ ਮੈਂ ਤੇਰੇ ਦਿਮਾਗ਼ ਦੀ ਦਾਦ ਦਿੰਦਾ ਹਾਂ! ਤੇਰੇ ਵਰਗੇ ਸੂਝਵਾਨ ਅਫ਼ਸਰ ਹੀ ਜ਼ਿੰਦਗੀ ਵਿਚ ਕਾਮਯਾਬ ਹੁੰਦੇ ਨੇ!... ਮੈਨੂੰ ਵੀ ਇਹੋ ਜਗ੍ਹਾ ਬਹੁਤ ਸੂਟੇਬਲ ਦਿਸਦੀ ਐ। *ਘੜੀ ਵੇਖ ਕੇ* ਸਾਢੇ ਨੌਂ ਹੋ ਚੱਲੇ। ਦਸ ਕੁ ਵਜੇ ਬਾਗੀਆਂ ਨੂੰ ਲੈ ਆਉਣਾ। *ਜਾਣ ਲਗਦਾ* ਮੈਂ ਹੁਣ ਨਿਸ਼ਚਿਤ ਹੋ ਕੇ ਰਹਿਰਾਸ ਦਾ ਪਾਠ ਕਰ ਲਵਾਂ?

ਡੀ.ਐੱਸ.ਪੀ. : ਜ਼ਰੂਰ ਕਰੋ ਜਨਾਬ। ਤੁਸੀਂ ਪਹਿਲਾਂ ਹੀ ਬਹੁਤ ਲੇਟ ਹੋ ਗਏ ਹੋ।

ਐੱਸ.ਐੱਸ.ਪੀ. : ਕੋਈ ਗੱਲ ਨਹੀਂ। *ਮੁਸਕ਼ਾ ਕੇ* ਇਹ ਕੰਮ ਵੀ ਬਹੁਤ ਜ਼ਰੂਰੀ ਸੀ। ਅਕਾਲ ਪੁਰਖ ਕੋਲੋਂ ਤਾਂ ਮਾਫ਼ੀ ਮੰਗ ਲਵਾਂਗਾ।

ਡੀ.ਐੱਸ.ਪੀ. : ਜਨਾਬ ਦੇ ਪਾਠ ਦੀ ਸਹੂਲਤ ਲਈ ਐਧਰ ਇਕ ਪਾਸੇ ਕਰ ਕੇ ਟੈਂਟ ਲਵਾ ਦਿੱਤਾ ਹੈ। ਜਿੰਨਾ ਚਿਰ ਜਨਾਬ ਪਾਠ ਕਰਨ-ਗੇ, ਓਨਾ ਚਿਰ ਸਿਪਾਹੀ ਬਾਹਰ ਪਹਿਰਾ ਦਿੰਦੇ ਰਹਿਣ-ਗੇ। *ਇੱਕ ਸਿਪਾਹੀ ਨੂੰ* ਦੌਲਾ ਸਿੰਘ! ਸਾਹਬ ਬਹਾਦਰ ਨੂੰ ਪਾਠ ਵਾਲੀ ਥਾਂ 'ਤੇ ਛੱਡ ਕੇ ਆਓ!

ਐੱਸ.ਐੱਸ.ਪੀ. : ਵਨ ਥਿੰਗ ਮੋਰ! ਬਾਗੀਆਂ ਨੂੰ ਗੋਲ਼ੀ ਮਾਰਨ ਦੀ ਡਿਊਟੀ ਕਿਸ ਦੀ ਲਾਈ ਐ?

ਡੀ.ਐੱਸ.ਪੀ. : ਜਿਸ ਨੂੰ ਜਨਾਬ ਹੁਕਮ ਕਰਨ ਗੇ, ਉਹੀ ਮਾਰ ਦੇਵੇਗਾ।

ਦੌਲਾ ਸਿੰਘ : ਸਾਹਿਬ ਬਹਾਦਰ, ਗੋਲ਼ੀ ਦਾ ਕੀ ਐ, ਮੈਨੂੰ ਦਿਓ ਸੇਵਾ ਦਾ ਮੌਕਾ! ਮੈਂ ਕਰਦੈਂ ਕੌਡਾ ਚਿੱਤ... *ਐੱਸ.ਐੱਸ.ਪੀ. ਦੇ ਅੱਖਾਂ ਨਾਲ਼ ਘੂਰਨ 'ਤੇ ਪਿੱਛੇ ਹਟ ਜਾਂਦਾ ਹੈ।*

ਥਾਣੇਦਾਰ : ਜਨਾਬ ਮੈਂ ਅਰਜ਼ ਕਰਾਂ, ਜੇ ਇਜਾਜ਼ਤ ਹੋਵੇ?

ਐੱਸ.ਐੱਸ.ਪੀ. : ਹਾਂ ਕਹਿ, ਕੀ ਕਹਿਨੈਂ ਤੂੰ?

ਥਾਣੇਦਾਰ : ਜਨਾਬ, ਮੇਰੇ ਥਾਣੇ ਦਾ ਇਕ ਸਿਪਾਹੀ ਐ ਨਿਰਮਲ ਸਿੰਘ, ਅੱਜ ਮੈਂ ਆਪਣੀ ਪਾਰਟੀ ਵਿਚ ਵੀ ਲੈ ਕੇ ਆਇਐਂ ਉਹਨੂੰ। ਗੋਲ਼ੀ

ਉਸ ਤੋਂ ਮਰਵਾਈ ਜਾਵੇ ਤਾਂ ਬਿਹਤਰ ਐ।

ਐੱਸ.ਐੱਸ.ਪੀ, : ਕਿਉਂ, ਉਸ ਤੋਂ ਕਿਉਂ ਮਰਵਾਈ ਜਾਵੇ ?

ਥਾਣੇਦਾਰ : ਜਨਾਬ, ਉਸ ਦੀ ਖੋਪੜੀ ਥਾਂ-ਸਿਰ ਕਰਨ ਵਾਲੀ ਐ।

ਐੱਸ.ਐੱਸ.ਪੀ. : ਕੀ ਮਤਲਬ ਐ ਤੇਰਾ ?

ਥਾਣੇਦਾਰ : ਜਨਾਬ ਉਹ ਬਹੁਤਾ ਈ ਕਾਨੂੰਨ-ਬਾਜ਼ੀ ਵਿਚ ਪਿਆ ਰਹਿੰਦੈ। ਅਖੇ, 'ਕਾਨੂੰਨੋਂ ਬਾਹਰੀ ਸਾਨੂੰ ਕੋਈ ਗੱਲ ਨਹੀਂ ਕਰਨੀ ਚਾਹੀਦੀ।'

ਦੌਲਾ ਸਿੰਘ : ਸਾਹਿਬ ਬਹਾਦਰ, ਸਰਦਾਰ ਸਾਹਿਬ ਬਜ਼ਾਹ ਫਰਮਾਉਂਦੇ ਨੇ। ਮੈਂ ਆਪਣੇ ਕੰਨੀਂ ਸੁਣਿਐ ਉਹਨੂੰ ਸਿਪਾਹੀ ਕੁੰਢਾ ਸਿੰਘ ਨੂੰ ਇਹ ਕਹਿੰਦਿਆਂ ਬਈ ਜੇ ਤੈਨੂੰ ਬਾਗੀਆਂ ਨੂੰ ਗੋਲ਼ੀ ਮਾਰਨ ਲਈ ਕਿਹਾ ਤਾਂ ਤੂੰ ਜਵਾਬ ਦੇ-ਦਈਂ।

ਐੱਸ.ਐੱਸ.ਪੀ. : *ਥਾਣੇਦਾਰ ਨੂੰ ਅੱਖਾਂ ਕੱਢਦਾ* ਤੇ ਤੂੰ ਸੂਰ ਦਿਆ ਪੁੱਤਾ ਐਸੇ ਸਿਪਾਹੀ ਨੂੰ ਆਪਣੀ ਪਾਰਟੀ ਵਿਚ ਲੈ ਆਇਆ ?

ਥਾਣੇਦਾਰ : ਗੁਸਤਾਖ਼ੀ ਮਾਫ਼ ਜਨਾਬ! ਮੈਂ ਇਸ ਇਰਾਦੇ ਨਾਲ਼ ਲੈ ਆਇਆ ਕਿ ਉਹ ਬਾਗੀਆਂ ਨੂੰ ਫੜ ਕੇ ਮਾਰਨ ਵਿਚ ਹਿੱਸੇਦਾਰ ਬਣ ਜਾਵੇਗਾ, ਤਾਂ ਅੱਗੋਂ ਨੂੰ ਉਸਦੀ ਜ਼ਬਾਨ ਬੰਦ ਹੋ ਜਾਵੇਗੀ।

ਐੱਸ.ਐੱਸ.ਪੀ. : ਬੜਾ ਵੱਡਾ ਦਿਮਾਗ ਐ ਨਾ ਤੇਰਾ ? ਸਾਲ਼ਾ ਬਦਤਮੀਜ਼!

ਡੀ.ਐੱਸ.ਪੀ. : ਘਬਰਾਓ ਨਹੀਂ ਜਨਾਬ! ਸਿਪਾਹੀ ਨਿਰਮਲ ਸਿੰਘ ਏਨਾ ਖ਼ਤਰਨਾਕ ਨਹੀਂ, ਜਿੰਨਾ ਜਨਾਬ ਸਮਝਦੇ ਨੇ। ਨਵਾਂ ਮੁੰਡਾ ਐ, ਕਾਲਜ ਵਿਚ ਲਾਏ ਐ ਦੋ ਤਿੰਨ ਸਾਲ। ਏਨੀ ਕੁ ਉਮਰ ਵਿਚ ਆਈਡਿਆਲਿਜ਼ਮ ਕੁਝ ਨਾ ਕੁਝ ਅਸਰ ਤਾਂ ਪਾਉਂਦਾ ਈ ਐ ਬੰਦੇ 'ਤੇ! ਉਹ ਵੀ ਥੋੜ੍ਹਾ ਆਈਡਿਆਲਿਸਟ ਜਾਪਦੈ। ਉਂਜ ਬੜਾ ਬੀਬਾ, ਡਿਉਟੀਫੁਲ ਤੇ ਈਮਾਨਦਾਰ ਐ...

ਐੱਸ.ਐੱਸ.ਪੀ. : ਸਾਨੂੰ ਆਈਡਿਆਲਿਸਟ ਮੁੰਡਿਆਂ ਦੀ ਲੋੜ ਨਹੀਂ, ਫੇਥਫੁੱਲ ਨੌਜਵਾਨਾਂ ਦੀ ਲੋੜ ਐ! ਇਹ ਜੋ ਸਾਰੀ ਗੜਬੜ ਕੀਤੀ ਐ ਇਨ੍ਹਾਂ ਵੱਡੇ ਆਈਡਿਆਲਿਸਟਾਂ ਨੇ ਕੀਤੀ ਐ! ਕਾਲਜਾਂ ਵਿਚੋਂ ਵਿਗੜ ਕੇ ਆਏ ਇਹ ਆਈਡਿਆਲਿਸਟ ਪੁਲਿਸ ਵਿਚ ਇਨਡਸਿਪਲਿਨ, ਬਦਅਮਨੀ ਵੀ ਤਾਂ ਪੈਦਾ ਕਰ ਸਕਦੇ ਨੇ ? ਬਾਗੀਆਂ ਨਾਲ਼ ਅੰਦਰਖਾਤੇ ਮਿਲ ਕੇ ਨੁਕਸਾਨ ਵੀ ਤਾਂ ਪਹੁੰਚਾ ਸਕਦੇ ਨੇ ?

ਦੌਲਾ ਸਿੰਘ : ਬਜ਼ਾਹ ਫਰਮਾਉਂਦੇ ਨੇ ਸਾਹਬ ਬਹਾਦਰ।

ਐੱਸ.ਐੱਸ.ਪੀ. : *ਥਾਣੇਦਾਰ ਨੂੰ* ਜਾਓ, ਉਸ ਛੋਕਰੇ ਨੂੰ ਹੁਣੇ ਮੇਰੇ ਅੱਗੇ ਪੇਸ਼ ਕਰੋ!

ਥਾਣੇਦਾਰ : *ਘਬਰਾਹਟ ਵਿਚ ਸਲੂਟ ਮਾਰ ਕੇ* ਬਿਹਤਰ ਜਨਾਬ! *ਕਾਹਲ਼ੀ ਨਾਲ਼ ਬਾਹਰ ਨਿਕਲ ਜਾਂਦਾ ਹੈ।*

ਐੱਸ.ਐੱਸ.ਪੀ. : ਹਰਮਿੰਦਰ ਸਿੰਘ, ਤੂੰ ਤਾਂ ਹੰਢਿਆ-ਵਰਤਿਆ ਪੁਲਿਸ ਆਫ਼ੀਸਰ

ਹੈਂ, ਤੂੰ ਇਹ ਗੰਭੀਰ ਗਲ਼ਤੀ ਕਿਵੇਂ ਕੀਤੀ?

ਡੀ.ਐੱਸ.ਪੀ. : ਗੁਸਤਾਖ਼ੀ ਲਈ ਸ਼ਰਮਿੰਦਾ ਹਾਂ, ਜਨਾਬ!

ਐੱਸ.ਐੱਸ.ਪੀ. : ਅੱਛਾ ਹੁਣ ਐਸਾ ਕਰੋ! ਬਾਗੀਆਂ ਨੂੰ ਗੋਲ਼ੀ ਇਸ ਸਿਪਾਹੀ ਤੋਂ ਹੀ ਮਰਵਾਉ!

ਡੀ.ਐੱਸ.ਪੀ. : ਜਿਵੇਂ ਜਨਾਬ ਦਾ ਹੁਕਮ!

ਦੌਲਾ ਸਿੰਘ : ਸਾਹਿਬ ਬਹਾਦਰ, ਉਹ ਕੀ ਮਾਰੂ ਗੋਲ਼ੀ, ਕੁੜੀਆਂ ਵਰਗਾ ਤਾਂ ਉਹ ਹੈ-ਗਾ! ਏਧਰ ਗੁਲਾਮ ਨੂੰ ਕਰੋ ਹੁਕਮ, ਜੇ ਇਕੋ ਗੋਲ਼ੀ ਨਾਲ਼ ਨਾ ਬੁਲਾ ਦਿਆਂ ਘੁੱਗੂ!

ਐੱਸ.ਐੱਸ.ਪੀ. : ਬਕਵਾਸ ਬੰਦ ਕਰ!

ਦੌਲਾ ਸਿੰਘ : ਕਰ ਦਿਨੈਂ ਸਾਹਿਬ ਬਹਾਦਰ!

*ਭਗਵੰਤ ਸਿੰਘ ਨਿਰਮਲ ਸਿੰਘ ਨੂੰ ਲੈ ਕੇ ਆਉਂਦਾ ਹੈ। ਨਿਰਮਲ ਸਿੰਘ ਸਲੂਟ ਮਾਰਦਾ ਹੈ। ਐੱਸ.ਐੱਸ.ਪੀ. ਉਹਨੂੰ ਤਾੜਵੀਂ ਨਜ਼ਰ ਨਾਲ਼ ਵੇਖਦਾ ਹੈ।*

ਡੀ.ਐੱਸ.ਪੀ. : ਨਿਰਮਲ ਸਿੰਘ! ਐੱਸ.ਐੱਸ.ਪੀ. ਸਾਹਿਬ ਤੇਰੇ 'ਤੇ ਬਹੁਤ ਖ਼ੁਸ਼ ਨੇ। ਤੇਰੀ ਇਮਾਨਦਾਰੀ, ਤੇਰੀ ਸੇਵਾ ਨੂੰ ਵੇਖ ਕੇ ਸਾਹਿਬ ਬਹਾਦਰ ਚਾਹੁੰਦੇ ਹਨ ਕਿ ਤੈਨੂੰ ਕੋਈ ਇਨਾਮ ਦਿੱਤਾ ਜਾਵੇ! ਇਹ ਇਨਾਮ ਫੋਕਾ ਇਨਾਮ ਨਹੀਂ, ਸਗੋਂ ਇਸ ਵਿਚ ਕਈ ਹਜ਼ਾਰ ਰੁਪਏ ਦੀ ਰਕਮ ਸ਼ਾਮਲ ਹੈ। ਇਸ ਲਈ ਤੇਰੀ ਡਿਊਟੀ ਲਾਈ ਗਈ ਹੈ ਕਿ ਬਾਗੀਆਂ ਨੂੰ ਗੋਲ਼ੀ ਤੂੰ ਹੀ ਮਾਰੇਂ!

ਨਿਰਮਲ ਸਿੰਘ : ਮੈਨੂੰ ਮਾਫ਼ੀ ਦਿਉ ਹਜ਼ੂਰ! ਮੇਰੇ ਕੋਲ਼ੋਂ ਇਹ ਨਹੀਂ ਹੋਣਾ! ਤੁਸੀਂ ਗੋਲ਼ੀ ਕਿਸੇ ਹੋਰ ਤੋਂ ਮਰਵਾ ਦਿਉ ਪਰ ਮੈਥੋਂ ਇਹ ਨਹੀਂ ਹੋਣਾ।

ਐੱਸ.ਐੱਸ.ਪੀ. : ਕਿਉਂ ਤੇਰੇ ਕੋਲ਼ੋਂ ਇਹ ਕਿਉਂ ਨੀਂ ਹੋਣਾ ਨਿਰਮਲ ਸਿੰਘ?

ਨਿਰਮਲ ਸਿੰਘ : ਜਨਾਬ ਮੇਰਾ ਦਿਲ ਬਹੁਤ ਪਤਲਾ ਐ, ਮੈਂ ਬੰਦੇ ਨੂੰ ਗੋਲ਼ੀ ਨਹੀਂ ਮਾਰ ਸਕਦਾ!

ਐੱਸ.ਐੱਸ.ਪੀ. : ਜੇ ਦਿਲ ਏਨਾ ਪਤਲਾ ਸੀ ਤਾਂ ਪੁਲਿਸ ਵਿਚ ਭਰਤੀ ਕਿਉਂ ਹੋਣਾ ਸੀ?

ਨਿਰਮਲ ਸਿੰਘ : ਮਜਬੂਰੀ ਸੀ ਜਨਾਬ, ਘਰੇ ਤੰਗੀ...

ਐੱਸ.ਐੱਸ.ਪੀ. : ਮਜਬੂਰੀ ਸੀ ਤਾਂ ਕਲਰਕ ਲੱਗ ਜਾਂਦਾ, ਮਾਸਟਰ ਲੱਗ ਜਾਂਦਾ...

ਨਿਰਮਲ ਸਿੰਘ : ਜ਼ਰੂਰ ਲੱਗ ਜਾਂਦਾ ਜਨਾਬ, ਜੇ ਉਧਰੋਂ ਕੋਈ ਸਿਫ਼ਾਰਸ਼ ਮਿਲ ਜਾਂਦੀ! ਇਧਰ ਸਿਫ਼ਾਰਸ਼ ਭਿੜ ਗਈ ਤਾਂ ਪੁਲਿਸ 'ਚ ਆ ਗਿਆ। ਚਾਂਸ ਦੀ ਗੱਲ ਐ ਜਨਾਬ।

ਐੱਸ.ਐੱਸ.ਪੀ. : *ਡਿਪਟੀ* ਨੂੰ ਤੂੰ ਤਾਂ ਇਸਨੂੰ ਇਮਾਨਦਾਰ ਆਖਦਾ ਸੀ ਹਰਮਿੰਦਰ ਸਿੰਘ। ਇਹ ਤਾਂ ਸਿਫ਼ਾਰਸ਼ੀ ਟੱਟੂ ਐ, ਆਪ ਮੰਨਦੈ। ਇਹ ਕਿੱਥੋਂ ਦੀ ਇਮਾਨਦਾਰੀ ਐ?

ਨਿਰਮਲ ਸਿੰਘ : ਮੈਂ ਕਦੇ ਨਹੀਂ ਕਿਹਾ ਜਨਾਬ ਬਈ ਮੈਂ ਇਮਾਨਦਾਰ ਐਂ! ਪਰ ਇਹ

ਸੱਚ ਐ ਕਿ ਮੈਂ ਸਿਪਾਹੀ ਸਿਫ਼ਾਰਸ਼ ਨਾਲ਼ ਬਣਿਐਂ, ਜਿਵੇਂ ਹੋਰ ਬਹੁਤ ਸਾਰੇ ਬਣੇ ਨੇ!

ਐੱਸ.ਐੱਸ.ਪੀ. : ਤੈਨੂੰ ਕੀ ਪਤੈ ਹੋਰ ਵੀ ਸਿਫ਼ਾਰਸ਼ ਨਾਲ਼ ਸਿਪਾਹੀ ਬਣੇ ਨੇ?

ਨਿਰਮਲ ਸਿੰਘ : ਜਦੋਂ ਅਸੀਂ ਸਾਧਾਰਨ ਗੱਲਾਂ ਕਰਦੇ ਐਂ ਜਨਾਬ, ਉਦੋਂ ਸਭ ਦੱਸ ਦਿੰਨੇ ਐਂ ਬਈ ਕਿਹੜਾ ਕਿਵੇਂ ਸਿਪਾਹੀ ਲੱਗਿਐ।

ਐੱਸ.ਐੱਸ.ਪੀ. : ਘਰੋਂ ਤੂੰ ਤੰਗ ਐਂ, ਨੌਕਰੀ ਸਿਫ਼ਾਰਸ਼ ਨਾਲ਼ ਮਿਲੀ ਐ, ਫਿਰ ਇਸ ਨੌਕਰੀ ਨੂੰ ਕਾਇਮ ਰੱਖਣ ਦੀ ਕਿਉਂ ਨਹੀਂ ਸੋਚਦਾ?

ਨਿਰਮਲ ਸਿੰਘ : ਸੋਚਦੈਂ ਜਨਾਬ, ਅਵਦੀ ਵਲੋਂ ਤਾਂ ਪੂਰੀ ਕੋਸ਼ਿਸ਼ ਰੱਖੀ-ਦੀ ਐ ਕਿ ਕੋਈ ਕੁਤਾਹੀ ਨਾ ਹੋ ਜਾਵੇ!

ਐੱਸ.ਐੱਸ.ਪੀ. : ਤੂੰ ਹੁਕਮ ਅਦੂਲੀ ਨੂੰ ਕੋਈ ਕੁਤਾਹੀ ਨਹੀਂ ਸਮਝਦਾ?

ਨਿਰਮਲ ਸਿੰਘ : ਸਮਝਦੈ ਜਨਾਬ, ਸਮਝਦਾ ਕਿਉਂ ਨਹੀਂ?

ਐੱਸ.ਐੱਸ.ਪੀ. : ਫਿਰ ਬਾਗੀਆਂ ਨੂੰ ਗੋਲ਼ੀ ਮਾਰਨ ਦਾ ਹੁਕਮ ਕਿਉਂ ਨੀ ਮੰਨਦਾ?

ਨਿਰਮਲ ਸਿੰਘ : ਇਹ ਕਾਨੂੰਨੀ ਹੁਕਮ ਨਹੀਂ ਜਨਾਬ! ਬਾਗੀ ਫੜੇ ਗਏ ਹਨ, ਹਿਰਾਸਤ ਵਿਚ ਹਨ ਪਰ ਬਣਾਇਆ ਇਹ ਜਾ ਰਿਹਾ ਐ ਕਿ ਉਹ ਮੁਕਾਬਲੇ ਵਿਚ ਮਾਰੇ ਗਏ। ਕਾਨੂੰਨ ਇਹ ਤਾਂ ਨੀਂ ਕਹਿੰਦਾ ਜਨਾਬ ਕਿ ਫੜੇ ਹੋਏ ਬੰਦਿਆਂ ਨੂੰ ਗੋਲ਼ੀ ਮਾਰ ਕੇ ਫੇਰ ਮੁਕਾਬਲਾ ਬਣਾ ਦਿਉ?

ਡੀ.ਐੱਸ.ਪੀ. : ਨਿਰਮਲ ਸਿੰਘ, ਹੋਸ਼ ਨਾਲ਼ ਗੱਲ ਕਰ! ਤੂੰ ਜ਼ਿਲ੍ਹੇ ਦੇ ਸਭ ਤੋਂ ਵੱਡੇ ਅਫ਼ਸਰ ਨਾਲ਼ ਗੱਲ ਕਰ ਰਿਹੈਂ?

ਐੱਸ.ਐੱਸ.ਪੀ. : ਗੁੱਸੇ ਨਾ ਹੋ ਹਰਮਿੰਦਰ ਸਿੰਘ! ਨੌਜਵਾਨ ਹੈ! ਅਜਿਹੀਆਂ ਗੱਲਾਂ ਕਰਨਾ ਇਹਦੇ ਲਈ ਅਨਨੈਚੁਰਲ ਨਹੀਂ। ਅਸੀਂ ਵੀ ਕਦੇ ਅਜਿਹੀਆਂ ਗੱਲਾਂ ਕਰਿਆ ਕਰਦੇ ਸਾਂ। ਨਿਰਮਲ ਸਿੰਘ, ਮੈਨੂੰ ਤੇਰੇ ਵਿਚਾਰ ਸੁਣ ਕੇ ਬੜੀ ਖ਼ੁਸ਼ੀ ਹੋਈ ਹੈ! ਤੇਰੇ ਅੰਦਰ ਕਾਨੂੰਨ ਪਾਲਣ ਦੀ ਬੜੀ ਪਰਬਲ ਭਾਵਨਾ ਹੈ। ਮੈਂ ਇਸ ਦਾ ਸਤਿਕਾਰ ਕਰਦਾ ਹਾਂ। ਜੇ ਸਾਡੇ ਸਾਰਿਆਂ ਦੇ ਅੰਦਰ ਕਾਨੂੰਨ ਪਾਲਣ ਦੀ ਤੇਰੇ ਵਰਗੀ ਭਾਵਨਾ ਘਰ ਕਰ ਜਾਵੇ ਤਾਂ ਅਸੀਂ ਮੁਲਕ ਦੇ ਬੜੇ ਜ਼ਿੰਮੇਵਾਰ ਸ਼ਹਿਰੀ ਬਣ ਸਕਦੇ ਹਾਂ। ਪਰ ਮੈਨੂੰ ਅਫ਼ਸੋਸ ਹੈ ਕਿ ਤੂੰ ਇਸ ਦੇ ਅਰਥ ਉਲਟ ਲੈ ਰਿਹਾ ਹੈ। ਤੂੰ ਜਾਣਦਾ ਹੈ ਕਿ ਬਾਗੀ ਸਾਰੇ ਕਾਨੂੰਨ ਛਿੱਕੇ 'ਤੇ ਟੰਗ ਕੇ ਵੱਡੇ ਵੱਡੇ ਸੇਠਾਂ ਸਰਦਾਰਾਂ, ਜਿਹੜੇ ਸਾਡੇ ਸਮਾਜ ਦੇ ਬੜੇ ਮਾਨਯੋਗ ਵਿਅਕਤੀ ਹਨ, ਉਨ੍ਹਾਂ ਨੂੰ ਜਾਨੋਂ ਮਾਰ ਰਹੇ ਹਨ!... ਉਹ ਸਮਾਜ ਬਦਲਣ ਦੇ ਨਾਂ ਥੱਲੇ ਸਮਾਜ ਦੇ ਕਾਨੂੰਨਾਂ ਦੀ ਤੋੜ-ਭੰਨ ਕਰ ਰਹੇ ਹਨ!... ਸਮਾਜ ਨੂੰ ਬਦਲਣਾ ਕੌਣ ਨਹੀਂ ਚਾਹੁੰਦਾ! ਮੈਂ ਚਾਹੁੰਦਾ ਹਾਂ! ਤੂੰ ਚਾਹੁੰਦਾ ਹੈਂ! ਸ. ਹਰਮਿੰਦਰ ਸਿੰਘ ਚਾਹੁੰਦਾ ਹੈ! ਕਿਉਂ? ਕਿਉਂਕਿ ਸਮਾਜ ਵਿਚ

ਬਹੁਤ ਗੰਦ ਭਰਿਆ ਹੋਇਆ ਹੈ! ਪਰ ਸਮਾਜ ਨੂੰ ਬਦਲਣ ਲਈ ਇਕ ਕਾਇਦਾ ਹੁੰਦਾ ਹੈ, ਕਾਨੂੰਨ ਹੁੰਦਾ ਹੈ, ਨਿਯਮ ਹੁੰਦਾ ਹੈ! ਸਾਡੇ ਪਾਸ ਡੈਮੋਕਰੇਸੀ ਹੈ, ਹਰ ਇਕ ਨੂੰ ਹਰ ਤਰ੍ਹਾਂ ਦੀ ਆਜ਼ਾਦੀ ਹੈ! ਪਾਰਲੀਆਮੈਂਟ ਸਿਸਟਮ ਹੈ, ਅਸੀਂ ਇਕ ਸਰਕਾਰ ਬਦਲ ਕੇ ਦੂਸਰੀ ਲਿਆ ਸਕਦੇ ਹਾਂ, ਸਮਾਜ ਬਦਲ ਸਕਦੇ ਹਾਂ! ਫਿਰ ਇਹ ਬਾਗੀ ਕਾਨੂੰਨ ਭੰਗ ਕਿਉਂ ਕਰਦੇ ਹਨ? ਕੀ ਤੇਰੇ ਵਰਗਾ ਕਾਨੂੰਨ-ਪਾਲਕ ਸ਼ਹਿਰੀ ਇਹ ਬਰਦਾਸ਼ਤ ਕਰ ਸਕਦਾ ਹੈ ਕਿ ਕੋਈ ਬਾਗੀ ਲੱਖਾਂ ਕੁਰਬਾਨੀਆਂ ਕਰ ਕੇ ਪ੍ਰਾਪਤ ਕੀਤਾ ਇਹ ਸਭ ਕੁਛ ਤਹਿਸ-ਨਹਿਸ ਕਰ ਦੇਵੇ?

ਨਿਰਮਲ ਸਿੰਘ : ਜਨਾਬ, ਮੈਨੂੰ ਰਾਜਨੀਤੀ ਦਾ ਬਹੁਤਾ ਗਿਆਨ ਨਹੀਂ! ਮੈਨੂੰ ਆਪਣੀ ਇਸ ਅਗਿਆਨਤਾ ਦਾ ਦੁੱਖ ਵੀ ਹੈ ਤੇ ਅਫ਼ਸੋਸ ਵੀ! ਮੈਨੂੰ ਨਹੀਂ ਪਤਾ ਸਮਾਜ ਬਦਲਣਾ ਚਾਹੀਦਾ ਹੈ ਕਿ ਨਹੀਂ! ਮੈਂ ਇਕ ਭਾਵਕ ਜਿਹਾ ਬੰਦਾ ਹਾਂ ਜਿਵੇਂ ਦਿਲ ਕਹਿੰਦਾ ਹੈ ਓਦਾਂ ਕਰਦਾ ਹਾਂ! ਸੱਚ ਮੁੱਚ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਬਾਗੀ ਵੱਡੇ ਵੱਡੇ ਜ਼ਿਮੀਦਾਰਾਂ, ਸਰਦਾਰਾਂ ਤੇ ਸੇਠਾਂ ਨੂੰ ਕਿਉਂ ਮਾਰਦੇ ਹਨ! ਉਨ੍ਹਾਂ ਨੂੰ ਮਾਰਿਆਂ ਸਮਾਜ ਕਿਵੇਂ ਬਦਲ ਜਾਵੇਗਾ? ਪਰ ਮੈਨੂੰ ਇਸ ਗੱਲ ਦੀ ਵੀ ਸਮਝ ਨਹੀਂ ਆਈ ਕਿ ਵੱਡੇ ਵੱਡੇ ਜ਼ਿਮੀਦਾਰ, ਸਰਦਾਰ ਤੇ ਸੇਠ ਸਮਾਜ ਦੇ ਮਾਨਯੋਗ ਵਿਅਕਤੀ ਕਿਸ ਤਰ੍ਹਾਂ ਹਨ! ਉਨ੍ਹਾਂ ਦੇ ਖ਼ਤਮ ਹੋਣ ਨਾਲ਼ ਸਮਾਜ ਵਿਚ ਗੜਬੜ ਕਿਵੇਂ ਪੈਦਾ ਹੋ ਜਾਂਦੀ ਹੈ!

ਐੱਸ.ਐੱਸ.ਪੀ. : ਚੱਲ ਮੈਂ ਵੀ ਤੇਰੇ ਨਾਲ਼ ਸਹਿਮਤ ਹਾਂ ਕਿ ਵੱਡੇ ਵੱਡੇ ਸੇਠ, ਸਰਦਾਰ ਮਾਨਯੋਗ ਵਿਅਕਤੀ ਨਹੀਂ! ਉਨ੍ਹਾਂ ਵਿਚ ਬਹੁਤ ਸਾਰੇ ਸਮਗਲਰ, ਬਲੈਕ ਮਾਰਕੀਟੀਏ ਹਨ! ਪਰ ਇਕ ਗੱਲ ਤਾਂ ਤੂੰ ਮੰਨੇਗਾ ਹੀ ਕਿ ਬਾਗ਼ੀਆਂ ਦਾ ਉਨ੍ਹਾਂ ਨੂੰ ਮਾਰਨਾ ਗ਼ੈਰ-ਕਾਨੂੰਨੀ ਹੈ?

ਨਿਰਮਲ ਸਿੰਘ : ਹਾਂ, ਇਹ ਤਾਂ ਮੈਂ ਮੰਨਦੈਂ ਕਿ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਮਾਰਨਾ ਨਹੀਂ ਚਾਹੀਦਾ!

ਐੱਸ.ਐੱਸ.ਪੀ. : ਫੇਰ ਤੂੰ ਕੀ ਇਹ ਚਾਹੁੰਦਾ ਹੈਂ ਕਿ ਜੋ ਲੋਕ ਕਾਨੂੰਨ-ਸ਼ਿਕਨੀ ਕਰਦੇ ਹਨ ਉਨ੍ਹਾਂ ਨੂੰ ਖ਼ਤਮ ਨਾ ਕੀਤਾ ਜਾਵੇ!

ਨਿਰਮਲ ਸਿੰਘ : ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਹੀ ਖ਼ਤਮ ਕੀਤਾ ਜਾਵੇ! ਫੜ ਕੇ ਮਾਰਨਾ, ਮੈਂ ਸਮਝਦੈਂ ਜਨਾਬ, ਉਤਨਾ ਹੀ ਗੈਰ-ਕਾਨੂੰਨੀ ਹੈ, ਜਿੰਨਾ ਕਿਸੇ ਸੇਠ, ਸਰਦਾਰ ਨੂੰ ਬਾਗੀਆਂ ਰਾਹੀਂ ਗੋਲ਼ੀ ਮਾਰਨਾ!

ਐੱਸ.ਐੱਸ.ਪੀ. : ਤੂੰ ਕਾਨੂੰਨ ਦੀ ਰਾਖੀ ਲਈ ਮਾਰਨ ਤੇ ਗੜਬੜ ਪੈਦਾ ਕਰਨ ਲਈ ਗੋਲ਼ੀ ਮਾਰਨ ਨੂੰ ਇਕੋ ਗੱਲ ਸਮਝਦਾ ਹੈਂ?

ਨਿਰਮਲ ਸਿੰਘ : ਮੈਂ ਸਮਝਦੈਂ ਬਾਗੀ ਨੂੰ ਫੜ ਕੇ ਗੋਲ਼ੀ ਮਾਰਨਾ ਕਾਨੂੰਨ ਦੀ ਰਾਖੀ ਨਹੀਂ, ਕਾਨੂੰਨ ਦੀ ਉਲੰਘਣਾ ਹੈ! ਜੇ ਬਾਗੀ ਨੂੰ ਫੜ ਕੇ ਗੋਲ਼ੀ ਮਾਰਨੀ ਏਨੀ ਹੀ ਜ਼ਰੂਰੀ ਹੈ ਤਾਂ ਸਰਕਾਰ ਪਹਿਲਾਂ ਕਾਨੂੰਨ ਬਣਾ ਦੇਵੇ ਕਿ ਫੜੇ ਬਾਗੀ ਨੂੰ ਗੋਲ਼ੀ ਮਾਰਨਾ ਕਾਨੂੰਨ ਅਧੀਨ ਹੈ!

ਥਾਣੇਦਾਰ : ਇਸ ਨਾਲ਼ ਕੀ ਫ਼ਰਕ ਪੈਂਦਾ ਹੈ! ਜਦੋਂ ਅਸੀਂ ਬਾਗੀ ਨੂੰ ਗੋਲ਼ੀ ਮਾਰਦੇ ਹਾਂ, ਫੇਰ ਕਿਹੜਾ ਸਰਕਾਰ ਜਾਂ ਕਾਨੂੰਨ ਸਾਨੂੰ ਕੁਝ ਕਹਿੰਦਾ ਹੈ!

ਐੱਸ.ਐੱਸ.ਪੀ. : ਤੂੰ ਚੁੱਪ ਰਹਿ ਭਗਵੰਤ ਸਿੰਘ!

ਥਾਣੇਦਾਰ : ਬਿਹਤਰ ਜਨਾਬ!

ਐੱਸ.ਐੱਸ.ਪੀ. : ਨਿਰਮਲ ਸਿੰਘ, ਇੰਜ ਲੱਗਦਾ ਹੈ ਕਿ ਤੇਰੇ 'ਤੇ ਅੱਤਵਾਦੀ ਵਿਚਾਰਾਂ ਦਾ ਕਾਫ਼ੀ ਪ੍ਰਭਾਵ ਹੈ! ਤੈਨੂੰ ਇਸ ਗੱਲ ਦਾ ਧਿਆਨ ਨਹੀਂ ਕਿ ਕਾਨੂੰਨ ਦੀ ਰਾਖੀ ਲਈ ਗੋਲ਼ੀ ਮਾਰਨ 'ਚ ਤੇ ਕਾਨੂੰਨ ਭੰਗ ਕਰਨ ਲਈ ਗੋਲ਼ੀ ਮਾਰਨ ਵਿਚ ਇਕ ਬੁਨਿਆਦੀ ਅੰਤਰ ਹੈ! ਸਪੱਸ਼ਟ ਹੈ ਕਿ ਅਸਿੱਧੇ ਤੌਰ 'ਤੇ ਤੂੰ ਬਾਗੀਆਂ ਦੀ ਸਾਈਡ ਲੈ ਰਿਹਾ ਹੈਂ?

ਨਿਰਮਲ ਸਿੰਘ : ਮੈਂ ਬਾਗੀਆਂ ਦੀ ਸਾਈਡ ਨਹੀਂ ਲੈ ਰਿਹਾ ਜਨਾਬ, ਮੈਂ ਤਾਂ ਸਿਰਫ਼ ਇਹੋ ਬੇਨਤੀ ਕਰ ਰਿਹਾ ਹਾਂ ਕਿ ਗੋਲ਼ੀ ਮੇਰੇ ਕੋਲੋਂ ਨਾ ਮਰਵਾਈ ਜਾਵੇ!

ਐੱਸ.ਐੱਸ.ਪੀ. : ਕਿਉਂ ਤੇਰੇ ਕੋਲੋਂ ਕਿਉਂ ਨਾ ਮਰਵਾਈ ਜਾਵੇ? ਤੂੰ ਸਰਕਾਰ ਕੋਲੋਂ ਤਨਖਾਹ ਨਹੀਂ ਲੈਂਦਾ?

ਨਿਰਮਲ ਸਿੰਘ : ਲੈਂਨੈਂ ਜਨਾਬ!

ਐੱਸ.ਐੱਸ.ਪੀ. : ਫੇਰ!?

ਥਾਣੇਦਾਰ : ਗੁਸਤਾਖੀ ਮਾਫ ਜਨਾਬ। ਨਿਰਮਲ ਸਿੰਘ ਨੇ ਮੈਨੂੰ ਦੱਸਿਆ ਸੀ ਕਿ ਫੜੇ ਹੋਏ ਬਾਗੀਆਂ ਵਿਚੋਂ ਇਕ ਬਾਗੀ ਦਰਸ਼ਨ ਸਿੰਘ ਇਸ ਨਾਲ਼ ਕਾਲਜ ਵਿਚ ਪੜ੍ਹਦਾ ਸੀ। ਸ਼ਾਇਦ ਇਸੇ ਕਰ ਕੇ ਨਿਰਮਲ ਸਿੰਘ ਗੋਲ਼ੀ ਮਾਰਨ ਤੋਂ ਹਿਚਕਚਾਹਟ ਕਰਦਾ ਹੈ।

ਐੱਸ.ਐੱਸ.ਪੀ. : ਹੂੰ! ਇਹ ਗੱਲ ਐ! ਤਾਂ ਇਹ ਕਿਉਂ ਨਹੀਂ ਕਹਿੰਦੇ ਕਿ ਨਿਰਮਲ ਸਿੰਘ ਪੁਲਿਸ ਵਿਚ ਬਾਗੀਆਂ ਦਾ ਸੈੱਲ ਐ!?

ਨਿਰਮਲ ਸਿੰਘ : ਨਹੀਂ ਜਨਾਬ, ਮੈਨੂੰ ਆਪਣੇ ਇਕੋ ਇਕ ਬੱਚੇ ਦੀ ਸਹੁੰ, ਮੇਰਾ ਬਾਗੀਆਂ ਨਾਲ਼ ਕੋਈ ਸਬੰਧ ਨਹੀਂ!

ਐੱਸ.ਐੱਸ.ਪੀ. : ਬਾਗੀ ਦਰਸ਼ਨ ਸਿੰਘ ਤੇਰਾ ਕਲਾਸਫੈਲੋ ਸੀ?

ਨਿਰਮਲ ਸਿੰਘ : ਨਹੀਂ ਜਨਾਬ, ਉਹ ਮੈਥੋਂ ਅੱਗੇ ਸੀ ਦੋ ਸਾਲ!

ਐੱਸ.ਐੱਸ.ਪੀ. : ਦਰਸ਼ਨ ਸਿੰਘ ਦੀ ਸਟੂਡੈਂਟ ਯੂਨੀਅਨ ਦਾ ਤੂੰ ਮੈਂਬਰ ਨਹੀਂ ਸੀ?

ਨਿਰਮਲ ਸਿੰਘ : ਨਹੀਂ ਜਨਾਬ, ਮੈਂ ਬੜਾ ਡਰਪੋਕ ਜਿਹਾ ਬੰਦਾ ਸੀ, ਯੂਨੀਅਨ ਵਾਲਿਆਂ ਤੋਂ ਡਰਦਾ ਦੂਰ ਹੀ ਰਹਿੰਦਾ ਸੀ। ਘਰੋਂ ਗਰੀਬ ਸੀ,

ਸੋਚਿਆ ਸੀ ਪੜ੍ਹ ਕੇ ਕੋਈ ਚੰਗੀ ਨੌਕਰੀ ਲੈ ਕੇ ਘਰ ਦੀ ਹਾਲਤ ਸੁਧਾਰਾਂਗਾ! ਪਰ ਹਾਲਾਤ ਨੇ ਪੜ੍ਹਾਈ ਵਿਚਾਲਿਉਂ ਛੁਡਾ ਕੇ ਸਿਪਾਹੀ ਬਣਾ ਦਿੱਤਾ!

ਐੱਸ.ਐੱਸ.ਪੀ. : ਜੇ ਏਨਾ ਈ ਡਰਪੋਕ ਐਂ ਤਾਂ ਅੱਜ ਕਿਉਂ ਨਹੀਂ ਡਰ ਰਿਹੈ? ਤੈਨੂੰ ਨਹੀਂ ਪਤਾ ਬਈ ਜੇ ਤੂੰ ਬਾਗੀਆਂ ਨੂੰ ਗੋਲ਼ੀ ਨਾ ਮਾਰੀ, ਤੇਰੀ ਇਹ ਨੌਕਰੀ ਵੀ ਖੁੱਸ ਸਕਦੀ ਐ?

ਨਿਰਮਲ ਸਿੰਘ : ਪਰ ਜਨਾਬ, ਗੋਲ਼ੀ ਕੋਈ ਹੋਰ ਵੀ ਤਾਂ ਮਾਰ ਸਕਦਾ ਹੈ, ਮੇਰੀ ਜ਼ਮੀਰ ਨੂੰ ਹੀ ਕਿਉਂ ਮਜਬੂਰ ਕੀਤਾ ਜਾ ਰਿਹਾ ਹੈ?

ਐੱਸ.ਐੱਸ.ਪੀ. : ਇਸ ਲਈ ਕਿ ਅਸੀਂ ਪੁਲਿਸ 'ਚ ਕੋਈ ਵੀ ਅਜਿਹਾ ਵਿਅਕਤੀ ਨਹੀਂ ਰੱਖਣਾ ਚਾਹੁੰਦੇ ਜੋ ਆਪਣੀ ਜ਼ਮੀਰ ਦੀ ਦੁਹਾਈ ਪਾਈ ਜਾਵੇ! ਇਥੇ ਉਹੋ ਕੁਝ ਹੋਵੇਗਾ ਜੋ ਸਰਕਾਰ ਚਾਹੇਗੀ! ਉਹ ਨਹੀਂ ਜੋ ਬੰਦੇ ਦੀ ਜ਼ਮੀਰ ਚਾਹੇਗੀ!

*ਬਾਹਰੋਂ ਇਕ ਸਿਪਾਹੀ ਆ ਕੇ ਸਲੂਟ ਮਾਰਦਾ ਹੈ।*

ਸਿਪਾਹੀ : ਜਨਾਬ ਬਾਗੀ ਲੈ ਆਂਦੇ ਹਨ!

ਐੱਸ.ਐੱਸ.ਪੀ. : *ਥਾਣੇਦਾਰ ਨੂੰ* ਭਗਵੰਤ ਸਿੰਘ ਜਾਉ, ਸਭ ਪ੍ਰਬੰਧ 'ਤੇ ਇਕ ਵਾਰ ਫਿਰ ਨਜ਼ਰ ਮਾਰ ਲਵੋ!

ਥਾਣੇਦਾਰ : ਬਿਹਤਰ ਜਨਾਬ! *ਸਲੂਟ ਮਾਰ ਕੇ ਸਿਪਾਹੀ ਨੂੰ ਲੈ ਕੇ ਚਲਿਆ ਜਾਂਦਾ ਹੈ।*

ਐੱਸ.ਐੱਸ.ਪੀ. : ਨਿਰਮਲ ਸਿੰਘ, ਫੈਸਲਾ ਇਹੋ ਹੈ ਕਿ ਬਾਗੀਆਂ ਨੂੰ ਗੋਲ਼ੀ ਤੂੰ ਹੀ ਮਾਰੇਂਗਾ!

ਨਿਰਮਲ ਸਿੰਘ : ਗ਼ਲਤੀ ਮਾਫ਼ ਜਨਾਬ, ਮੇਰੇ ਕੋਲੋਂ ਨਹੀਂ ਹੋਣਾ!

ਐੱਸ.ਐੱਸ.ਪੀ : ਇਹ ਤੇਰੇ ਕੋਲੋਂ ਹੀ ਹੋਵੇਗਾ! ਤੈਨੂੰ ਸੋਚਣ ਦਾ ਵਕਤ ਦਿੱਤਾ ਜਾਂਦੈ! ਡੀ.ਐਸ.ਪੀ. ਸਾਹਿਬ ਨੂੰ ਦੱਸ-ਦੀਂ ਤੇਰਾ ਕੀ ਇਰਾਦਾ ਹੈ! ਤੂੰ ਮੇਰੇ ਪਾਠ ਦਾ ਸਮਾਂ ਵੀ ਜਾਇਆ ਕਰ ਦਿੱਤਾ! ਪਾਠ ਹੁਣ ਤੇਰੇ ਨਾਲ਼ ਨਿਪਟੇ ਤੋਂ ਬਾਅਦ ਹੀ ਕਰਾਂਗਾ! ਪਹਿਲਾਂ ਮੈਂ ਬਾਗੀਆਂ ਵੱਲ ਹੋ ਆਵਾਂ! ਹਾਂ ਹਰਮਿੰਦਰ ਸਿੰਘ, ਤੂੰ ਕਰ ਲੈ ਇਸ ਨਾਲ਼ ਗੱਲ ਜਿਹੜੀ ਕਰਨੀ ਐਂ!

*ਸਿਪਾਹੀ ਦੌਲਾ ਸਿੰਘ ਸਮੇਤ ਚਲਿਆ ਜਾਂਦਾ ਹੈ।*

ਡੀ.ਐੱਸ.ਪੀ. : ਕਿਉਂ ਫੋਕੇ ਆਦਰਸ਼ਵਾਦ 'ਚ ਪਿਆ ਹੋਇਐਂ ਨਿਰਮਲ ਸਿੰਘ! ਪੁਲਿਸ ਵਿਚ ਭਰਤੀ ਹੋ ਕੇ ਬੰਦੇ ਨੂੰ 'ਠੀਕ ਕੀ ਐ, ਨਾ-ਠੀਕ ਕੀ ਐ' ਨੀ ਸੋਚਣਾ ਚਾਹੀਦਾ! ਜਿਵੇਂ ਸਰਕਾਰ ਚਾਹੁੰਦੀ ਐ ਉਵੇਂ ਕਰਨਾ ਚਾਹੀਦੈ!

ਨਿਰਮਲ ਸਿੰਘ : ਪਰ ਡਿਪਟੀ ਸਾਹਿਬ, ਬੰਦੇ ਦੀ ਜ਼ਮੀਰ ਵੀ ਕੁ ਤਾਂ ਕੋਈ ਚੀਜ਼ ਹੁੰਦੀ ਐ? ਮੈਂ ਉਸ ਬੰਦੇ ਨੂੰ ਕਿਵੇਂ ਗੋਲ਼ੀ ਮਾਰ ਦਿਆਂ ਜਿਹੜਾ...

ਡੀ.ਐੱਸ.ਪੀ. : ਦਰਸ਼ਨ ਤੇਰਾ ਦੋਸਤ ਸੀ ਕਾਲਜ ਵਿਚ?

ਨਿਰਮਲ ਸਿੰਘ : ਨਹੀਂ!

ਡੀ.ਐੱਸ.ਪੀ. : ਫਿਰ ਤੂੰ ਐਨੀ ਹਿਚਕਚਾਹਟ ਕਿਉਂ ਕਰਦੈਂ?... ਇਹ ਕੰਮ ਤਾਂ ਮਿੱਤਰਾ ਕਰਨਾ ਈ ਪੈਣੈਂ, ਅੱਜ ਨਹੀਂ ਤਾਂ ਕੱਲ੍ਹ! ਐੱਸ.ਐੱਸ.ਪੀ. ਪੂਰਾ ਹਿੰਡੀ ਐ! ਉਹਨੇ ਗੋਲ਼ੀ ਤੇਰੇ ਕੋਲੋਂ ਮਰਵਾ ਕੇ ਹੀ ਸਾਹ ਲੈਣੈਂ! ਜੇ ਤੂੰ ਨਾ ਮੰਨਿਆ ਨੌਕਰੀ 'ਚੋਂ ਕੱਢ-ਦੂ!

ਨਿਰਮਲ ਸਿੰਘ : ਡਿਪਟੀ ਸਾਹਿਬ! ਇਹ ਕਿਹਾ ਨਿਰਦਈ ਮਹਿਕਮਾ ਐਂ ਜੋ ਬੰਦੇ ਅੰਦਰਲੀ ਇਨਸਾਨੀਅਤ ਨੂੰ ਬੇ-ਰਹਿਮੀ ਨਾਲ਼ ਚਰ ਜਾਂਦੈ? ਥੋਨੂੰ ਮੈਂ ਕਿਵੇਂ ਦਸਾਂ ਕਿ ਮੈਂ ਦਰਸ਼ਨ ਨੂੰ ਗੋਲ਼ੀ ਨਹੀਂ ਮਾਰ ਸਕਦਾ!

ਡੀ.ਐੱਸ.ਪੀ. : ਦਰਸ਼ਨ ਨੇ ਕਦੇ ਤੇਰੇ 'ਤੇ ਕੋਈ ਅਹਿਸਾਨ ਕੀਤਾ ਸੀ? ਉੜ-ਥੁੜ ਵੇਲੇ ਤੈਨੂੰ ਰੁਪਏ ਵਗੈਰਾ ਦਿੱਤੇ ਸੀ ਉਸਨੇ?

ਨਿਰਮਲ ਸਿੰਘ : ਨਹੀਂ, ਸਾਡਾ ਏਨਾਂ ਨੇੜੇ ਦਾ ਸਬੰਧ ਹੀ ਨਹੀਂ ਸੀ ਕਿ ਅਸੀਂ ਇਕ ਦੂਜੇ ਤੋਂ ਕੁਝ ਲੈਂਦੇ ਦਿੰਦੇ!

ਡੀ.ਐੱਸ.ਪੀ. : ਫੇਰ?

ਨਿਰਮਲ ਸਿੰਘ : ਮੇਰੇ ਨਾਲ਼ ਉਹਦਾ ਸਬੰਧ ਇਕ ਨਿੱਕੀ ਜਿਹੀ ਘਟਨਾ ਦਾ ਹੈ! ਜਿਸ ਦਿਨ ਮੈਂ ਮਜਬੂਰੀ ਵੱਸ ਕਾਲਜ ਵਿਚੋਂ ਆਪਣਾ ਨਾਂ ਕਟਵਾ ਕੇ ਬੜਾ ਉਦਾਸ ਜਿਹਾ ਆ ਰਿਹਾ ਸੀ ਤਾਂ ਦਰਸ਼ਨ ਆਪਣੇ ਦੋ ਸਾਥੀਆਂ ਸਮੇਤ ਕਾਲਜ ਦੀ ਕੰਟੀਨ ਦੇ ਬਾਹਰ ਖੜ੍ਹਾ ਚਾਹ ਪੀ ਰਿਹਾ ਸੀ! ਉਸ ਨੇ ਮੈਨੂੰ ਬੜੇ ਪਿਆਰ ਨਾਲ਼ ਬੋਲ ਮਾਰਿਆ, 'ਬਾਈ ਨਿਰਮਲ! ਆ ਜਾ! ਕੋ-ਨੀਂ ਇਤਨਾ ਉਦਾਸ ਨਾ ਹੋ! ਜ਼ਿੰਦਗੀ 'ਚ ਅਜਿਹੀਆਂ ਮੁਸ਼ਕਿਲਾਂ ਆਉਂਦੀਆਂ ਹੀ ਰਹਿੰਦੀਆਂ ਨੇ! ਹੌਸਲਾ ਰੱਖ, ਲੈ ਇਕ ਘੁੱਟ ਚਾਹ ਪੀ ਸਾਡੇ ਪਿਆਰ ਦੀ ਨਿਸ਼ਾਨੀ!'... ਡਿਪਟੀ ਸਾਹਿਬ ਉਸਨੇ ਚਾਹ ਦੀ ਇਕ ਘੁੱਟ ਇੰਨੇ ਪਿਆਰ ਨਾਲ਼ ਪੇਸ਼ ਕੀਤੀ ਸੀ, ਜਾਂ ਫਿਰ ਮੈਨੂੰ ਇੰਜ ਮਹਿਸੂਸ ਹੋਈ ਸੀ, ਕਿ ਅੱਜ ਤੱਕ ਵੀ ਮੈਨੂੰ ਉਸ ਦੀ ਚਾਹ ਦੀ ਘੁੱਟ ਦਾ ਸੁਆਦ ਯਾਦ ਐ! ਦਰਸ਼ਨ ਹਮੇਸ਼ਾ ਆਪਣੀਆਂ ਅੱਖਾਂ ਤੇ ਬੁੱਲ੍ਹਾਂ ਵਿਚ ਮਿੱਠੀ-ਮਿੱਠੀ ਮੁਸਕਾਣ ਰੱਖਦਾ ਸੀ! ਉਸਨੂੰ ਕੋਈ ਦੂਰੋਂ ਵੇਖੇ ਚਾਹੇ ਨੇੜਿਓਂ, ਉਹਦੇ ਚਿਹਰੇ ਦੀ ਮੁਸਕਾਣ ਨੂੰ ਭੁੱਲ ਨਹੀਂ ਸਕਦਾ। ਉਹਦੀ ਮੁਸਕਾਣ ਵਿਚ ਇਕ ਅਦਭੁਤ ਰਹੱਸ, ਰਹੱਸ-ਭਰੀ ਗੰਭੀਰਤਾ ਸੀ।... ਤੇ ਜਿਹੜੀ ਉਸਨੇ ਮੈਨੂੰ ਚਾਹ ਦੀ ਘੁੱਟ ਦਿੱਤੀ ਸੀ...

ਡੀ.ਐੱਸ.ਪੀ. : ਛੱਡ ਯਾਰ, ਮੈਂ ਆਖਿਆ ਪਤਾ ਨੀਂ ਕਿੱਡੀ ਕੁ ਗੱਲ ਐ! ਚਾਹ ਦੀ ਘੁੱਟ! ਹੂੰ! ਚਾਹ ਦੇ ਪਿਆਲਿਆਂ ਦੇ ਪਿਆਲੇ, ਗਲਾਸਾਂ ਦੇ ਗਲਾਸ ਆਪਾਂ ਊਂ ਨੀਂ ਪੀਂਦੇ ਰੋਜ਼?

ਨਿਰਮਲ ਸਿੰਘ : ਇਹੋ ਤਾਂ ਆਖਦੈਂ ਬਈ ਅਸੀਂ ਰੋਜ਼ ਚਾਹ ਦੇ ਪਿਆਲਿਆਂ ਦੇ ਪਿਆਲੇ

ਇਕ ਦੂਜੇ ਨਾਲ਼ ਬੈਠ ਕੇ ਪੀਨੇਂ ਐਂ, ਪਰ ਪਤਾ ਨਹੀਂ ਕਿਉਂ ਉਨ੍ਹਾਂ ਵਿਚੋਂ ਚਾਹ ਦੀ ਉਸ ਘੁੱਟ ਵਰਗਾ ਸੁਆਦ ਕਿਉਂ ਨਹੀਂ ਆਉਂਦਾ?

ਡੀ.ਐੱਸ.ਪੀ. : ਤੇਰਾ ਜਜ਼ਬਾਤੀਪਨ ਤੈਨੂੰ ਦੁਖੀ ਕਰਦੈ, ਤਾਹੀਓਂ ਨਿੱਕੀ ਜਿਹੀ ਗੱਲ ਨੂੰ ਲੋੜ ਨਾਲ਼ੋਂ ਵੱਧ ਇੰਪਾਰਟੈਂਸ ਦੇ ਰਿਹੈਂ! ਤੈਨੂੰ ਥੋੜ੍ਹਾ ਰੀਅਲਿਸਟ ਬਣਨਾ ਚਾਹੀਦੈ!... ਲੈ, ਐੱਸ.ਐੱਸ.ਪੀ. ਸਾਹਿਬ ਆ ਗਏ, ਜ਼ਰਾ ਸੰਭਲ ਕੇ ਗੱਲ ਕਰੀਂ!

*ਐੱਸ.ਐੱਸ.ਪੀ. ਤੇ ਸਿਪਾਹੀ ਦੌਲਾ ਸਿੰਘ ਆਉਂਦੇ ਹਨ।*

ਐੱਸ.ਐੱਸ.ਪੀ. : ਫਿਰ ਤਿਆਰ ਐਂ ਨਿਰਮਲ ਸਿੰਘ?

ਨਿਰਮਲ ਸਿੰਘ : ਮੈਂ ਤੁਹਾਡੇ ਅੱਗੇ ਹੱਥ ਬੰਨ੍ਹਦੈਂ ਜਨਾਬ, ਮੈਥੋਂ ਨਾ ਇਹ...

ਐੱਸ.ਐੱਸ.ਪੀ. : ਠੀਕ ਐ ਹਰਮਿੰਦਰ ਸਿੰਘ! ਪ੍ਰੈੱਸ-ਬਿਆਨ ਵਿਚ ਥੋੜ੍ਹੀ ਚੇਂਜ ਕਰ ਲਵੋ!

ਡੀ.ਐੱਸ.ਪੀ. : ਕਿਹੜੀ ਚੇਂਜ ਜਨਾਬ?

ਐੱਸ.ਐੱਸ.ਪੀ. : ਪ੍ਰੈੱਸ-ਸਟੇਟਮੈਂਟ ਵਿਚ ਇਹ ਵੀ ਐਡ ਕਰ ਲਵੋ ਕਿ ਬਾਗੀਆਂ ਨਾਲ਼ ਮੁਕਾਬਲੇ ਵਿਚ ਇਕ ਬਹਾਦਰ ਸਿਪਾਹੀ ਨਿਰਮਲ ਸਿੰਘ ਵੀ ਸ਼ਹੀਦ ਹੋ ਗਿਆ!

ਨਿਰਮਲ ਸਿੰਘ : *ਪੈਰੀਂ ਡਿਗਦਾ* ਨਹੀਂ ਜਨਾਬ! ਏਨਾ ਅਨਰਥ ਨਾ ਕਰੋ!... ਮੈਂ ਮਾਪਿਆਂ ਦਾ ਇਕਲੌਤਾ ਪੁੱਤ ਐਂ, ਮੇਰੇ ਘਰ-ਵਾਲੀ, ਮੇਰਾ ਬੱਚਾ... ਮੇਰੇ ਬਿਨਾਂ ਕੋਈ ਨੀਂ ਉਨ੍ਹਾਂ ਦਾ, ਜਨਾਬ ਮੇਰੇ 'ਤੇ ਰਹਿਮ ਕਰੋ!

ਐੱਸ.ਐੱਸ.ਪੀ. : *ਡਿਪਟੀ ਨੂੰ* ਹਰਮਿੰਦਰ ਸਿੰਘ! ਸੁਣਿਆ ਨਹੀਂ, ਮੈਂ ਕੀ ਕਿਹਾ ਹੈ? *ਡਿਪਟੀ ਕੰਬਦੇ ਹੱਥਾਂ ਨਾਲ਼ ਨੋਟ ਕਰਨ ਲੱਗ ਪੈਂਦਾ ਹੈ* ਦੌਲਾ ਸਿੰਘ। ਤੂੰ ਜਾਹ! ਭਗਵੰਤ ਸਿੰਘ ਨੂੰ ਕਹਿ ਕਿ ਤਿਆਰੀ ਕਰ ਕੇ ਬਾਗੀਆਂ ਨੂੰ ਲੈ ਆਵੇ!

ਦੌਲਾ : ਬਿਹਤਰ ਜਨਾਬ! *ਦੌਲਾ ਸਿੰਘ ਚਲਿਆ ਜਾਂਦਾ ਹੈ।*

ਨਿਰਮਲ ਸਿੰਘ : ਮਾਈ ਬਾਪ, ਇਹ ਪਾਪ ਨਾ ਕਰੋ! ਮੈਂ ਜ਼ਿੰਦਗੀ 'ਚ ਕਦੇ ਕਿਸੇ ਦਾ ਮਾੜਾ ਨੀਂ ਕੀਤਾ! ਜਦੋਂ ਦਾ ਪੁਲਸ 'ਚ ਭਰਤੀ ਹੋਇਐਂ ਕਿਸੇ ਤੋਂ ਖੋਟਾ ਪੈਸਾ ਵੱਢੀ ਨੀਂ ਲਈ ਜਨਾਬ! ਕਦੇ ਡਿਊਟੀ ਤੋਂ ਕੁਤਾਹੀ ਨਹੀਂ ਕੀਤੀ...

ਐੱਸ.ਐੱਸ.ਪੀ. : *ਭੜਕਦਾ* ਏਦੂੰ ਵੱਡੀ ਕੁਤਾਹੀ ਹੋਰ ਕੀ ਹੋ ਸਕਦੀ ਐ ਨਮਕ ਹਰਾਮ! ਕਿ ਜਿਨ੍ਹਾਂ ਬਾਗੀਆਂ ਨੂੰ ਸਰਕਾਰ ਖ਼ਤਮ ਕਰਨਾ ਚਾਹੁੰਦੀ ਐ, ਤੂੰ ਉਨ੍ਹਾਂ ਨੂੰ ਗੋਲ਼ੀ ਨਹੀਂ ਮਾਰ ਸਕਦਾ!

ਨਿਰਮਲ ਸਿੰਘ : ਜਨਾਬ, ਬਾਗੀ ਦਰਸ਼ਨ ਸਿੰਘ ਨਾਲ਼ ਬੈਠ ਕੇ ਇਕ ਵਾਰ ਮੈਂ ਕਾਲਜ ਵਿਚ ਚਾਹ ਪੀਤੀ ਸੀ!

ਐੱਸ.ਐੱਸ.ਪੀ. : *ਕੜਕਦਾ* ਤਾਂ ਤੇਰੀ ਚਾਹ ਦੀ ਘੁੱਟ ਬੜੀ ਮਹੱਤਵਪੂਰਨ ਹੈ? ਦੇਸ਼ ਭਗਤੀ, ਦੇਸ਼ ਦੀ ਅਣਖ-ਇੱਜ਼ਤ, ਇਸ ਦੀ ਰਾਖੀ, ਕੋਈ ਅਰਥ ਨਹੀਂ ਰੱਖਦੀ ਕੁੱਤੀ ਦੇ ਪੁੱਤ!?

ਨਿਰਮਲ ਸਿੰਘ : *'ਅੰਦਰਲੇ' ਨੂੰ ਕਾਬੂ ਕਰਦਾ* ਰਖਦੀ ਐ ਜਨਾਬ, ਬਹੁਤ ਰਖਦੀ ਐ...

ਐੱਸ.ਐੱਸ.ਪੀ. : ਫੇਰ! ਜਲਦੀ ਦੱਸ? 'ਸ਼ਹੀਦ' ਹੋਣੈ ਕਿ ਜਾਨ ਬਚਾਉਣੀ ਐਂ?

ਨਿਰਮਲ ਸਿੰਘ : *ਦੁੱਖ ਭਰਿਆ ਫੈਸਲਾ ਲੈ ਕੇ ਪੈਰਾਂ 'ਤੇ ਖੜ੍ਹਾ ਹੁੰਦਾ ਹੈ* ਜਾਨ ਬਚਾਉਣੀ ਐਂ ਜਨਾਬ!... ਆਪਣੀ ਅੰਨ੍ਹੀ ਮਾਂ, ਬੁੱਢੇ ਬਾਪ ਦੀ ਖ਼ਾਤਰ! ਆਵਦੀ ਪਤਨੀ, ਬੱਚੀ ਦੀ ਖ਼ਾਤਰ!....*ਫੈਸਲਾ ਲੈ ਕੇ* ਮੈਂ ਗੋਲ਼ੀ ਮਾਰਾਂਗਾ ਜਨਾਬ, ਉਸ ਦਰਸ਼ਨ ਉੱਲੂ ਦੇ ਪੱਠੇ ਬਾਗੀ ਨੂੰ! *ਭਾਵਕ ਹੋ ਕੇ* ਉਹਦੇ ਨਾਲ਼ ਦੇ ਬੁੱਢੇ-ਖੁੰਢ ਲਾਲ ਸਿੰਘ ਵੱਡੇ ਇਨਕਲਾਬੀ ਨੂੰ!... ਮੈਂ ਜਨਾਬ ਉਨ੍ਹਾਂ ਦੀਆਂ ਹਿੱਕਾਂ ਛਾਣਨੀ-ਛਾਣਨੀ ਕਰ ਦਿਆਂਗਾ!

ਐੱਸ.ਐੱਸ.ਪੀ. : ਠੀਕ ਐ ਬਹਾਦਰ ਸਿਪਾਹੀ ਨਿਰਮਲ ਸਿੰਘ! ਅਜਿਹਾ ਕਰਨਾ ਸਾਡਾ ਧਰਮ ਹੈ! *ਡੀ.ਐੱਸ.ਪੀ. ਨੂੰ* ਹਰਮਿੰਦਰ ਸਿੰਘ! ਨਿਰਮਲ ਸਿੰਘ ਨੂੰ ਰੰਮ ਦੀ ਬੋਤਲ ਲਿਆ ਕੇ ਦਿਉ! ਬਾਗੀਆਂ ਨੂੰ ਲੈ ਕੇ ਆਉ! ਮੈਂ ਰਹਿਰਾਸ ਦਾ ਪਾਠ ਕਰ ਲਵਾਂ! *ਹੱਸ ਕੇ* ਨਿਰਮਲ ਬੇਟਾ, ਤੂੰ ਤਾਂ ਅੱਜ ਮੈਨੂੰ ਪਾਠ ਤੋਂ ਵੀ ਖੁੰਝਾ ਦਿੱਤਾ! ਜੇ ਵਾਹਿਗੁਰੂ ਨੇ ਪੁੱਛਿਆ ਕਿ ਫਲਾਣੇ ਦਿਨ ਪਾਠ ਲੇਟ ਕਿਉਂ ਕੀਤਾ ਸੀ, ਮੈਂ ਤੇਰਾ ਨਾਂ ਲੈ ਦਿਆਂਗਾ ਕਿ ਮੇਰੇ ਇਕ ਭੋਲੇ ਪੁੱਤਰ ਦੀ ਜ਼ਿੱਦ ਕਾਰਨ ਲੇਟ ਹੋ ਗਿਆ ਸਾਂ ਸੱਚੇ ਪਾਤਸ਼ਾਹ!

*ਹੱਸਦਾ ਬਾਹਰ ਚਲਿਆ ਜਾਂਦਾ ਹੈ। ਡੀ.ਐੱਸ.ਪੀ. ਥੋੜ੍ਹਾ ਚਿਰ ਖੜ੍ਹਾ ਨਿਰਮਲ ਨੂੰ ਵੇਖਦਾ ਰਹਿੰਦਾ ਹੈ। ਫਿਰ ਇਕ-ਦਮ ਕਾਹਲੀ ਨਾਲ਼ ਚਲਿਆ ਜਾਂਦਾ ਹੈ। ਨਿਰਮਲ ਸਿੰਘ ਖ਼ਾਲੀ ਖ਼ਾਲੀ ਅੱਖਾਂ ਨਾਲ਼ ਭਵੰਤਰਿਆ ਜਿਹਾ ਏਧਰ ਉਧਰ ਵੇਖਦਾ ਰਹਿੰਦਾ ਹੈ। ਚਾਰੇ ਪਾਸੇ ਹਨੇਰੀ ਰਾਤ ਹੈ। ਦੂਰੋਂ ਭੌਂਕਦੇ ਕੁੱਤਿਆਂ ਦੀਆਂ ਮਨਹੂਸ ਆਵਾਜ਼ਾਂ ਆਉਂਦੀਆਂ ਹਨ। ਫੇਰ ਕਿਸੇ ਕਪਾਹ ਦੇ ਰਾਖੇ ਦੀ ਹੇਕ ਸੁਣਾਈ ਦਿੰਦੀ ਹੈ:*

'ਰਾਤਾਂ ਕਾਲੀਆਂ, ਭੌਂਕਦੇ ਕੁੱਤੇ,
ਕਿਹੜੀ ਗਲ਼ੀ ਆਵਾਂ ਮਿੱਤਰਾ...'

*ਬਾਹਰੋਂ ਬੰਦੂਕ ਦੇ ਫਾਇਰ ਦੀ ਆਵਾਜ਼ ਆਉਂਦੀ ਹੈ। ਬੋਲੀ ਪਾਉਣ ਵਾਲਾ ਚੁੱਪ ਕਰ ਜਾਂਦਾ ਹੈ। ਦਰਸ਼ਨ ਸਿੰਘ ਤੇ ਲਾਲ ਸਿੰਘ ਬਾਗੀ ਨੂੰ ਲੈ ਕੇ ਡੀ.ਐੱਸ.ਪੀ.ਥਾਣੇਦਾਰ, ਦੋ ਏ.ਐੱਸ.ਆਈ. ਤੇ ਕੁਝ ਸਿਪਾਹੀ ਆਉਂਦੇ ਹਨ।*

ਥਾਣੇਦਾਰ : ਆਹ ਲੈ ਬਈ ਨਿਰਮਲ ਸਿੰਘ, ਆਪਣੀ ਰੰਮ! ਆਹ ਲੈ ਗਲਾਸ ਤੇ ਆਹ ਲੈ ਪਾਣੀ ਦਾ ਜੱਗ। ਦੇਖ, ਅੱਜ ਤੇਰੀ ਕਿਵੇਂ ਸੇਵਾ ਹੁੰਦੀ ਐ ਪ੍ਰਾਹੁਣਿਆਂ ਵਾਂਗੂੰ!

*ਸਿਪਾਹੀ ਤੇ ਏ.ਐੱਸ.ਆਈ. ਬਾਗੀਆਂ ਨੂੰ ਕਿੱਕਰ ਨਾਲ਼ ਬੰਨ੍ਹ ਦਿੰਦੇ ਹਨ।*

ਡੀ.ਐੱਸ.ਪੀ. : *ਇਕ ਸਿਪਾਹੀ ਨੂੰ* ਤੂੰ ਕੁੰਦਾ ਸਿੰਘ, ਨਿਰਮਲ ਸਿੰਘ ਦੀ ਮਦਦ ਕਰੇਂਗਾ! ਬਾਕੀ ਸਾਰੇ ਆਪੋ ਆਪਣੀਆਂ ਪੁਜ਼ੀਸ਼ਨਾਂ ਵੱਲ ਚਲੇ ਜਾਓ! ਦਾਰੂ

ਪੀ ਕੇ, ਨਸ਼ੇ ਵਿਚ ਆ ਕੇ ਨਿਰਮਲ ਸਿੰਘ ਬਾਗੀਆਂ 'ਤੇ ਗੋਲ਼ੀ ਚਲਾਏਗਾ! ਜਦੋਂ ਗੋਲ਼ੀ ਚੱਲੀ, ਤੁਸੀਂ ਸਭ ਨੇ ਥੋੜ੍ਹੇ-ਥੋੜ੍ਹੇ ਫਰਕ ਨਾਲ਼ ਅੱਠ-ਅੱਠ ਨੌਂ-ਨੌਂ ਹਵਾਈ ਫਾਇਰ ਕਰਨੇ ਹਨ!

ਦਰਸ਼ਨ : *ਵਿਅੰਗ ਨਾਲ਼ ਹੱਸਦਾ* ਤੇ ਏਦਾਂ ਪੁਲਿਸ ਮੁਕਾਬਲਾ ਬਣ ਜਾਏਗਾ!

ਡੀ.ਐੱਸ.ਪੀ. : *ਦਰਸ਼ਨ ਦੀ ਗੱਲ ਵੱਲ ਧਿਆਨ ਨਾ ਦਿੰਦਾ ਹੋਇਆ* ਜਾਓ! ਸਭ ਆਪਣੀ ਆਪਣੀ ਡਿਊਟੀ ਸੰਭਾਲੋ!

*ਸਾਰੇ ਚਲੇ ਜਾਂਦੇ ਹਨ। ਕੁੰਢਾ ਸਿੰਘ ਖੜ੍ਹਾ ਰਹਿੰਦਾ ਹੈ।*

ਕੁੰਢਾ ਸਿੰਘ : ਪਾ ਯਾਰ ਘੁੱਟ! ਆਹ ਜਿੱਦੇਂ ਦੇ ਬਾਈ ਹੋਰੀਂ ਫੜੇ ਐ, ਸਹੁੰ ਢਾਂਡੀ ਦੀ ਚੱਜ ਨਾਲ਼ ਰੋਟੀ ਖਾਣ ਨੂੰ ਵੀ ਵਕਤ ਨੀਂ ਮਿਲਿਆ ਕਿਤੇ! ਕਦੇ ਕਹਿਣ, 'ਭਾਖੜੇ ਤੇ ਮਾਰਾਂ-ਗੇ ਲਜਾ ਕੇ!' ਕਦੇ ਕਹਿਣ, 'ਫਲਾਣੀ ਨਹਿਰ 'ਤੇ!' ਹੁਣ ਆਹ ਟਿੱਬੇ ਭਾਲ਼-ਲੇ! ਬਈ ਜਦ ਬੰਦੇ ਮਾਰਨੇ ਈ ਨੇ, ਕਿਤੇ ਮਾਰ ਦਿਉ! ਭਾਵੇਂ ਸ਼ਹਿਰ ਦੇ ਵਿਚਾਲੇ ਮਾਰ ਦਿਉ! ਫੇਰ ਕੀ ਕੁਛ ਕਹਿੰਦੈ ਕੋਈ? *ਦਰਸ਼ਨ ਨੂੰ* ਕਿਉਂ ਕੁ ਨਾ ਬਾਈ?

ਦਰਸ਼ਨ : ਹਾਂ, ਆਹ ਤਾਂ ਤੇਰੀ ਗੱਲ ਝੂਠ ਨੀ ਬਾਈ! ਪਰ ਭਾਈ ਮਾਰਨ ਦਾ ਵੀ ਕੋਈ ਪਰਸੀਜਰ ਹੁੰਦੈ! ਥੋਡਾ ਐੱਸ.ਐੱਸ.ਪੀ. ਸੋਚਦਾ ਹੋਊ ਬਈ ਚੱਲੋ ਟਿੱਬਿਆਂ 'ਤੇ ਵੀ ਤਜਰਬਾ ਕਰਕੇ ਵੇਖ ਲੈਨੇਂ ਐਂ!

ਕੁੰਢਾ ਸਿੰਘ : ਕਾਹਦਾ ਤਜਰਬਾ ਛੋਟੇ ਭਾਈ! ਮੈਂ ਤਾਂ ਭੁੱਖਾ ਮਾਰ-ਤਾ ਭੈਣ ਦੀ ਖੰਡ-ਮਿਸਰੀ ਮਰਾਵਿਆਂ ਨੇ! ਉਹ ਪਾ ਨਿਰਮਲ ਯਾਰ ਭੋਰਾ! ਅੰਦਰ ਤਾਂ ਗਰਮ ਹੋਵੇ ਕੁੱਛ!

ਦਰਸ਼ਨ : ਬਾਈ ਨਿਰਮਲ ਕੁਛ ਉਦਾਸ ਦਿਸਦੈ ਅੱਜ?

ਬਾਬਾ ਲਾਲ ਸਿੰਘ : ਪੀ ਲੈ ਮੈਂਡਿਆ ਪੁੱਤਰਾ! ਦਿਲ ਦਲੇਰੀ 'ਚ ਆ ਜਾਸੀ ਕੁੱਛ! ਮੈਂਡੇ ਪੁੱਤਰ ਦੀ ਬੰਦੇ ਮਾਰਨ ਦੀ ਡਿਊਟੀ ਪਹਿਲੀ ਦਫਾ ਲੱਗੀ ਜਾਪਦੀ ਏ! ਤਾਹੀਉਂ ਘਾਉਂ-ਮਾਉਂ ਜਿਆ ਹੋਇਆ ਬੈਠੈ!

ਦਰਸ਼ਨ : ਦਿਲ ਨਾ ਛੱਡ ਨਿਰਮਲ ਬਾਈ! ਦੇਖ ਯਾਰ, ਸਾਡੇ ਬਾਬੇ ਦੇ ਤਾਂ ਤੂੰ ਇਕ ਰੋੜਾ ਮਾਰ ਛੱਡੀਂ, ਓਦਾਂ ਈ ਪ੍ਰਾਣ ਤਿਆਗ-ਜੂ!

ਬਾਬਾ : ਬੱਲੇ ਉਏ ਮੈਂਡਿਆ ਪੁੱਤਰਾ! ਅਸੀਂ ਤੇਰੇ ਵਾਂਗ ਡਾਲਡਾ ਨਹੀਂ ਜੇ ਖਾਧਾ ਹੋਇਆ! ਬੂਰੀਆਂ ਮੱਝਾਂ ਦਾ ਦੁੱਧ ਪੀਤਾ ਜੇ। ਗੋਲ਼ੀ ਵੀ ਹਿੱਕ ਵਿਚੂੰ ਦੀ ਮੁਸ਼ਕਿਲ ਨਾਲ਼ ਲੰਘ ਸੀ ਮੈਂਡਿਆ ਮਜਨੂੰਆਂ ਪੁੱਤਰਾ!

ਕੁੰਢਾ ਸਿੰਘ : *ਨਿਰਮਲ ਨੂੰ ਦਾਰੂ ਦਿੰਦਾ ਹੋਇਆ* ਲੈ ਯਾਰ, ਕੁੜੀ-ਜੀ ਕਿਉਂ ਬਣਿਆਂ ਬੈਠੈਂ, ਨੰਘਾ ਅੰਦਰ! *ਨਿਰਮਲ ਪੈੱਗ ਪੀ ਜਾਂਦਾ ਹੈ* ਆਹ ਬਣੀ ਨਾ ਗੱਲ! ਉਰੇ ਕਰ ਮੈਂ ਵੀ ਹੋਵਾਂ ਤਰਾਰੇ 'ਚ! *ਪੈੱਗ ਪੀਂਦਾ ਹੈ।*

ਬਾਬਾ : ਮੈਂਡਿਓ ਪੁੱਤਰੋ, ਅਸਾਂ ਨੂੰ ਮੁਕਤੀ ਕਿੰਨੇ ਕੁ ਚਿਰ ਨੂੰ ਦਵਾਵਨੀ ਜੇ?

ਕੁੰਢਾ ਸਿੰਘ : ਕਿਉਂ ਤੂੰ ਸਹੁਰੀਂ ਜਾ ਕੇ ਆਉਨੈਂ?

ਬਾਬਾ : ਸਹੁਰੀਂ ਤਾਂ ਅੱਗੇ ਜਾ ਸਾਂ ਪੁੱਤਰ!

ਦਰਸ਼ਨ : ਫੇਰ ਟਾਇਮ ਪੁਛਦੈਂ ?

ਬਾਬਾ : ਮੈਂ ਸੋਚਿਆ ਦੋ ਘੜੀ ਰਹਿਹਾਸ ਦਾ ਪਾਠ ਹੀ ਕਰ ਛੱਡਾਂ! ਅੱਜ ਰੌਲ਼ੇ-ਰੱਪੇ 'ਚ ਵਕਤ ਈ ਕੋਈ ਨਾ ਮਿਲਿਆ ਸੂ।

ਦਰਸ਼ਨ : ਕਿਤੇ ਡਰਦਾ ਮਾਰਿਆ ਤਾਂ ਨੀ ਪਾਠ ਕਰਦਾ ਸਾਡੇ ਆਲ਼ਾ ਬਾਬਾ!

ਬਾਬਾ : ਡਰਦਾ ਮਾਰਿਆ ਤਾਂ ਇਨ੍ਹਾਂ ਮੈਂਡੇ ਪੁੱਤਰਾਂ ਦਾ ਐੱਸ.ਐੱਸ.ਪੀ. ਪਾਠ ਕਰੇਂਦਾ ਪਿਐ! ਅਸਾਂ ਨੂੰ ਤੇ ਪੁੱਤਰਾ ਪਾਠ ਵਿਚੋਂ ਸ਼ਕਤੀ ਮਿਲਦੀ ਸੂ, ਸ਼ਕਤੀ!

ਨਿਰਮਲ : *ਇਕ ਪੈੱਗ ਆਪ ਪੀ ਕੇ ਫਿਰ ਦਰਸ਼ਨ ਵੱਲ ਜਾਂਦਾ, ਗੰਭੀਰ ਹੋ ਕੇ* ਵੀਰ ਦਰਸ਼ਨਾ! ਮੇਰੀ ਗੱਲ ਮੰਨੇਗਾ ?

ਦਰਸ਼ਨ : ਕੀ ਵੀਰਿਆ ?

ਨਿਰਮਲ : ਮੈਨੂੰ ਪਤੈ ਤੂੰ ਸ਼ਰਾਬ ਨਹੀਂ ਪੀਂਦਾ! ਪਰ ਅੱਜ ਮੇਰੇ ਕਹੇ ਤੋਂ ਪੀ ਲੈ ਇਕ ਘੁੱਟ!

ਦਰਸ਼ਨ : ਇਕ ਘੁੱਟ ? *ਹੱਸਦਾ* ਇਕ ਗਲਾਸ ਕਿਉਂ ਨੀਂ ?

ਨਿਰਮਲ : ਗਲਾਸ ਬੇਸ਼ੱਕ ਨਾ ਪੀ, ਪਰ ਮੇਰੇ ਕਹੇ ਤੋਂ ਇਕ ਘੁੱਟ ਜ਼ਰੂਰ ਪੀ ਲੈ!

ਦਰਸ਼ਨ : ਮਿਹਰਬਾਨੀ ਵੀਰਿਆ! ਮੈਂ ਜ਼ਰੂਰ ਪੀਂਦਾ! ਪਰ ਮੈਂ ਆਖ਼ਰੀ ਘੜੀ ਕਮਜ਼ੋਰ ਬਣ ਕੇ ਨੀਂ ਮਰਨਾ ਚਾਹੁੰਦਾ!

ਨਿਰਮਲ : ਤਾਂ ਫਿਰ ਜਿਹੜਾ ਮੇਰੇ ਸਿਰ ਤੇਰਾ ਕਰਜ਼ੈ, ਉਹ ਮੈਂ ਕਿਵੇਂ ਲਾਹੂੰ ?

ਦਰਸ਼ਨ : ਕਰਜ਼ਾ ? ਕਿਹੜਾ ਕਰਜ਼ਾ ?

ਨਿਰਮਲ : *ਕਾਬੂ ਕੀਤੀ ਭਾਵਕਤਾ ਵੱਸ* ਚਾਹ ਦੀ ਇਕ ਘੁੱਟ ਦਾ ਕਰਜ਼ਾ ? ਯਾਦ ਐ ਤੈਨੂੰ, ਜਿਸ ਦਿਨ ਮੈਂ ਕਾਲਜ 'ਚੋਂ ਨਾਂ ਕਟਵਾਇਆ ਸੀ, ਤੂੰ ਮੱਲੋ-ਮੱਲੀ ਚਾਹ ਦੀ 'ਇਕ ਘੁੱਟ' ਮੈਨੂੰ ਪਿਆਈ ਸੀ!?

ਦਰਸ਼ਨ : ਜਿਉਂਦੇ ਰਹਿਣ ਦਾ ਇਹ ਅਹਿਸਾਸ ਤੂੰ ਕਿਵੇਂ ਸਾਂਭੀ ਫਿਰਦੈਂ ਆਪਣੇ ਦਿਲ ਅੰਦਰ ਮੇਰੇ ਵੀਰੇ ? ਜੇ ਤੂੰ ਬੰਦਿਆਂ ਨੂੰ ਗੋਲ਼ੀ ਮਾਰਨਾ ਚਾਹੁੰਦੈਂ ਤਾਂ ਇਸ ਅਹਿਸਾਸ ਨੂੰ ਆਪਣੇ ਅੰਦਰੋਂ ਕਤਲ ਕਰ ਦੇ!

ਨਿਰਮਲ : ਇਸ ਅਹਿਸਾਸ ਨੂੰ ਹੀ ਨਹੀਂ, ਬਾਈ ਦਰਸ਼ਨ, ਮੈਂ ਆਪਣੇ ਆਪ ਨੂੰ ਵੀ ਕਤਲ ਕਰ ਦਿੱਤੈ! ਤੈਨੂੰ ਗੋਲ਼ੀ ਮਾਰਨ ਪਿੱਛੋਂ ਮੈਂ ਸਾਰੀ ਉਮਰ ਤੇਰੀ ਜ਼ਿੰਦਗੀ ਤੇ ਆਪਣੀ ਲੋਥ ਨੂੰ ਆਪਣੇ ਮੋਢਿਆਂ ਉਪਰ ਚੁੱਕੀ ਫਿਰਾਂਗਾ।

ਦਰਸ਼ਨ : ਤੇ ਜੇ ਤੂੰ ਅਜਿਹਾ ਕਰ ਸਕਿਆ, ਤਾਂ ਮੈਨੂੰ ਡਰ ਹੈ, ਤੂੰ ਭਿਆਨਕ ਕਸ਼ਟਾਂ ਤੋਂ ਬਰੀ ਨਹੀਂ ਹੋ ਸਕੇਂਗਾ! ਤੂੰ ਆਪਣੀ ਲੋਥ ਤਾਂ ਬੇਸ਼ੱਕ ਆਪਣੇ ਮੋਢਿਆਂ ਤੇ ਚੁੱਕੀ ਫਿਰੇਂਗਾ ਪਰ ਇਕ ਜ਼ਿੰਦਗੀ ਦਾ ਬੋਝ ਚੁੱਕਣ ਦੀ ਸਮਰੱਥਾ ਤੇਰੇ ਵਿਚ ਨਹੀਂ ਰਹੇਗੀ! ਮੈਨੂੰ ਤਾਂ ਇੰਜ ਲਗਦਾ ਹੈ ਕਿ ਤੇਰੇ ਅੰਦਰੋਂ ਇਹ ਅਹਿਸਾਸ ਵੀ ਮਰ ਜਾਵੇਗਾ ਕਿ ਤੂੰ ਆਪਣੀ ਲੋਥ ਆਪਣੇ ਮੋਢਿਆਂ 'ਤੇ ਚੁੱਕੀ ਫਿਰਦੈਂ! ਮੇਰੇ ਮਿੱਤਰ

ਜ਼ਿੰਦਗੀ ਜਿਉਣ ਦਾ ਇਹ ਅਹਿਸਾਸ ਹੀ ਸਾਨੂੰ ਬੇਅਰਾਮ ਕਰਦਾ ਹੈ! ਇਸੇ ਅਹਿਸਾਸ ਨੇ ਮਹਾਤਮਾ ਬੁੱਧ ਤੋਂ ਉਸਦੇ ਸ਼ਾਹੀ ਮਹਿਲ ਛੁਡਵਾਏ! ਗੁਰੂ ਨਾਨਕ ਤੋਂ ਚੱਕੀ ਪਿਸਵਾਈ, ਗੁਰੂ ਅਰਜਨ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ! ਇਹੋ ਅਹਿਸਾਸ ਸੀ ਜਿਸ ਨੇ ਸਰਬੰਸ ਕੁਰਬਾਨ ਕਰਕੇ ਗੁਰੂ ਗੋਬਿੰਦ ਸਿੰਘ ਇਹ ਸ਼ਬਦ ਉਚਾਰਣ ਵੀ ਸ਼ਕਤੀ ਭਰੀ :

ਮਿੱਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ!
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ!

ਇਹੋ ਅਹਿਸਾਸ ਰਾਤ ਦੇ ਹਨੇਰੇ ਵਿਚ ਇਨ੍ਹਾਂ ਟਿੱਬਿਆਂ ਉਤੇ ਰੋਹੀ ਦੀਆਂ ਇਨ੍ਹਾਂ ਕਿੱਕਰਾਂ ਹੇਠ ਬਾਬੇ ਤੇ ਮੈਨੂੰ ਮਰਨ ਲਈ ਮਜਬੂਰ ਕਰ ਰਿਹੈ! ਸੀਮਤ ਰੂਪ ਵਿਚ ਇਹੋ ਅਹਿਸਾਸ ਹੈ ਜਿਹੜਾ ਤੈਨੂੰ ਕਹਿ ਰਿਹੈ ਕਿ ਨਿਰਮਲ! ਦਰਸ਼ਨ ਦੀ ਚਾਹ ਦੀ ਘੁੱਟ ਦਾ ਕਰਜ਼ਾ ਲਾਹ!

ਨਿਰਮਲ : ਤੂੰ ਬਹੁਤ ਡੂੰਘੀਆਂ ਗੱਲਾਂ ਕਰਦੈਂ ਬਾਈ ਦਰਸ਼ਨ! ਕਾਲਜ ਵਿਚ ਮੈਂ ਤੇਰੀਆਂ ਇਨ੍ਹਾਂ ਗੱਲਾਂ ਤੋਂ ਡਰਦਾ ਹੀ ਤੇਰੇ ਨੇੜੇ ਨਹੀਂ ਸੀ ਆਉਂਦਾ! ਮੈਂ ਇਕ ਬੁਜ਼ਦਿਲ, ਅਗਿਆਨੀ ਬੰਦਾ ਹਾਂ ਬਈ ਦਰਸ਼ਨਾ! *ਭਾਵੁਕ ਹੋ ਕੇ* ਬੰਦਾ ਨਹੀਂ, ਮੈਂ ਕੁੱਤਾ ਹਾਂ, ਜਿਸ ਨੇ ਟੁੱਕ ਦੀ ਇਕ ਬੁਰਕੀ ਖ਼ਾਤਰ ਆਪਣਾ ਸਭ ਕੁਝ ਲੁਟਾ ਦਿਤੈ! ਹੁਣ ਮੈਂ ਉਨ੍ਹਾਂ ਲੋਕਾਂ ਦੀ ਢਾਣੀ ਵਿਚ ਸ਼ਾਮਿਲ ਹੋ ਗਿਆ ਹਾਂ ਜੋ ਆਵਦੀ ਖ਼ਾਤਰ, ਆਵਦੇ ਪਰਿਵਾਰ ਦੀ ਖ਼ਾਤਰ ਇਨਸਾਨੀਅਤ ਦਾ ਕਤਲ ਕਰਦੇ ਨੇ! ਮੈਨੂੰ ਮਾਫ਼ ਕਰੀਂ ਮੇਰੇ ਵੱਡੇ ਵੀਰ, ਮੈਂ ਅੱਜ ਤੋਂ ਤੈਨੂੰ, ਤੇਰੀ ਪਾਰਟੀ ਦੇ ਸਾਰੇ ਬਾਗੀਆਂ ਨੂੰ ਸਭ ਤੋਂ ਪਹਿਲਾਂ ਗੋਲ਼ੀ ਮਾਰਾਂਗਾ! ਪਤੈ ਕਿਉਂ? ਇਸ ਲਈ ਕਿ ਤੁਸੀਂ ਸਾਡੇ ਮੂੰਹ 'ਤੇ ਥੁੱਕਦੇ ਓਂ! ਕੁਰਬਾਨੀਆਂ ਦੇ ਕੇ ਸਾਨੂੰ ਵਾਰ-ਵਾਰ ਇਹ ਅਹਿਸਾਸ ਕਰਵਾਉਂਦੇ ਹੋਂ ਕਿ ਅਸੀਂ ਧਰਤੀ ਉੱਤੇ ਰੀਂਘਦੇ ਕੀੜੇ ਐਂ... *ਉੱਖੜ ਕੇ* ਤੂੰ ਮੇਰੇ ਕੋਲੋਂ ਦਾਰੂ ਨਹੀਂ ਪੀਣੀ, ਨਾ ਪੀ! ਮੈਨੂੰ ਇਸ ਦੀ ਕੋਈ ਪਰਵਾਹ ਨਹੀਂ! ਮੈਂ ਤੈਨੂੰ ਗੋਲ਼ੀ ਮਾਰਾਂਗਾ! ਤੂੰ ਮੇਰੇ ਕੋਲੋਂ ਨਹੀਂ ਬਚ ਸਕਦਾ! *ਦਰਸ਼ਨ ਮੁਸਕਰਾਉਂਦਾ ਹੈ* ਤੂੰ ਮੇਰੀ ਸਰਕਾਰ, ਮੇਰੇ ਦੇਸ਼ ਦਾ ਗਦਾਰ ਹੈਂ *ਬੰਦੂਕ ਤਿਆਰ ਕਰਦਾ ਹੈ* ਤੂੰ ਵੱਡੇ ਵੱਡੇ ਸਰਦਾਰਾਂ ਸੇਠਾਂ ਨੂੰ, ਸਮਾਜ ਦੇ ਮਾਨਯੋਗ ਵਿਅਕਤੀਆਂ ਨੂੰ ਮਾਰ ਕੇ ਦੇਸ਼ 'ਚ ਬਦਅਮਨੀ ਫੈਲਾਉਣਾ ਚਾਹੁੰਨੈਂ! ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ!!

ਬਾਬਾ : *ਬਿਰਤੀ ਖੁੱਲ੍ਹਣ ਕਰਕੇ* ਮੈਂਡਿਆ ਪੁੱਤਰਾ, ਬਰਦਾਸ਼ਤ ਨਹੀਂ ਹੁੰਦਾ ਤਾਂ

ਨਾ ਕਰ ਪਰ ਏਡਾ ਭਾਵੁਕ ਹੋਣ ਦੀ ਕੀ ਲੋੜ ਐ? ਜ਼ਰਾ ਬੰਦੂਕ ਨੂੰ ਅੱਛੀ ਤਰ੍ਹਾਂ ਸੰਭਾਲ, ਨਹੀਂ ਤਾਂ ਨਿਸ਼ਾਨਾ ਉੱਕ ਜਾ-ਸੀ!

ਨਿਰਮਲ : ਤੂੰ ਬੁੱਢਿਆ ਖੁੰਢਾ, ਬਕਵਾਸ ਬੰਦ ਕਰ! ਆਪਦਾ ਪਾਠ ਕਰੀ ਚੱਲ ਆਰਾਮ ਨਾਲ਼! ਤੈਨੂੰ ਗੋਲ਼ੀ ਪਿੱਛੋਂ ਮਾਰਾਂਗਾ!

ਬਾਬਾ : ਦੇਖ ਨਿਰਮਲ ਸਿੰਘ ਪੁੱਤਰ! ਇਹ ਤੇਰਾ ਇਨਸਾਫ਼ ਨਹੀਂ ਜੇ! ਸੰਸਾਰ ਵਿਚ ਪਹਿਲਾਂ ਮੈਂ ਆਇਆ ਸਾਂ ਕਿ ਦਰਸ਼ਨ? ਇਹ ਤਾਂ ਮੇਰੇ ਪੋਤਰਿਆਂ ਦੀ ਉਮਰ ਦਾ ਜੇ! ਪਹਿਲਾਂ ਗੋਲ਼ੀ ਮੈਂ, ਫੇਰ ਮੈਂਡੇ ਪੋਤਰੇ ਦਰਸ਼ਨ ਨੂੰ! ਕਿਉਂ ਬਈ ਪੋਤਰੇ ਠੀਕ ਸੂ ਮੇਰੀ ਗੱਲ?

ਦਰਸ਼ਨ : ਬਾਬਾ, ਪਹਿਲਾਂ ਕੋ ਨਾ ਜਾਣ ਦੇਸਾਂ? ਇਕੱਠੇ ਚਲ ਸਾਂ! ਮੈਂਡਾ ਜੀਅ ਨਾ ਲਾਗੇ ਤੈਂਡੇ ਬਿਨਾਂ!

ਕੁੰਢਾ ਸਿੰਘ : ਯਾਰ ਐਂਡੀ ਕੀ ਕਾਹਲ਼ੀ ਐ? ਬੋਤਲ ਅਜੇ ਅੱਧੀ ਪਈ ਐ! ਸਾਨੂੰ ਪਹਿਲਾਂ ਆਹ ਮੁਕਾ ਲੈਣ ਦਿਉ, ਫੇਰ ਵਗ ਜਿਓ ਤੁਸੀਂ ਜਿੱਥੇ ਜਾਣੈਂ!

ਨਿਰਮਲ : *ਆਪੇ ਹੀ ਵੱਡਾ ਪੈੱਗ ਪਾ ਕੇ 'ਤਗੜਾ' ਹੁੰਦਾ ਹੈ* ਲੈ *ਕੁੰਢੇ ਨੂੰ* ਤੂੰ ਪੀਈਂ ਚੱਲ! ਮੈਂ ਦਿੱਨੈਂ ਦੇਸ਼-ਭਗਤੀ ਦਾ ਸਬੂਤ! *ਪਿੱਛੇ ਹਟਦਾ ਦਰਸ਼ਨ ਨੂੰ* ਲੈ ਬਈ ਵੱਡਿਆ ਬਾਗੀਆ! ਕਰ ਲੈ ਜੀਹਨੂੰ ਹੁਣ ਯਾਦ ਕਰਨੈਂ। ਇਕ ਮਿੰਟ ਦਿੱਤਾ ਜਾਂਦੈ। *ਦਰਸ਼ਨ ਵੱਲ ਬੰਦੂਕ ਸਿੰਨ੍ਹਦਾ ਹੈ। ਦਰਸ਼ਨ ਪਲ ਦੀ ਪਲ ਅੱਖਾਂ ਮੁੰਦ ਲੈਂਦਾ ਹੈ। ਉਸ ਦੀਆਂ ਅੱਖਾਂ ਵਿਚੋਂ ਦੋ ਹੰਝੂ ਬਾਹਰ ਆਉਂਦੇ ਹਨ। ਨਿਰਮਲ ਪਿੱਛੇ ਹਟਦਾ, ਰੁੱਕ ਜਾਂਦਾ ਹੈ। ਫੇਰ ਵਾਪਸ ਆਉਂਦਾ ਹੈ* ਬਸ? ਡਰ ਗਿਆ ਵੱਡਿਆ ਇਨਕਲਾਬੀਆ? ਅੱਖਾਂ 'ਚ ਪਾਣੀ ਭਰ ਆਇਆ? ਜੇ ਕਹੇ ਤਾਂ ਮਾਫ਼ ਕਰ ਦਿਆਂ?

ਦਰਸ਼ਨ : ਨਹੀਂ ਵੀਰ ਨਿਰਮਲ, ਐਸੀ ਕੋਈ ਗੱਲ ਨਹੀਂ! ਮਾਫ਼ੀ ਦੇਣੀ ਤੇਰੇ ਅਧਿਕਾਰ ਹੇਠ ਨਹੀਂ ਤੇ ਮਾਫ਼ੀ ਮੰਗਣੀ ਮੇਰੇ ਆਦਰਸ਼ ਦਾ ਹਿੱਸਾ ਨਹੀਂ!

ਨਿਰਮਲ : ਫੇਰ ਹੰਝੂ ਕਿਹੜੀ ਗੱਲ ਦੇ?

ਦਰਸ਼ਨ : ਕਈ ਵਾਰ ਵੀਰ ਨਿਰਮਲਾ, ਜ਼ਿੰਦਗੀ ਵਿਚਲੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਬੰਦੇ ਨੂੰ ਐਵੇਂ ਤੰਗ ਕਰਨ ਲੱਗ ਪੈਂਦੀ ਐਂ!

ਨਿਰਮਲ : ਇਹੋ-ਜੀ ਕਿਹੜੀ ਘਟਨਾ ਤੈਨੂੰ ਮੌਤ ਦੇ ਮੂੰਹ 'ਚ ਪਏ ਨੂੰ ਯਾਦ ਆ-ਗੀ...?

ਦਰਸ਼ਨ : ਪਤਾ ਨਹੀਂ ਕਿਉਂ, ਮੈਨੂੰ ਆਪਣੀ ਤਿੰਨ ਸਾਲਾਂ ਦੀ ਧੀ ਦਾ ਹੰਸੂ-ਹੰਸੂ ਕਰਦਾ ਸ਼ਰਾਰਤੀ ਚਿਹਰਾ ਯਾਦ ਆ ਗਿਆ!

ਨਿਰਮਲ : ਤੇਰੀ ਤਿੰਨ ਵਰ੍ਹਿਆਂ ਦੀ ਧੀ? ਬਹੁਤ ਗੱਲਾਂ ਮਾਰਦੀ ਐ ਉਹ?

ਬਾਬਾ ਲਾਲ ਸਿੰਘ : ਬਹੁਤ ਗੱਲਾਂ ਕਰਦੀ ਐ ਮੈਂਡਿਆ ਪੁੱਤਰਾ, ਬਹੁਤ! ਪਿਛਲੀ ਦਫ਼ਾ ਜਦ ਅਸੀਂ ਉਹਨੂੰ ਤੇ ਉਸਦੀ ਮਾਂ ਨੂੰ ਮਿਲੇ,ਮੇਰੇ ਪੋਤਰੇ ਦਰਸ਼ਨੇ ਨੂੰ ਕਹਿੰਦੀ, 'ਪਾਪਾ ਇਸ ਵਾਲ ਵੀ ਜੇ ਤੂੰ ਮੇਲੇ ਲਈ ਗੁੱਦੀ ਨਾ ਲੈ

ਕੇ ਆਇਆ, ਮੈਂ ਤੇਰੇ ਨਾਲ਼ ਕੱਦੇ ਵੀ ਨਾ ਬੋਲਾਂਗੀ।"

*ਬਾਬੇ ਦਾ ਗਲ਼ ਭਰ ਜਾਂਦਾ ਹੈ। ਦਰਸ਼ਨ ਦੇ ਨਾਲ਼ ਨਾਲ਼ ਨਿਰਮਲ 'ਤੇ ਵੀ ਅਸਰ ਹੋਇਆ ਦਿਖਾਈ ਦਿੰਦੀ ਹੈ।*

ਨਿਰਮਲ : *ਦਰਸ਼ਨ ਨੂੰ ਅਪਣਤੀ ਗੁੱਸੇ ਨਾਲ਼ ਤੂੰ* ਗੁੱਡੀ ਕਿਉਂ ਨਾ ਲੈ ਕੇ ਗਿਆ ?

*ਦਰਸ਼ਨ ਕੋਈ ਜਵਾਬ ਨਹੀਂ ਦਿੰਦਾ। ਬਾਬਾ ਹੀ ਬੋਲਦਾ ਹੈ।*

ਬਾਬਾ : ਲੈ ਕੇ ਕਿਥੋਂ ਜਾਂਦਾ ਮੈਂਡਿਆ ਪੁੱਤਰਾ! ਜਿਸ ਦਿਨ ਗੁੱਡੀ ਲੈ ਕੇ ਜਾਣੇ ਦਾ ਪਰੋਗਰਾਮ ਬਣਾਇਆ, ਉਸ ਦਿਨ ਗਿਰਫ਼ਤਾਰ ਕਰ ਲਏ ਸੂ ?

ਨਿਰਮਲ : ਹੁਣ ਉਹ ਗੁੱਡੀ ਕਿਥੇ ਐ ?

ਕੁੰਡਾ : *ਲਾਪਰਵਾਹੀ ਤੇ ਨਸ਼ੇ ਵਿਚ* ਹੋਣੀ ਕਿਥੇ ਸੀ, ਐੱਸ.ਐੱਸ.ਪੀ. ਕੋਲੇ ਐ! ਤਲਾਸ਼ੀ ਵੇਲੇ ਉਹਨੇ ਰੱਖ ਲਈ ਸੀ ਅਵਦੇ ਕੋਲ!

ਨਿਰਮਲ : *ਇਕ-ਦਮ ਭਾਵੁਕ ਹੋ ਜਾਂਦਾ ਹੈ। ਉਸਦਾ ਜੀਅ ਕਰਦਾ ਹੈ ਉਹ ਐੱਸ.ਐੱਸ.ਪੀ. ਨੂੰ ਦੱਬ ਕੇ ਉੱਚੀ ਦੇਣੇ ਗਾਲ਼ ਕੱਢੇ। ਪਰ ਜਲਦੀ ਹੀ ਉਹ ਗੁੱਸੇ ਨੂੰ ਕਾਬੂ ਕਰ ਲੈਂਦਾ ਹੈ। ਸਿਰਫ਼ ਕਰੀਚ ਕੇ ਗਾਲ਼ ਕੱਢਦਾ ਹੈ* ਮੈਂ... ਉਸਦੀ... ਭੈਣ!!!

ਦਰਸ਼ਨ : ਐਵੇਂ ਭਾਵੁਕ ਨਾ ਹੋ ਵੀਰ ਨਿਰਮਲ! ਜੇ ਗੁੱਡੀ ਤੇਰੇ ਹੱਥ ਲੱਗ ਜਾਵੇ, ਤਾਂ ਮੇਰੀ ਧੀ ਕੋਲ ਪੁਜਦੀ ਕਰ ਦੇਵੀਂ! ਮੈਂ ਮਰ ਕੇ ਵੀ ਤੇਰਾ ਅਹਿਸਾਨ ਨਹੀਂ ਭੁੱਲਾਂਗਾ!

*ਨਿਰਮਲ ਦਰਸ਼ਨ ਵੱਲ ਇੰਝ ਵੇਖਦਾ ਹੈ, ਜਿਵੇਂ ਦਰਸ਼ਨ ਉਸਨੂੰ ਗੱਲਾਂ ਦੇ ਜਾਲ਼ ਵਿਚ ਫਸਾਉਣਾ ਚਾਹੁੰਦਾ ਹੋਵੇ। ਉਹ ਥੋੜ੍ਹਾ ਚੇਤੰਨ ਹੋ ਜਾਂਦਾ ਹੈ। ਉਂਝ ਵੀ ਉਹ ਜਿਸ ਮਾਨਸਿਕ ਸਥਿਤੀ ਵਿਚ ਫਸ ਗਿਆ ਸੀ, ਉਸ ਵਿਚੋਂ ਉਹ ਕਿਸੇ ਬਹਾਨੇ ਨਿਕਲਣਾ ਚਾਹੁੰਦਾ ਹੈ। ਇਸ ਲਈ ਉਹ 'ਜਾਣ-ਬੁੱਝ' ਦਰਸ਼ਨ ਨੂੰ 'ਸ਼ੱਕ' ਦੀ ਨਜ਼ਰ ਨਾਲ਼ ਵੇਖਦਾ ਹੈ।*

ਨਿਰਮਲ : ਤੂੰ ਅਜਿਹੀਆਂ ਗੱਲਾਂ ਕਰ ਕੇ ਕਿਤੇ ਮੇਰੇ ਕੋਲੋਂ ਬਚਣਾ ਤਾਂ ਨਹੀਂ ਚਾਹੁੰਦਾ ?

ਦਰਸ਼ਨ : ਨਹੀਂ, ਅਜਿਹੀ ਕੋਈ ਗੱਲ ਨਹੀਂ! ਐਨਾ ਕੁ ਗਿਆਨ ਮੈਨੂੰ ਜ਼ਰੂਰ ਹੈ ਕਿ ਨਾ ਹੀ ਤੂੰ ਮੈਨੂੰ ਬਚਾ ਸਕਦਾ ਹੈਂ, ਤੇ ਨਾ ਹੀ ਮੈਂ ਤੇਰੇ ਕੋਲੋਂ ਬਚ ਸਕਦਾ ਹਾਂ!

ਨਿਰਮਲ : ਤੂੰ ਫੇਰ ਫਲਾਸਫੀ ਦੀਆਂ ਗੱਲਾਂ ਕਰਨ ਲੱਗ ਪਿਐਂ! ਪਰ ਮੈਂ ਤੈਨੂੰ ਛੱਡਾਂਗਾ ਨਹੀਂ! *ਪੈੱਗ ਭਰ ਕੇ ਪੀਂਦਾ ਹੈ* ਮੈਨੂੰ ਤੇਰੀ ਕੋਈ ਪਰਵਾਹ ਨਹੀਂ! *ਫਿਰ ਉਖੜਦਾ* ਮੈਨੂੰ ਤੇਰੀ ਤਿੰਨ ਸਾਲ ਦੀ ਧੀ ਦੀ ਵੀ ਕੋਈ ਪਰਵਾਹ ਨਹੀਂ! ਮੈਨੂੰ ਕਿਸੇ ਦੀ ਕੋਈ ਪਰਵਾਹ ਨਹੀਂ! ਮੈਨੂੰ ਸਿਰਫ ਅਵਦੀ, ਆਪਣੇ ਢਿੱਡ ਦੀ, ਆਪਣੇ ਬੁੱਢੇ ਪਿਉ ਦੀ, ਅੰਨ੍ਹੀ ਮਾਂ ਦੀ, ਆਪਣੀ ਘਰ ਵਾਲੀ ਦੀ, ਪਰਵਾਹ ਐ! ਜਾਂ ਫਿਰ ਆਪਣੇ 'ਦੇਸ਼ ਦੀ ਇੱਜ਼ਤ' ਦੀ ਪਰਵਾਹ ਐ!...

ਹੋ ਤਿਆਰ ਵੱਡਿਆ ਬਾਗੀਆ! ਗੋਲ਼ੀ ਆ ਰਹੀ ਹੈ! *ਬਾਹਰ ਹੁੰਦਾ ਬੰਦੂਕ ਠੀਕ ਕਰਦਾ ਲੈ ਬੋਲ ਇਨਕਲਾਬ! ਦਰਸ਼ਨ ਅੱਖਾਂ ਮੀਟ ਕੇ ਮਰਨ ਲਈ ਤਿਆਰ ਹੁੰਦਾ ਹੈ। ਬਾਕੀ ਸਿਪਾਹੀਆਂ ਨੂੰ ਉੱਚਾ ਗੈੱਟ* ਰੈਡੀ ਬਹਾਦਰ ਸਿਪਾਹੀਓ!!

ਬਾਬਾ : ਨਿਰਮਲ ਪੁੱਤਰ ਗੋਲ਼ੀ ਪਹਿਲਾਂ ਮੈਂਡਾ ਹੱਕ ਜੇ...

*ਨਿਰਮਲ ਫਾਇਰ ਕਰਦਾ ਹੈ। ਨਾਲ਼ ਦੀ ਨਾਲ਼ ਇਸ ਤਰ੍ਹਾਂ ਗੋਲ਼ੀਆਂ ਚਲਦੀਆਂ ਹਨ ਜਿਵੇਂ ਦੋ ਦੁਸ਼ਮਣ ਧਿਰਾਂ ਵਿਚਕਾਰ 'ਗੋਲ਼ੀ' ਚਲਦੀ ਹੋਵੇ। ਦਰਸ਼ਨ ਦੇ ਮੂੰਹੋਂ ਮੁਸ਼ਕਿਲ ਨਾਲ਼ 'ਇੰਕ਼ਲਾ...।' ਨਿਕਲਦਾ ਤੇ ਉਸ ਦੀ ਗਰਦਨ ਲੁੜਕ ਜਾਂਦੀ ਹੈ।*

ਬਾਬਾ ਲਾਲ ਸਿੰਘ : ਨਿਰਮਲ ਪੁੱਤਰ ਇਨਸਾਫ਼ ਕੋਈ ਨਾ ਕੀਤਾ ਸੂ! ਬਾਬੇ ਤੋਂ ਪਹਿਲਾਂ ਪੋਤਰਾ ਤੋਰ ਛੱਡਿਆ ਈ!

ਨਿਰਮਲ : ਕਾਹਲ਼ਾ ਨਾ ਪੈ ਬੁੱਢਿਆ ਬਦਮਾਸ਼ਾ! *ਫਾਇਰ ਕਰਦਾ* ਲੈ ਤੂੰ ਵੀ ਪਹੁੰਚ ਜਾ ਅਵਦੇ ਬਾਹਲੇ ਪਿਆਰੇ ਪੋਤੇ ਕੋਲ!

*ਫਾਇਰ ਬਾਬੇ ਦੇ ਸਿਰ ਵਿਚ ਵਜਦਾ ਹੈ ਤੇ ਉਹ ਪ੍ਰਾਣ ਤਿਆਗ ਦਿੰਦਾ ਹੈ। ਥੋੜ੍ਹਾ ਚਿਰ ਦੂਰੋਂ ਥੋੜ੍ਹੇ ਥੋੜ੍ਹੇ ਵਕਫੇ ਨਾਲ਼ ਗੋਲ਼ੀਆਂ ਚੱਲਣ ਦੀ 'ਠਾਹ-ਠਾਹ' ਸੁਣਾਈ ਦਿੰਦੀ ਰਹਿੰਦੀ ਹੈ। ਫੇਰ ਨਿਰਮਲ ਬਾਹਰੋਂ ਕਿੱਕਰਾਂ ਵੱਲ ਆਉਂਦਾ ਹੈ। ਉਹਦਾ ਚਿਹਰਾ ਬਡਰੂਪ, ਡਰਾਉਣਾ ਤੇ ਪਾਗ਼ਲਾਂ ਵਰਗਾ ਬਣਿਆ ਹੋਇਆ ਹੈ। ਕੁੰਢਾ ਸਿੰਘ ਉਸਨੂੰ ਵੇਖ ਕੇ ਥੋੜ੍ਹਾ ਸਹਿਮ ਜਾਂਦਾ ਹੈ। ਨਿਰਮਲ 'ਇਕ ਟੱਕ' ਮੋਏ ਦਰਸ਼ਨ ਵੱਲ ਵੇਖਦਾ ਹੈ। ਫੇਰ ਕੁੰਢੇ ਤੋਂ ਬੋਤਲ, ਜੋ ਲਗਭਗ ਖਾਲੀ ਹੈ, ਖੋਹਣ ਵਾਲਿਆਂ ਵਾਂਗ ਲੈਂਦਾ ਹੈ। ਹੌਲ਼ੀ-ਹੌਲ਼ੀ 'ਦਰਸ਼ਨ' ਵੱਲ ਜਾਂਦਾ ਹੈ।*

ਚਾਹ ਦੀ ਘੁੱਟ ਦਾ ਕਰਜ਼ਾ ਨੀ ਲਾਹੁਣਾ ਇਨਕਲਾਬੀਆ? *ਫੇਰ ਉਹਦੇ ਮੂੰਹ ਵਿਚ ਸ਼ਰਾਬ ਪਾਉਂਦਾ ਹੈ। ਸ਼ਰਾਬ ਮੂੰਹ ਵਿਚੋਂ ਬਾਹਰ ਨਿਕਲਦੀ ਹੈ* ਨਹੀਂ ਪੀਂਦਾ? *ਰੋਣ ਹਾਕਾਂ ਹੋ ਕੇ* ਪੀ- ਲੈ ਦੁਸ਼ਮਣਾਂ! ਕਿਉਂ ਬਦਲੇ ਲੈਨੈਂ?

*ਹੌਲ਼ੀ-ਹੌਲ਼ੀ ਸ਼ਕਤੀ-ਹੀਣ ਹੋ ਕੇ ਦਰਸ਼ਨ ਦੇ ਪੈਰਾਂ ਵਿਚ ਡਿੱਗਣਾ ਸ਼ੁਰੂ ਕਰ ਦਿੰਦਾ ਹੈ। ਪਰਦਾ ਡਿੱਗਣ ਦੇ ਨਾਲ਼ ਨਾਲ਼ ਬੜੀ ਉਦਾਸ ਸੁਰ ਵਿਚ ਪਿੱਛੋਂ ਸ਼ਬਦ ਦੀ ਆਵਾਜ਼ ਆਉਂਦੀ ਹੈ:*

ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ!
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ!

ਪਰਦਾ

Acc. No. 131748
Date 16/05/2011

ਔਲਖ ਦਾ ਇਹ ਨਾਟਕ ਪੰਜਾਬ ਵਿਚ ਹਰੀ ਕ੍ਰਾਂਤੀ ਦੇ ਆਏ ਵਕਤੀ ਹੁਲਾਰੇ ਤੋਂ ਬਾਅਦ ਛੋਟੀ ਕਿਸਾਨੀ ਦੇ ਆਰਥਿਕ/ਸਭਿਆਚਾਰਕ/ਸਮਾਜਕ ਪੱਧਰ ਉੱਪਰ ਹੋ ਰਹੇ ਵਿਗਠਨ ਅਤੇ ਰੂਪਾਂਤਰਣ ਦੀ ਇਹ ਇਤਿਹਾਸਕ ਦਸਤਾਵੇਜ਼ ਹੈ। ਜਮਾਤੀ ਲੁੱਟ, ਅਨਪੜ੍ਹਤਾ, ਲੋਕ ਵਿਰੋਧੀ ਸਭਿਆਚਾਰਕ ਮੁੱਲ ਅਤੇ ਰਸਮਾਂ, ਘਟੀਆ ਵਿੱਦਿਅਕ ਪ੍ਰਬੰਧ, ਨਸ਼ੇ ਅਤੇ ਕੁਦਰਤੀ ਕਰੋਪੀਆਂ ਦੇ ਰੂਪ ਵਿਚ ਛੋਟੀ ਕਿਸਾਨੀ ਦਾ ਘਾਣ ਕਰ ਰਹੀਆਂ ਸ਼ਕਤੀਆਂ ਨੂੰ ਇਕ ਲਘੂ ਨਾਟਕ ਵਿਚ ਇੰਨੇ ਪ੍ਰਤਿਨਿਧ, ਸੰਘਣੇ ਅਤੇ ਸੰਜਮੀ ਰੂਪ ਵਿਚ ਨਾਟਕ ਦਾ ਕਥਾਨਕ ਬਣਾ ਲੈਣਾ ਔਲਖ ਦੀ ਨਾਟਕ-ਕਲਾ ਦੀ ਇਕ ਇਤਿਹਾਸਕ ਪ੍ਰਾਪਤੀ ਹੈ। ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਔਲਖ ਸਾਹਿਬ ਨੇ ਪ੍ਰਗਤੀਵਾਦ ਦੇ ਸਤਹੀ ਮੋਹ ਨੂੰ ਤਿਆਗਦਿਆਂ ਜੀਵਨ ਅਤੇ ਠੋਸ ਸਮਾਜਕ ਅਨੁਭਵ ਨੂੰ ਆਪਣੀ ਨਾਟ-ਕਲਾ ਰਾਹੀਂ ਸਿਧਾਂਤ ਉਪਰ ਵਿਹਾਰ ਦੀ ਜਿੱਤ ਨੂੰ ਮੂਰਤੀਮਾਨ ਕੀਤਾ ਹੈ।

ਔਲਖ ਦਾ ਇਹ ਨਾਟਕ ਲੋਕ-ਚਿੰਤਨ ਜਾਂ ਲੋਕਾਂ (ਕਿਰਤੀ+ਕਿਸਾਨ) ਦੇ ਜੀਵਨ ਵਿਚ ਦਿਨ-ਬ-ਦਿਨ ਪਸਰ ਰਹੀਂ ਵਿਆਪਕ ਚਿੰਤਾ ਦਾ ਪ੍ਰਦਰਸ਼ਨ ਕਰਕੇ ਉਹਨਾਂ ਨੂੰ ਵੀ ਚਿੰਤਨ ਲਈ ਧੁਨੀ ਰੂਪ ਵਿਚ ਪ੍ਰੇਰਣਾ ਪ੍ਰਦਾਨ ਕਰਦਾ ਹੈ। ਸਾਡੇ ਵਿਚਾਰ ਵਿਚ ਇਹ ਨਾਟਕ ਚਿੰਤਾ ਤੋਂ ਚਿੰਤਨ ਤੱਕ ਦੇ ਸਫ਼ਰ ਨੂੰ ਲੋਕ-ਪੱਖੀ ਦ੍ਰਿਸ਼ਟੀ ਤੋਂ ਪ੍ਰਸਤੁੱਤ ਕਰਨ ਦਾ ਇਕ ਸਫ਼ਲ ਸਾਹਿਤਕ ਉਪਰਾਲਾ ਹੈ।

ਸੁਰਜੀਤ ਸਿੰਘ ਭੱਟੀ

Library IIAS, Shimla
Pb 891.422 Au 51 B
00131748

ISBN 817883576-2
9788178835761

Begane Bohar Di Sha'n
Rs. 75/-

Chetna Parkashan
Punjabi Bhawan, Ludhiana-141001
Ph. +91-161-2413613, 2404928
B.O. :Qila Road, Opp. Bus Stand,
Kotkapura. Ph. +91-1635-222651
web : www.chetnaparkashan.com